

# ਚਮੇਲੀ ਦੇ ਫੁੱਲ

ਜਸਵੰਤ ਸਿੰਘ ਜ਼ਫ਼ਰ

Original with;
Jaswant Singh Zafar
Digitized by;
Panjab Digital Library

*ਇਸੇ ਕਲਮ ਤੋਂ:*

ਦੇ ਸਾਹਾਂ ਵਿਚਕਾਰ
(ਕਾਵਿ-ਸੰਗ੍ਰਹਿ) 1993

ਅਸੀਂ ਨਾਨਕ ਦੇ ਕੀ ਲੱਗਦੇ ਹਾਂ
(ਕਾਵਿ-ਸੰਗ੍ਰਹਿ) 2001

ਸਿਖੁ ਸੁ ਖੋਜਿ ਲਹੈ
(ਵਾਰਤਕ) 2007

ਇਹ ਬੰਦਾ ਕੀ ਹੁੰਦਾ
(ਕਾਵਿ-ਸੰਗ੍ਰਹਿ) 2010

ਮੈਨੂੰ ਇਉਂ ਲੱਗਿਆ
(ਵਾਰਤਕ) 2015

ਭਗਤੁ ਸਤਿਗੁਰੂ ਹਮਾਰਾ
(ਵਾਰਤਕ) 2016

ਲਫ਼ਜ਼ਾਂ ਦਾ ਪਰਲਾ ਪੱਤਣ/
The Other Shore of Words
(ਕਵਿਤਾ) 2016

ਪਿਆਰੇ ਆਓ ਘਰੇ
(ਕਾਵਿ-ਸੰਗ੍ਰਹਿ) 2019

ਬੁੱਢਾ ਦਰਿਆ
(ਨਾਟਕ) 2019

ਨਾਨਕ ਏਵੈ ਜਾਣੀਐ
(ਵਾਰਤਕ) 2021

Original with;
Jaswant Singh
Digitized by;
Panjab Digital Library



*Original with:*
Jaswant Singh Zafar
*Digitized by:*
Panjab Digital Library

# ਚਮੇਲੀ ਦੇ ਫੁੱਲ

ਜਸਵੰਤ ਸਿੰਘ ਜ਼ਫ਼ਰ



Original with:
Jaswant Singh Zafar
Digitized by:
Panjab Digital Library

**Chameli De Ful**

Brief Thoughts, Essays and Photos by

**Jaswant Singh Zafar©**

# 28, Basant Vihar, Jawaddi, Ludhiana- 141013
E mail: jaszafar@yahoo.com
M: +91 80540-04977

ISBN: 978-81-19901-78-4

2023

₹350 $25

*Design & Layout*
Preetinder Singh Bajwa at
plough arts

*Printed at*
Printwell, Amritsar

*Published by a Group of*

Chetna Parkashan
Punjabi Bhawan, Ludhiana, Punjab, India
Ph. 0161 2413613, 2404928, (M) 98 152 98459, 98762 07774
Website: www.chetnaparkashan.com • e-mail: chetnaparkashan@gmail.com
Sub Off: Qila Road, Opp. Bus Stand, Kot Kapura, Punjab, India Ph: 95011 45039

Gulati Publishers Ltd.
#111, 8312-128 Street, Surrey, BC V3W4G2 Canada +1 604 750 0189

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of the copyright owner. The copy right of photographs and text rests solely with the copy right holding writer/photographer.

Original with:
Jaswant Singh Zafar
Digitized by:
Panjab Digital Library

ਆਪਣੇ ਛੋਟਿਆਂ
ਭੈਣ ਜਸਵਿੰਦਰ ਕੌਰ
ਤੇ ਭਰਾ ਮਨਜੀਤ ਸਿੰਘ
ਲਈ



*Original with;*
Jaswant Singh Zafar
*Digitized by;*
Panjab Digital Library

# ਤਤਕਰਾ


ਚਮੇਲੀ ਦੇ ਫੁੱਲ . . . . . . . . . . . . . . . . . . . . 10
ਕਲਾ ਦੀ ਜੈ . . . . . . . . . . . . . . . . . . . . . . 115
ਆਪਣਾ ਮੂਲ ਪਛਾਣ . . . . . . . . . . . . . . . . . 117
ਰੋਟੀ ਅਤੇ ਪਿਆਰ . . . . . . . . . . . . . . . . . . 118
ਸਭ ਕੋ ਆਈ ਵਾਰੀ . . . . . . . . . . . . . . . . . . 119
ਵਿਚਾਰ, ਮਨ ਤੇ ਸਰੀਰ . . . . . . . . . . . . . . . 120
ਮੌਤ ਕੀ ਹੈ . . . . . . . . . . . . . . . . . . . . . . . 123
ਦੋ ਬਟਾ ਤਿੰਨ ਕੱਪ ਚਾਹ . . . . . . . . . . . . . 124
ਧਾਰਮਿਕਤਾ . . . . . . . . . . . . . . . . . . . . . 125
ਨੀਅਤ ਨੂੰ ਮੁਰਾਦ . . . . . . . . . . . . . . . . . . . 126
ਗੈਰ ਹਾਜ਼ਰਾਂ ਨੂੰ ਹਾਜ਼ਰ ਅਤੇ ਹਾਜ਼ਰਾਂ ਨੂੰ ਗੈਰ ਹਾਜ਼ਰ ਕਰੀਏ 127
ਸੌਖੀ ਖੇਲ ਪਰ ਬਹੁਤੇ ਫੇਲ . . . . . . . . . . . . 128
ਜੀਓ ਮੋਹਨ ਪਿਆਰੇ . . . . . . . . . . . . . . . . 130
ਮੈਨੂੰ ਇਓਂ ਲਗਦਾ . . . . . . . . . . . . . . . . . . 133
ਮਨ ਇਕ ਐਂਪਲੀਫਾਇਰ . . . . . . . . . . . . . . 134
ਸੱਚ-ਝੂਠ . . . . . . . . . . . . . . . . . . . . . . . 136
ਲਫ਼ਜ਼ਾਂ ਦਾ ਜਾਦੂ . . . . . . . . . . . . . . . . . . . 137
ਸ਼ਬਦ ਅਤੇ ਜੀਵਨ ਸਿਰਜਨਾ . . . . . . . . . . . . 138
ਦੀਰਘ ਰੋਗ ਦਾ ਇਲਾਜ . . . . . . . . . . . . . . 140
ਡਿੱਗੀ ਖੋਤੀ 'ਤੋਂ, ...... . . . . . . . . . . . . . . 142
ਸੰਕਟ ਕਰੇ ਅਸਲ ਨੂੰ ਪ੍ਰਗਟ . . . . . . . . . . . 145
ਸਕੂਟਰ ਦੀ ਚਾਬੀ . . . . . . . . . . . . . . . . . . 147
ਬੇਵਕੂਫੀ ਦੀ ਕੋਈ ਹੱਦ ਹੋਣੀ ਚਾਹੀਦੀ . . . . . 148
ਲਾਲਸਾ ਰੋਗ . . . . . . . . . . . . . . . . . . . . . 149
ਮਨੁੱਖੀ ਅਬਾਦੀ . . . . . . . . . . . . . . . . . . . 150
ਪੰਜਾਬੀ ਕਵਿਤਾ ਅਤੇ ਪ੍ਰਧਾਨ ਮੰਤਰੀ . . . . . . . 151
ਆਸਤਿਕਤਾ - ਨਾਸਤਿਕਤਾ . . . . . . . . . . . . 152
ਇਫ਼ਗਾਲੀ ਸਮਾਨਤਾਵਾਂ . . . . . . . . . . . . . . . 153
ਸ਼ਬਦਾਂ ਨੂੰ ਸੰਖੇਪਦੇ ਹੋਏ . . . . . . . . . . . . . . 154



Original with;
Jaswant Singh Zafar
Digitized by;
Panjab Digital Library

ਉੱਨੀ ਇੱਕੀ ਦਾ ਫਰਕ . . . . . . . . . . . . . . . . 156
ਏਨੀ ਮਾਰ ਮਰਾਈ ਕਿਉਂ . . . . . . . . . . . . . . 158
ਆਪਾਂ ਕੀ ਹੁੰਨੇਂ ਆਂ . . . . . . . . . . . . . . . . . 161
ਸਾਡੀ ਰੀਸ ਕੌਣ ਕਰ ਲਊ . . . . . . . . . . . . . 162
ਆਜ਼ਾਦੀ ਜ਼ਿੰਦਾਬਾਦ . . . . . . . . . . . . . . . . 163
ਇਕਿ ਤਤੇ ਇਕਿ ਬੋਲਨਿ ਮਿਠੇ . . . . . . . . . . 164
ਤਖਤਿ ਬਹੈ ਤਖਤੈ ਕੀ ਲਾਇਕ . . . . . . . . . . 167
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ . . . . . . . . . . 169
ਸ਼ਬਦ ਅਤੇ ਫਿਰਕਾਪ੍ਰਸਤੀ . . . . . . . . . . . . 171
ਆਪਣੇ ਆਲੀ ਗੱਲ ਨੀਂ ਬਣੀ . . . . . . . . . . . 172
ਬਾਬਾ ਗੁਰਦਿੱਤਾ ਜੀ . . . . . . . . . . . . . . . 174
ਮਾਤਾ ਗੁਜਰੀ ਕਿ ਗੁੱਜਰ ਕੌਰ . . . . . . . . . . 175
ਜਿਨ੍ਹਾਂ ਨੂੰ ਪੰਥ ਬਚਾ ਨਾ ਸਕਿਆ . . . . . . . . . 176
ਕਲਾ ਅਤੇ ਸਿੱਖ ਲੀਡਰਸ਼ਿਪ . . . . . . . . . . 178
ਓਮਰ ਮੁਖ਼ਤਾਰ . . . . . . . . . . . . . . . . . 180
ਵਾਲਟ ਵਿਟਮੈਨ ਦੇ ਅੰਤਮ ਅਸਥਾਨ 'ਤੇ . . . . . . . 182
ਨੌਕਰ ਕਿ ਆਗੂ . . . . . . . . . . . . . . . . . 183
ਹਿੰਦ-ਪਾਕਿ . . . . . . . . . . . . . . . . . . 184
ਸ਼ਰਾਬ ਸੇਵਾ . . . . . . . . . . . . . . . . . . 185
ਕਸ਼ਮੀਰੀ ਕਥਾ . . . . . . . . . . . . . . . . . 186
ਸ਼ਬਦਾਂ 'ਤੇ ਕਬਜ਼ਾ . . . . . . . . . . . . . . . 187
ਗਰੀਬ ਦੇਸ਼ ਦੀਆਂ ਅਮੀਰ ਪਾਰਟੀਆਂ . . . . . . . 188
ਸਮੱਸਿਆਵਾਂ ਦਾ ਦੇਸ਼ . . . . . . . . . . . . . . 189
ਟਾਊਨ ਪਲਾਨਰ ਬਨਾਮ ਕਾਊਂਸਲਰ . . . . . . . . 191
ਖਜ਼ਾਨੇ ਦੀ ਦਸ਼ਾ, ਪੈਸੇ ਦੀ ਦਿਸ਼ਾ . . . . . . . . 192
ਇੱਕੋ ਬੋਰੀ ਦੀ ਬਜਰੀ . . . . . . . . . . . . . 194
ਫ਼ੇਸ ਬੁੱਕ . . . . . . . . . . . . . . . . . . . 195
ਬੋਲਿ ਬੋਲਿ ਗਵਾਈਐ ॥ . . . . . . . . . . . . . 196

Original with;
Jaswant Singh Zafar
Digitized by;
Panjab Digital Library

- ਗੁਰੂ ਨਾਨਕ ਦੀ ਇਕ ਪ੍ਰਸਿੱਧ ਜੀਵਨ ਸਾਖੀ ਵਿਚ ਚਮੇਲੀ ਦੇ ਫੁੱਲ ਦਾ ਜ਼ਿਕਰ ਆਉਂਦਾ ਹੈ। ਫੁੱਲ ਦਾ ਇਹ ਨਾਂ ਮੈਨੂੰ ਚੰਗਾ ਲੱਗਦਾ ਹੈ। ਅੰਗਰੇਜ਼ੀ ਵਿਚ ਇਸ ਨੂੰ ਜੈਸਮੀਨ ਕਹਿੰਦੇ ਹਨ, ਜਿਸਦੇ ਨਾਂ 'ਤੇ ਬਹੁਤ ਸਾਰੇ ਪੰਜਾਬੀਆਂ ਨੇ ਆਪਣੇ ਬੱਚਿਆਂ ਦੇ ਨਾਂ ਰੱਖੇ ਹਨ।
- ਇਹ ਪਿਛਲੇ ਬਾਰਾਂ ਕੁ ਸਾਲਾਂ ਵਿਚ ਲਿਖੀਆਂ ਜਾਂ ਨੋਟ ਕੀਤੀਆਂ ਗੱਲਾਂ ਹਨ।
- ਜਿਥੇ ਕਿਤੇ ਵੀ ਤੁਹਾਨੂੰ ਕੋਈ ਉਪਦੇਸ਼ ਵਰਗੀਆਂ ਗੱਲਾਂ ਨਜ਼ਰ ਅਉਣ ਤਾਂ ਸਮਝਣਾ ਕਿ ਉਹ ਮੈਂ ਕਦੀ ਕਿਸੇ ਨੂੰ ਸਿੱਖਿਆ ਦੇਣ ਲਈ ਨਹੀਂ ਸਨ ਲਿਖੀਆਂ। ਅਸਲ ਵਿਚ ਉਹ ਕਦੀ ਨਾ ਕਦੀ ਆਪਣੀ ਕਿਸੇ ਉਦਾਸੀ, ਪ੍ਰੇਸ਼ਾਨੀ ਜਾਂ ਗੁੰਝਲ ਨੂੰ ਨਜਿੱਠਣ ਲਈ ਜਾਂ ਆਪਣੇ ਆਪ ਨੂੰ ਠੀਕ ਕਰਨ ਲਈ ਸਮਝੀਆਂ ਸਨ। ਇਹਨਾਂ ਵਿਚੋਂ ਕੁਝ ਨਾ ਕੁਝ ਜ਼ਰੂਰ ਪੜ੍ਹਨਹਾਰਿਆਂ ਦੇ ਕੰਮ ਦੀਆਂ ਹੋਣਗੀਆਂ।
- ਇਹਨਾਂ ਵਿਚੋਂ ਬਹੁਤ ਸਾਰੀਆਂ ਗੱਲਾਂ ਦੀਆਂ ਕਵਿਤਾਵਾਂ ਬਣ ਸਕਦੀਆਂ ਹਨ/ ਸਨ।
- ਕਈ ਗੱਲਾਂ ਪੜ੍ਹਨ ਨੂੰ ਸੋਹਣੀਆਂ, ਮੰਨਣ ਨੂੰ ਔਖੀਆਂ ਤੇ ਅਪਨਾਉਣ ਨੂੰ ਅਸੰਭਵ ਲੱਗਣਗੀਆਂ।
- ਅਨੇਕਾਂ ਗੱਲਾਂ ਨਾਲ ਪਾਠਕਾਂ ਦੀ ਅਸਹਿਮਤੀ ਵੀ ਹੋ ਸਕਦੀ। ਜੇ ਕੋਈ ਗੱਲ ਠੀਕ ਨਾ ਵੀ ਲੱਗੇ ਤਾਂ ਖਿਝਣਾ ਜਾਂ ਨਾਰਾਜ਼ ਨਾ ਹੋਣਾ। ਬੰਦੇ ਨੂੰ ਜਿੰਨੀ ਕੁ ਅਕਲ ਹੁੰਦੀ ਓਸ ਨੇ ਓਨੀ ਕੁ ਹੀ ਵਰਤਣੀ ਹੁੰਦੀ।
- ਦੇਸ਼ ਦੁਨੀਆਂ ਘੁੰਮਦਿਆਂ ਮੈਨੂੰ ਵੇਲਾਂ ਬੂਟਿਆਂ ਰੁੱਖਾਂ ਬਿਰਖਾਂ ਦੇ ਸੰਗ ਸਾਥ 'ਚ ਰਹਿਣਾ ਚੰਗਾ ਲੱਗਦਾ ਹੈ। ਕੋਸ਼ਿਸ਼ ਕੀਤੀ ਹੈ ਕਿ ਇਸ ਕਿਤਾਬ 'ਚੋਂ ਲੰਘਦਿਆਂ ਤੁਹਾਨੂੰ ਵੀ ਉਹਨਾਂ ਦੇ ਸਾਥ ਦਾ ਅਹਿਸਾਸ ਰਹੇ।
- ਪੁਸਤਕ ਨੂੰ ਏਨੀ ਰੀਝ ਅਤੇ ਦਿਲਚਸਪੀ ਨਾਲ ਡਿਜ਼ਾਈਨ ਕਰਨ ਲਈ ਸ. ਪ੍ਰੀਤਇੰਦਰ ਸਿੰਘ ਬਾਜਵਾ ਜੀ ਦਾ ਧੰਨਵਾਦੀ ਹਾਂ।

ਬਹੁਤ ਪਿਆਰ

ਜਸਵੰਤ ਸਿੰਘ ਜ਼ਫ਼ਰ
ਅਗਸਤ 2023, ਲੁਧਿਆਣਾ

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by:*
Panjab Digital Library



# ਚਮੇਲੀ ਦੇ ਫੁੱਲ

## ਪਿਆਰੇ

ਪਿਆਰੇ ਬੰਦਿਆਂ ਦਾ ਮਿਲਣਾ ਹੀ ਜ਼ਿੰਦਗੀ ਦੀ ਸਭ ਤੋਂ ਜ਼ਰੂਰੀ, ਸੋਹਣੀ, ਸੁਖਦ, ਯਾਦਗਾਰੀ, ਅਹਿਮ ਅਤੇ ਪਿਆਰੀ ਗੱਲ ਹੁੰਦੀ ਹੈ।

## ਧਿਆਨ

ਧਿਆਨ ਨਾਲ ਬੋਲਣ ਵਾਲੇ ਨੂੰ ਹੀ ਪਤਾ ਲੱਗ ਸਕਦਾ ਕਿ ਸੁਣਨ ਵਾਲੇ ਉਸ ਨੂੰ ਧਿਆਨ ਨਾਲ ਸੁਣ ਰਹੇ ਕਿ ਨਹੀਂ।

*Original with;*
Jaswant Singh Zafar
*Digitized by;*
Panjab Digital Library



## ਮਨੁੱਖਾਂ

ਮਨੁੱਖਾਂ ਕੋਲ ਇਕ ਦੂਸਰੇ ਤੋਂ ਲੈਣ ਜਾਂ ਦੇਣ ਵਾਲੀ ਸਭ ਤੋਂ ਕੀਮਤੀ ਅਤੇ ਮਹੱਤਵਪੂਰਨ ਚੀਜ਼ ਨੇੜਤਾ ਹੁੰਦੀ ਹੈ।

## ਜਿਸ

ਜਿਸ ਚੀਜ਼ ਦੀ ਸਾਨੂੰ ਖ਼ੁਦ ਨੂੰ ਵਧੇਰੇ ਜ਼ਰੂਰਤ ਹੋਵੇ ਉਹ ਦੂਸਰੇ ਨੂੰ ਦੇਣਾ ਹੀ ਪਿਆਰ ਹੈ। ਮਿਸਾਲ ਦੇ ਤੌਰ 'ਤੇ ਸਾਨੂੰ ਖ਼ੁਸ਼ੀ ਚਾਹੀਦੀ ਹੈ, ਇਸ ਲਈ ਦੂਜਿਆਂ ਨੂੰ ਖ਼ੁਸ਼ੀ ਦੇਣਾ ਜਾਂ ਖ਼ੁਸ਼ ਕਰਨਾ ਪਿਆਰ-ਕਰਮ ਹੈ।

*Original with;*
Jaswant Singh Zafar
*Digitized by;*
Panjab Digital Library



# ਜੋ

ਜੋ ਵਿਚਾਰ ਅਸੀਂ ਵਾਰ ਵਾਰ ਬੋਲਦੇ ਜਾਂ ਸਾਂਝਾ ਕਰਦੇ ਹਾਂ ਉਸ ਨੂੰ ਅਪਨਾਉਣ ਜਾਂ ਅਮਲ ਵਿਚ ਲਿਆਉਣ ਦੀ ਸਭ ਤੋਂ ਵਧੇਰੇ ਲੋੜ ਸਾਨੂੰ ਖ਼ੁਦ ਨੂੰ ਹੀ ਹੁੰਦੀ ਹੈ।

# ਜਿਥੇ

ਜਿਥੇ ਪਿਆਰ ਹੁੰਦਾ ਹੈ ਉਥੇ ਵਿਚਾਰਾਂ, ਵਿਸ਼ਵਾਸਾਂ, ਆਦਤਾਂ, ਰਵੱਈਏ, ਸੁਭਾਅ ਆਦਿ ਦਾ ਵਖਰੇਵਾਂ ਨਹੀਂ ਰੜਕਦਾ, ਸਭ ਕਬੂਲ ਹੁੰਦਾ। ਤੇ ਜਿਥੇ ਪਿਆਰ ਨਾ ਹੋਵੇ ਉਥੇ ਅਗਲੇ ਦੇ ਗੁਣ ਵੀ ਔਗੁਣ ਲੱਗਦੇ।

*Original with;*
Jaswant Singh Zafar
*Digitized by;*
Panjab Digital Library

## ਜਿਸ

ਜਿਸ ਨਾਲ ਪਿਆਰ ਹੋਵੇ ਉਸ ਦੇ ਔਗੁਣ ਨਹੀਂ ਚਿਤਾਰਦੇ। ਜਿਸ ਨਾਲ ਨਫ਼ਰਤ ਹੋਵੇ ਉਸਦੇ ਗੁਣ ਨਜ਼ਰ ਨਹੀਂ ਆਉਂਦੇ।

## ਅਸੀਂ

ਅਸੀਂ ਆਪਣੇ ਕਰੀਬੀਆਂ ਤੋਂ ਵਧੇਰੇ ਅਕਲ ਅਤੇ ਸੰਵੇਦਨਾ ਦੀ ਆਸ ਕਰਕੇ ਆਪਣਾ ਬਹੁਤ ਕੰਮ ਖ਼ਰਾਬ ਕਰਦੇ ਰਹਿੰਦੇ ਹਾਂ।

## ਲਿਹਾਜ਼

ਲਿਹਾਜ਼ ਤੇ ਤਰਸ ਕਰਨ ਦੇ ਵੱਟੇ ਜੇਕਰ ਮੁਹੱਬਤ ਦੀ ਝਾਕ ਰੱਖੋਗੇ ਤਾਂ ਆਪਣੇ ਆਪ ਨੂੰ ਖੱਜਲ ਹੀ ਕਰੋਗੇ।

## ਕਈ

ਕਈ ਸਿਆਣੇ ਬੰਦਿਆਂ ਦੀ ਇਹ ਵੱਡੀ ਮੂਰਖਤਾ ਹੁੰਦੀ ਕਿ ਉਹ ਦੂਸਰਿਆਂ ਤੋਂ ਆਪਣੀ ਵਰਗੀ ਤੇ ਆਪਣੇ ਜਿੰਨੀ ਸਿਆਣਪ ਦੀ ਤਵੱਕੋਂ ਕਰਦੇ ਰਹਿੰਦੇ ਹਨ।

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

## ਜਦ

ਜਦ ਅਸੀਂ ਕਿਸੇ ਆਪਣੇ (ਬੰਦੇ) ਦੀ ਆਪਣੇ ਵਰਗੀ ਜਾਂ ਆਪਣੇ ਮੁਤਾਬਕ ਘਾੜਤ ਬਣਾਉਣ ਲੱਗ ਜਾਂਦੇ ਹਾਂ ਤਾਂ ਇਸ ਪ੍ਰਕਿਰਿਆ ਦੌਰਾਨ ਆਪਣੇ ਆਪ ਨੂੰ ਹੀ ਵਿੰਗਾ ਬੋਲਾ ਕਰ ਲੈਂਦੇ ਹਾਂ। ਜੈਸੇ ਹਨ ਵੈਸੇ ਹੀ ਸਵੀਕਾਰ ਕਰਨ ਵਿੱਚ ਭਲਾਈ ਹੈ।

## ਸਾਡੇ

ਸਾਡੇ ਵਿਰੋਧੀ ਓਨੇ ਬੁਰੇ ਬੰਦੇ ਨਹੀਂ ਹੁੰਦੇ ਜਿੰਨੇ ਸਾਨੂੰ ਉਹ ਵਿਰੋਧ ਪ੍ਰਕਿਰਿਆ (ਟਕਰਾਓ) ਦੇ ਦੌਰਾਨ ਲੱਗਣ ਲੱਗ ਜਾਂਦੇ ਹਨ।

## ਰਿਸ਼ਤਿਆਂ

ਰਿਸ਼ਤਿਆਂ ਵਿਚ ਲੜਾਈ ਦਾ ਵੀ ਓਨਾ ਹੀ ਮਹੱਤਵ ਹੈ ਜਿੰਨਾਂ ਪਿਆਰ ਦਾ। ਸਾਡੀਆਂ ਸਭ ਤੋਂ ਤਿੱਖੀਆਂ ਲੜਾਈਆਂ ਵੀ ਉਹਨਾਂ ਨਾਲ ਹੀ ਹੋਈਆਂ ਹੁੰਦੀਆਂ ਜਿਹਨਾਂ ਨਾਲ ਸਭ ਤੋਂ ਵੱਧ ਨੇੜਤਾ ਦਾ ਰਿਸ਼ਤਾ ਹੁੰਦਾ। ਕਈ ਬਹੁਤ ਜ਼ਰੂਰੀ ਗੱਲਾਂ ਲੜ ਕੇ ਹੀ ਕਹੀਆਂ ਜਾਣ ਵਾਲੀਆਂ ਹੁੰਦੀਆਂ। ਮਿਹਣਿਆਂ ਦੇ ਰੂਪ ਵਿਚ ਵਿਅਕਤ ਕੀਤੇ ਗਿਲੇ ਸ਼ਿਕਵਿਆਂ ਨਾਲ ਇਕ ਦੂਜੇ ਨੂੰ ਸਮਝਣ ਵਿਚ ਸਹਾਇਤਾ ਮਿਲਦੀ ਹੈ। ਇਹ ਪ੍ਰੈਸ਼ਰ ਕੂਕਰ ਦੇ ਸੇਫਟੀ ਵਾਲਵ ਵਰਗਾ ਕੰਮ ਕਰਦੇ ਹਨ।

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

## ਬੰਦੇ

ਬੰਦੇ ਦੇ ਮਰਨ ਲਈ ਹਮੇਸ਼ਾ ਲਾਜ਼ਮ ਨਹੀਂ ਖੁਦਕੁਸ਼ੀ, ਕਤਲ ਜਾਂ ਕੋਈ ਹਾਦਸਾ। ਇਸ ਵਾਸਤੇ ਕਈ ਵਾਰ ਅੰਦਰ ਚੱਲਦਾ ਖਿਆਲ ਕਾਫ਼ੀ ਹੁੰਦਾ।

## ਬੰਦੇ

ਬੰਦੇ ਦਾ ਅਸਲੀ ਕਿਰਦਾਰ ਜਾਂ ਚਰਿੱਤਰ ਤਾਂ ਕਿਸੇ ਮੁਸ਼ਕਲ ਹਾਲਤ, ਚੁਣੌਤੀ ਜਾਂ ਪ੍ਰੇਸ਼ਾਨੀ ਵੇਲੇ ਹੀ ਪ੍ਰਗਟ ਹੁੰਦਾ ਹੈ। ਆਮ ਹਾਲਤਾਂ ਵਿਚ ਤਾਂ ਹਰੇਕ ਹੀ ਸਿੱਖਿਆਦਾਇਕ ਗੱਲਾਂ ਕਰਕੇ ਜਾਂ ਅੱਗੋਂ ਦੀ ਅੱਗੇ ਸਾਂਝੀਆਂ ਕਰ ਕੇ ਸੌਖਿਆਂ ਹੀ ਸਿੱਖਿਆ ਮੰਤਰੀ ਬਣਿਆਂ ਰਹਿੰਦਾ।

## ਦੁੱਖ

ਦੁੱਖ ਦੀ ਸਾਂਝ ਤੋਂ ਵੱਡੀ ਕੋਈ ਸਾਂਝ ਨਹੀਂ। ਬੰਦਿਆਂ ਨੂੰ ਨੇੜੇ ਲਿਆਉਣ ਵਿਚ ਜਿੰਨਾ ਸਾਂਝਾ ਦੁੱਖ ਕਾਰਗਰ ਹੁੰਦਾ ਹੋਰ ਕੋਈ ਸ਼ੈਅ ਨਹੀਂ ਹੁੰਦੀ।

## ਜੋ

ਜੋ ਤੁਹਾਡੀ ਮੁਸਕ੍ਰਾਉਣ ਵਾਲੀ ਗੱਲ ਤੇ ਬਹੁਤ ਉੱਚੀ ਉੱਚੀ ਹੱਸ ਕੇ ਦਿਖਾਵੇ ਉਸ ਦੀ ਨੇੜਤਾ ਤੁਹਾਨੂੰ ਜ਼ਰੂਰ ਨਿਰਾਸ਼ ਕਰੇਗੀ।

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

# ਮਨ

ਮਨ ਸਮਝਾਏ 'ਤੇ ਕਦੀ ਪੂਰਾ ਨਹੀਂ ਮੰਨਦਾ, ਮਨ ਮਾਰਿਆਂ ਵੀ ਪੂਰਾ ਨਹੀਂ ਉਪਰੋਂ ਉਪਰੋਂ ਹੀ ਮਰਦਾ ਹੈ। ਗੱਲ ਤਾਂ ਮਨ ਦੇ ਤਕੜਾ, ਚੰਗਾ ਅਤੇ ਸਿਹਤਮੰਦ ਹੋਣ ਨਾਲ ਹੀ ਬਣਦੀ ਹੈ। ਅਸਲ ਇਲਾਜ ਤਾਂ ਮਨ ਦੀ ਟ੍ਰਾਂਸਫਰਮੇਸ਼ਨ ਹੈ।

# ਆਮ

ਆਮ ਤੌਰ ਤੇ ਸਾਨੂੰ ਲੱਗਦਾ ਹੁੰਦਾ ਕਿ ਜੋ ਲੋਕ ਸਾਡੀ ਕਦਰ, ਲਿਹਾਜ਼ ਤੇ ਇੱਜ਼ਤ ਵਗੈਰਾ ਨਹੀਂ ਕਰਦੇ ਉਹ ਸਾਨੂੰ ਬਹੁਤਾ ਜਾਣਦੇ ਨਹੀਂ। ਅਸਲ ਵਿੱਚ ਜੋ ਸਾਨੂੰ ਬਹੁਤ ਪਿਆਰ, ਮੁਹੱਬਤ ਤੇ ਆਦਰ ਕਰਦੇ ਉਹ ਵੀ ਸਾਨੂੰ ਬਹੁਤ ਥੋੜ੍ਹਾ ਜਾਣਦੇ ਹੁੰਦੇ। ਆਪਣੇ ਅੰਦਰ ਝਾਤੀ ਮਾਰ ਕੇ ਦੇਖ ਸਕਦੇ ਹਾਂ।

# ਅਸੀਂ

ਅਸੀਂ ਸਭ ਗਿਆਨ ਅਤੇ ਅਕਲ ਵੰਡਣ ਦੇ ਆਹਰ ਵਿਚ ਲੱਗੇ ਰਹਿੰਦੇ ਹਾਂ। ਪਰ ਲੋਕਾਂ ਨੂੰ ਨਾ ਗਿਆਨ, ਨਾ ਤਰਕ, ਨਾ ਸੱਚ ਦੀ ਭਾਲ ਹੈ, ਸਭ ਨੂੰ ਪਿਆਰ ਚਾਹੀਦਾ ਹੈ। ਪਿਆਰ ਵਿਚ ਲਪੇਟ ਕੇ ਕੁਛ ਵੀ ਦਿੱਤਾ ਜਾ ਸਕਦਾ ਹੈ। ਕਈ ਵਾਰ ਤਾਂ ਇੰਝ ਲਗਦਾ ਜਿਵੇਂ ਚਾਰੇ ਪਾਸੇ ਪਿਆਰ ਦੀ ਭੁਖਮਰੀ ਫੈਲੀ ਹੋਵੇ। ਕੁਰੱਪਟ, ਖੁਸ਼ਕ ਅਤੇ ਭਾਵਹੀਣ ਲੱਗਦੇ ਲੋਕਾਂ ਨੂੰ ਵੀ ਚਾਪਲੂਸੀ, ਖੁਸ਼ਾਮਦ, ਪ੍ਰਸੰਸਾ ਦੇ ਰੂਪ 'ਚ ਪਿਆਰ ਦੀ ਹੀ ਤਲਾਸ਼ ਹੈ।

*Original with;*
Jaswant Singh Zafar
*Digitized by;*
Panjab Digital Library



Original with;
Jaswant Singh Zafar
Digitized by;
Panjab Digital Library

## ਆਪਣੇ

ਆਪਣੇ ਕਰੀਬੀ ਜਾਂ ਆਲ਼ੇ-ਦੁਆਲ਼ੇ ਦੇ ਲੋਕਾਂ ਨੂੰ ਆਪਣੇ ਦੁੱਖ ਦੇ ਪ੍ਰਭਾਵ ਤੋਂ ਬਚਾ ਕੇ ਰੱਖਣ ਦੀ ਨੀਤੀ ਦਾ ਆਪ ਨੂੰ ਹੀ ਫਾਇਦਾ ਹੁੰਦਾ, ਬੰਦਾ ਖੁਦ ਵੀ ਬਹੁਤਾ ਦੁਖੀ ਨਹੀਂ ਹੁੰਦਾ। ਜਿਹਨਾਂ ਨੂੰ ਆਪਣੇ ਦੁੱਖਾਂ ਕਾਰਨ ਹੋਰਾਂ ਨੂੰ ਦੁਖੀ ਕਰਨ ਦਾ ਸੁਆਦ ਪੈ ਜਾਵੇ ਉਹ ਆਪ ਸਥਾਈ ਤੌਰ ਤੇ ਦੁਖੀ ਆਤਮਾਵਾਂ ਬਣ ਜਾਂਦੇ ਹਨ।

## ਹਮਦਰਦੀ

ਹਮਦਰਦੀ ਬਟੋਰਨ ਦੀ ਆਦਤ ਬੜੀ ਮਹਿੰਗੀ ਪੈਂਦੀ ਹੈ। ਜਿਹਨੂੰ ਹਮਦਰਦੀ ਬਟੋਰਨ ਦਾ ਭੁੱਸ ਪੈ ਜਾਵੇ ਉਸ ਦਾ ਡਿਪਰੈਸ਼ਨ ਵਰਗੇ ਮਨੋਰੋਗ ਦਾ ਸ਼ਿਕਾਰ ਹੋਣਾ ਨਿਸ਼ਚਤ ਹੁੰਦਾ।

## ਜ਼ਿਆਦਾ

ਜ਼ਿਆਦਾ ਅਤੇ ਹਮੇਸ਼ਾ ਸੋਚਦੇ ਰਹਿਣ ਨਾਲ ਬੰਦਾ ਵਧੀਆ ਅਤੇ ਠੀਕ ਨਹੀਂ ਸੋਚ ਸਕਦਾ। ਦੋਸਤਾਂ ਨਾਲ ਹਿੜ ਹਿੜ ਵੀ ਕਰਨੀ ਚਾਹੀਦੀ।

## ਕਣੀ

ਕਈ ਵਾਰ ਕਿਸੇ ਦੇ ਜੀਵਨ ਅਨੁਭਵ, ਵਿਚਾਰਾਂ ਜਾਂ ਹਾਲਤਾਂ ਕਰਕੇ ਉਸ ਦਾ ਮਨ ਅਜਿਹਾ ਕਠੋਰ ਕਿਸਮ ਦਾ ਹੋ ਸਕਦਾ ਹੈ ਕਿ ਉਸ ਚੋਂ ਸਹਿ-ਸੁਭਾਅ ਨਿਕਲੇ ਸ਼ਬਦ ਸਾਡੇ ਮਨ ਨੂੰ ਛਿੱਲ ਦਿੰਦੇ ਹਨ। ਇਸ ਦਾ ਇਲਾਜ ਬਹਿਸ ਨਹੀਂ; ਪ੍ਰੇਮ ਅਤੇ ਪ੍ਰਾਰਥਨਾ ਹੈ। ਛਿੱਲੇ ਹੋਏ ਮਨ ਸੰਵਾਦ ਨਹੀਂ ਸੰਤਾਪ ਹੀ ਪੈਦਾ ਕਰਦੇ।

*Original with*
Jaswant Singh Zafar
*Digitized by*
Panjab Digital Library



# ਕਲੇਜਾ

ਕਲੇਜਾ ਭੁੱਜ ਗਿਆ, ਆਂਦਰਾਂ ਛਿੱਲੀਆਂ ਗਈਆਂ, ਹਿਰਦੇ ਵਲੂੰਧਰੇ ਗਏ, ਦਿਲ ਟੁੱਟ ਗਿਆ, ਜਾਨ ਖਾਧੀ ਗਈ ਆਦਿ ਹਕੀਕਤ ਵਿਚ ਕੁਛ ਨਹੀਂ ਹੁੰਦਾ। ਬੱਸ ਕਹਿਣ ਸੁਣਨ ਦੀਆਂ ਗੱਲਾਂ ਹਨ। ਇਹ ਸਭ ਸ਼ਬਦਾਂ ਵਿਚ ਹੀ ਹੁੰਦਾ ਹੈ। ਸ਼ਬਦ ਸਾਡੇ ਘਰ ਹਨ ਜਿਹਨਾਂ ਵਿਚ ਸਾਡਾ ਮਨ ਵਸਦਾ ਹੈ। ਕਿਉਂ ਨਾ ਵਧੀਆ ਅਤੇ ਸੋਹਣੇ ਘਰਾਂ ਵਿਚ ਰਹੀਏ!

# ਜਦ

ਜਦ ਸਾਡੇ ਅੰਦਰ ਇਹ ਸੋਚ ਚਲਦੀ ਰਹਿੰਦੀ ਕਿ ਸਾਡੀ ਪ੍ਰੇਸ਼ਾਨੀ, ਬੇਚੈਨੀ, ਉਦਾਸੀ, ਖਿਝ ਆਦਿ ਲਈ ਕੋਈ ਹੋਰ ਜਿੰਮੇਵਾਰ ਹੈ ਓਦੋਂ ਅਸੀਂ ਆਪਣੀ ਮਾਨਸਿਕ ਅਤੇ ਸਰੀਰਕ ਸਿਹਤ ਦਾ ਸਭ ਤੋਂ ਵੱਧ ਨੁਕਸਾਨ ਕਰਦੇ ਹਾਂ। ਇਹ ਗੱਲ ਕੌਮਾਂ ਅਤੇ ਭਾਈਚਾਰਿਆਂ 'ਤੇ ਵੀ ਲਾਗੂ ਹੁੰਦੀ ਹੈ।

*Original with;*
Jaswant Singh Zafar
*Digitized by;*
Panjab Digital Library

# ਗਿਣਤੀ

ਗਿਣਤੀ ਜਾਂ ਮਾਤਰਾ ਵੱਧ ਘੱਟ ਹੋ ਸਕਦੀ ਹੈ ਪਰ ਗੁਣ ਅਤੇ ਔਗੁਣ ਹਰੇਕ ਬੰਦੇ ਵਿਚ ਹੁੰਦੇ ਹਨ। ਨਾ ਕੋਈ ਗੁਣਾਂ ਤੋਂ ਕੋਰਾ ਹੋ ਸਕਦਾ ਅਤੇ ਨਾ ਹੀ ਕੋਈ ਔਗੁਣਾ ਤੋਂ ਰਹਿਤ। ਇਸ ਲਈ ਕਿਸੇ ਦਾ ਅੰਨ੍ਹਾਂ ਭਗਤ ਜਾਂ ਅੰਨ੍ਹਾਂ ਆਲੋਚਕ ਹੋਣਾ ਠੀਕ ਨਹੀਂ।

# ਗਿਆਨ

ਗਿਆਨ ਓਹੀ ਭਲਾ ਹੈ ਜੋ ਆਪਣੇ ਪਿਆਰਿਆਂ ਨੂੰ ਚੰਗੇ ਤੇ ਸਿਆਣੇ ਬਣਨ ਲਈ ਉਤਸ਼ਾਹਿਤ, ਪ੍ਰੇਰਤ ਅਤੇ ਤਕੜੇ ਕਰੇ। ਜੇ ਇਹ ਉਹਨਾਂ ਨੂੰ ਦੁਖੀ, ਬੇਦਿਲ ਜਾਂ ਹੀਣੇ ਕਰਦਾ ਹੈ ਤਾਂ ਐਸੇ ਗਿਆਨ ਨਾਲੋਂ ਅਗਿਆਨਤਾ ਚੰਗੀ।

# ਸੱਚ

ਸੱਚ ਓਹੀ ਸ਼ੁਭ ਹੈ ਜਿਸਨੂੰ ਬੋਲਣ ਜਾ ਲਿਖਣ ਪਿੱਛੇ ਭਾਵਨਾ ਸੁੱਚੀ ਹੋਵੇ, ਉਦੇਸ਼ ਖਰਾ ਹੋਵੇ। ਉਂਜ ਦੇਖਿਆ ਜਾਵੇ ਤਾਂ ਸਾਰੀਆਂ ਚੁਗਲੀਆਂ, ਨਿੰਦਿਆ ਆਦਿ ਸੱਚ ਹੀ ਹੁੰਦੀਆਂ ਹਨ।

# ਪਿਆਰ

ਪਿਆਰ ਅਤੇ ਭਾਵ ਤੋਂ ਕੋਰਾ ਸੱਚ ਕੋਈ ਚੰਗੇਰਾ ਅਸਰ ਕਰਨ ਦੀ ਬਜਾਏ ਕਿਸੇ ਦਾ ਦਿਲ ਦੁਖਾਉਣ ਦੇ ਕੰਮ ਹੀ ਆਉਂਦਾ।

*Original work;*
Jaswant Singh Zafar
*Digitized by;*
Panjab Digital Library



Original with,
Jaswant Singh Zafar
Digitized by;
Panjab Digital Library

## ਮੁਹੱਬਤ

ਮੁਹੱਬਤ ਵਿਚ ਉਹ ਪਲ ਸਭ ਤੋਂ ਖ਼ੂਬਸੂਰਤ ਅਤੇ ਰੰਗੀਨ ਹੁੰਦੇ ਜਦੋਂ ਕਿਸੇ ਗੱਲ 'ਤੇ ਇਕੱਠੇ ਖੁਸ਼ ਹੋਏ ਹੋਈਏ, ਇਕੱਠੇ ਹੱਸੇ ਹੋਈਏ। ਮੁਹੱਬਤ ਵਿਚ ਉਹ ਪਲ ਸਭ ਤੋਂ ਗਹਿਰੇ ਅਤੇ ਮਹੱਤਵਪੂਰਨ ਹੁੰਦੇ ਜਦੋਂ ਇਕੱਠੇ ਦੁਖੀ ਹੋਏ ਹੋਈਏ, ਇਕੱਠੇ ਰੋਏ ਹੋਈਏ।

## ਵਾਹ

ਵਾਹ ਲੱਗਦੀ ਕਿਸੇ ਨੂੰ ਬੋਲ ਕੇ ਜਾਂ ਮਨ ਹੀ ਮਨ ਪਾਗਲ, ਮੂਰਖ, ਬੁੱਧੂ, ਸ਼ੁਦਾਈ, ਕਮਲਾ, ਬੇਵਕੂਫ਼, ਗਧਾ ਆਦਿ ਕਹੋ ਨਾ। ਪਰ ਜੇ ਕਹਿ ਹੀ ਲਿਆ ਫਿਰ ਉਸ ਦੀ ਕਿਸੇ ਗੱਲ ਦਾ ਕਦੀ ਗੁੱਸਾ ਨਾ ਕਰੋ।

## ਜਵਾਨ

ਜਵਾਨ ਪਿਆਰ ਦੇ ਪਾਤਰ ਹੋਣ ਲਈ ਹਰ ਤਰ੍ਹਾਂ ਸਿਹਤਮੰਦ ਰਹਿਣਾ ਜ਼ਰੂਰੀ ਹੈ। ਬਿਮਾਰ ਵਿਅਕਤੀ ਇਲਾਜ਼, ਹਮਦਰਦੀ ਅਤੇ ਤਰਸ ਦਾ ਪਾਤਰ ਹੀ ਹੁੰਦਾ ਹੈ।

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

## ਹਮਦਰਦੀ

ਹਮਦਰਦੀ ਵਧੀਆ ਚੀਜ਼ ਹੈ ਪਰ ਜੇ ਕਿਸੇ ਨੂੰ ਪਿਆਰ ਦੇ ਭੁਲੇਖੇ ਹਮਦਰਦੀ ਅਤੇ ਤਰਸ ਦਾ ਭੁੱਸ ਪੈ ਜਾਵੇ ਉਸ ਦਾ ਰੱਬ ਰਾਖਾ।

## ਆਪਣੇ

ਆਪਣੇ ਵੱਲੋਂ ਕੀਤੀ ਕਿਸੇ ਭੈੜੀ ਗੱਲ ਤੋਂ ਬਾਅਦ ਵਿੱਚ ਮੁੱਕਰ ਕੇ ਅਸੀਂ ਉਸ ਦੇ ਭੈੜੇ ਅਸਰ ਤੋਂ ਮੁਕਤ ਨਹੀਂ ਹੋ ਸਕਦੇ।

## ਜਦੋਂ

ਜਦੋਂ ਸਾਨੂੰ ਕਿਸੇ ਦੀ ਕੀਤੀ ਜਾਂ ਕਹੀ ਗੱਲ ਗਲਤ ਲਗਦੀ ਤਾਂ ਸਾਨੂੰ ਗੁੱਸਾ ਆਉਂਦਾ। ਮਗਰੋਂ ਜਦ ਅਸੀਂ ਉਸਨੂੰ ਉਸਦੀ ਗਲਤੀ ਯਾਦ ਕਰਾਉਂਦੇ ਹਾਂ ਤਾਂ ਕਈ ਵਾਰ ਅਗਲਾ ਆਪਣੀ ਕਹੀ ਜਾਂ ਕੀਤੀ ਗੱਲ ਤੋਂ ਮੁੱਕਰ ਹੀ ਜਾਂਦਾ ਕਿ ਉਸ ਨੇ ਤਾਂ ਅਜਿਹਾ ਕਿਹਾ ਜਾਂ ਕੀਤਾ ਹੀ ਨਹੀਂ। ਸਾਨੂੰ ਹੋਰ ਗੁੱਸਾ ਆਉਂਦਾ। ਅਸਲ ਵਿੱਚ ਮੁਕਰਨ ਵਾਲੇ ਨੇ ਆਪਣੀ ਗਲਤੀ ਦਾ ਅਹਿਸਾਸ ਤਾਂ ਕਰ ਲਿਆ ਹੁੰਦਾ ਪਰ ਉਸ ਵਿਚ ਗਲਤੀ ਮੰਨਣ ਦਾ ਹੌਸਲਾ ਨਹੀਂ ਹੁੰਦਾ, ਗਲਤੀ ਦੀ ਸ਼ਰਮਿੰਦਗੀ ਸਹਿਣ ਦੀ ਤਾਕਤ ਨਹੀਂ ਹੁੰਦੀ। ਇਸ ਲਈ ਕਿਸੇ ਵਲੋਂ ਕੀਤੀ ਜਾਂ ਕਹੀ ਗਲਤ ਗੱਲ ਤੋਂ ਮੁਕਰਨ ਨੂੰ ਗਲਤੀ ਮੰਨਣ ਦਾ ਇਕ ਢੰਗ ਹੀ ਸਮਝਣਾ ਚਾਹੀਦਾ ਹੈ। ਪਰ ਅਜਿਹਾ ਸਮਝਣਾ ਸਾਡੇ ਲਈ ਮੁਸ਼ਕਲ ਹੁੰਦਾ ਹੈ, ਕਿਉਂਕਿ ਇੰਝ ਸਮਝਣ ਨਾਲ ਸਾਡੀ ਹਉਮੈ ਨੂੰ ਉਹ ਠੰਡ ਨਹੀਂ ਪੈਂਦੀ ਜੋ ਅਗਲੇ ਦੇ ਐਲਾਨੀਆਂ ਗਲਤੀ ਮੰਨਣ ਨਾਲ ਪੈਂਦੀ ਹੈ। ਸਾਡੀ ਜਿੱਤ ਐਲਾਨ ਖੁਣੋਂ ਰਹਿ ਜਾਂਦੀ ਹੈ।

*Original with;*
Jaswant Singh Zafar
*Digitized by;*
Panjab Digital Library



Original with;
Jaswant Singh Zafar
Digitized by;
Panjab Digital Library

## ਓਹੀ

ਓਹੀ ਬੰਦਾ ਦੂਸਰਿਆਂ 'ਤੇ ਵਿਸ਼ਵਾਸ ਕਰ ਸਕਦਾ ਜਿਹਨੂੰ ਆਪਣੇ ਆਪ 'ਤੇ ਵਿਸ਼ਵਾਸ ਹੋਵੇ। ਦੂਜੇ ਸ਼ਬਦਾਂ ਵਿਚ, ਕਿਸੇ 'ਤੇ ਵਿਸ਼ਵਾਸ ਕਰਨ ਲਈ ਵੀ ਜਾਨ ਚਾਹੀਦੀ ਹੁੰਦੀ, ਆਤਮ ਵਿਸ਼ਵਾਸ ਚਾਹੀਦਾ ਹੁੰਦਾ।

## ਜ਼ਿੰਦਗੀ

ਜ਼ਿੰਦਗੀ ਵਿਚ ਹਰ ਹਾਲ ਵਿਚ ਕਿਸੇ ਇੱਕ ਚੰਗੇ, ਪਿਆਰੇ ਜਾਂ ਸਿੱਕੇਬੰਦ ਅਸੂਲ ਦੀ ਬੰਦਾ ਪਾਲਣਾ ਕਰਦਾ ਰਹੇ ਤਾਂ ਬਹੁਤ ਸਾਰੇ ਹੋਰ ਚੰਗੇ ਅਸੂਲਾਂ ਦੀ ਪਾਲਣਾ ਆਪਣੇ ਆਪ ਹੋ ਜਾਂਦੀ ਹੈ।

## ਸੂਰਜ

ਸੂਰਜ ਭੂਮੱਧ ਰੇਖਾ ਦੇ ਐਨ ਸਿੱਧਾ ਉਪਰ ਰਹਿੰਦਾ ਹੈ। ਉਤਰੀ ਅਰਧ ਗੋਲੇ ਭਾਵ ਭੂਮੱਧ ਰੇਖਾ 'ਤੋਂ ਉਪਰਲੇ ਦੇਸ਼ਾਂ ਜਿਵੇਂ ਭਾਰਤ, ਪਾਕਿਸਤਾਨ, ਇੰਗਲੈਂਡ, ਨੌਰਵੇ, ਕੈਨੇਡਾ, ਅਮਰੀਕਾ ਆਦਿ ਵਿਚ ਸੂਰਜ ਪੂਰਬ 'ਚੋਂ ਚੜ੍ਹ ਕੇ ਦੱਖਣ ਵੱਲ ਦੀ ਹੁੰਦਾ ਹੋਇਆ ਪੱਛਮ ਵਿਚ ਛਿਪਦਾ ਜਾਪਦਾ ਹੈ। ਧਰਤੀ ਦੇ ਦੱਖਣੀ ਅਰਧ ਗੋਲੇ ਜਿਵੇਂ ਅਸਟ੍ਰੇਲੀਆਂ, ਨਿਊਜ਼ੀਲੈਂਡ ਵਿਚ ਸੂਰਜ ਪੂਰਬ ਤੋਂ ਉਤਰ ਵੱਲ ਦੀ ਹੁੰਦਾ ਹੋਇਆ ਪੱਛਮ ਵੱਲ ਜਾਂਦਾ ਲਗਦਾ ਹੈ। ਅਸਟ੍ਰੇਲੀਆ ਜਾ ਕੇ ਚੰਗੀ ਕਾਮਯਾਬੀ ਪ੍ਰਾਪਤ ਕਰ ਚੁੱਕੇ ਆਪਣੇ ਦੋ ਦੋਸਤਾਂ ਨੂੰ ਪੁੱਛਿਆ, "ਤੁਹਾਨੂੰ ਅਸਟ੍ਰੇਲੀਆ ਆ ਕੇ ਦੁਪਹਿਰ ਨੂੰ ਸੂਰਜ ਦਾ ਦੱਖਣ ਦੀ ਬਜਾਏ ਉਤਰ ਵਿਚ ਦਿਸਣਾ ਅਜੀਬ ਜਿਹਾ ਨਹੀਂ ਸੀ ਲੱਗਦਾ?" ਉਹ ਕਹਿੰਦੇ, "ਕਦੀ ਨੋਟ ਈ ਨੀਂ ਕੀਤਾ। ਏਨੀ ਫ਼ੁਰਸਤ ਈ ਨੀਂ ਮਿਲੀ ਕਦੀ।" ਅੱਜ ਕੱਲ੍ਹ ਦੀ ਤਰੱਕੀ ਬੰਦੇ ਦੀ ਫ਼ੁਰਸਤ ਦੀ ਬੜੀ ਦੁਸ਼ਮਣ ਹੈ।

*Original with;*
Jaswant Singh Zafar
*Digitized by;*
Panjab Digital Library



*Original with:*
Jaswant Singh Zafar
*Digitized by:*
Panjab Digital Library

# ਅਮੀਰੀ

ਅਮੀਰੀ ਇਕੱਲੀ ਦੌਲਤ ਦੀ ਨਹੀਂ ਹੁੰਦੀ ਅਤੇ ਦੌਲਤ ਨਿਰੇ ਨੋਟਾਂ ਦੀ ਨਹੀਂ ਹੁੰਦੀ। ਨੋਟਾਂ ਲਈ ਕਿਸੇ ਦਾ ਪੱਕਾ ਨੌਕਰ ਹੋਣਾ ਜ਼ਰੂਰੀ ਨਹੀਂ ਹੁੰਦਾ।

# ਸਾਰੇ

ਸਾਰੇ ਰੁਤਬੇ ਅਹੁਦਿਆਂ ਨਾਲ ਨਹੀਂ ਜੁੜੇ ਹੁੰਦੇ ਅਤੇ ਸਾਰੇ ਅਹੁਦੇ ਵੀ ਕੁਰਸੀਆਂ ਵਾਲੇ ਨਹੀਂ ਹੁੰਦੇ। ਸਾਰੀਆਂ ਕੁਰਸੀਆਂ ਕਿਸੇ ਸਰਕਾਰ ਦੀ ਮਲਕੀਅਤ ਨਹੀਂ ਹੁੰਦੀਆਂ।

# ਸੱਚਾ

ਸੱਚਾ ਲੇਖਕ ਭੁੱਖਾ ਮਰਦਾ ਵੀ ਕਿਸੇ ਵੱਡੇ ਤੋਂ ਵੱਡੇ ਝੂਠੇ ਸ਼ਹਿਨਸ਼ਾਹ ਨਾਲੋਂ ਵੱਡਾ ਹੁੰਦਾ ਹੈ।

# ਜਿਸ

ਜਿਸ ਗੱਲ ਬਾਰੇ ਅਸੀਂ ਸ਼ੇਖੀ ਮਾਰੀਏ ਕਿ ਇਸ ਨਾਲ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ ਅਸਲ ਵਿੱਚ ਉਸ ਨਾਲ ਸਾਨੂੰ ਕਾਫੀ ਫਰਕ ਪੈਂਦਾ ਹੁੰਦਾ ਹੈ। ਸੁਣਨ ਵਾਲਿਆਂ ਨੂੰ ਵੀ ਇਸ ਗੱਲ ਦਾ ਪਤਾ ਹੁੰਦਾ।

*Original with;*
Jaswant Singh Zafar
*Digitized by;*
Panjab Digital Library



# ਸਾਡੀਆਂ

ਸਾਡੀਆਂ ਬਹੁਤੀਆਂ ਪ੍ਰੇਸ਼ਾਨੀਆਂ ਦਾ ਕਾਰਨ ਸਾਡੀ ਆਪਣੀ ਨਾਸਮਝੀ ਹੁੰਦੀ ਹੈ।

# ਕਿਸੇ

ਕਿਸੇ ਨੂੰ ਸਮਝਾ ਕੇ ਉਸ ਤੋਂ ਸਮਝ ਦੀ ਤਵੱਕੋਂ ਕਰਨਾ ਨਾਸਮਝੀ ਹੈ। ਜੇ ਸਮਝਾਉਣ ਨਾਲ ਸਮਝ ਆਉਂਦੀ ਹੁੰਦੀ ਤਾਂ ਸਾਰੀ ਦੁਨੀਆਂ ਸਮਝਦਾਰ ਹੋਈ ਹੁੰਦੀ।

*Original with;*
Jaswant Singh Zafar
*Digitized by;*
Panjab Digital Library

## ਜੇ

ਜੇ ਕੋਈ ਵਾਰ-ਵਾਰ ਸਮਝਾਏ ਤੇ ਨਾ ਸਮਝੇ ਤਾਂ ਉਸ ਨੂੰ ਖਿਝ ਕੇ ਜਾਂ ਨਫ਼ਰਤ ਨਾਲ ਅਕਸਰ ਕੁੱਤੇ ਦੀ ਪੂਛ ਕਹਿ ਦਿੱਤਾ ਜਾਂਦਾ ਹੈ। ਪਰ ਅਸੀਂ ਸਾਰੇ ਹੀ ਥੋੜ੍ਹੇ ਬਹੁਤੇ ਫਰਕ ਨਾਲ ਕੁੱਤੇ ਦੀ ਪੂਛ ਹੀ ਹਾਂ। ਵੈਸੇ ਵਿੰਗੀ ਹੋਣ ਵਿਚ ਪੂਛ ਜਾਂ ਕੁੱਤੇ ਦਾ ਆਪਣਾ ਕੋਈ ਕਸੂਰ ਨਹੀਂ ਹੁੰਦਾ।

## ਸੱਚ

ਸੱਚ ਨੂੰ ਵੀ ਇੱਜ਼ਤ ਪਿਆਰੀ ਹੁੰਦੀ। ਜੋ ਸੱਚ ਨੂੰ ਪਿਆਰ ਸਤਿਕਾਰ ਨਾਲ ਸਵੀਕਾਰ ਨਹੀਂ ਕਰਦੇ ਸੱਚ ਉਹਨਾਂ ਤੋਂ ਦੂਰ ਹੀ ਰਹਿੰਦਾ। ਉਹਨਾਂ ਉਦਾਲੇ ਝੂਠ ਦਾ ਪਸਾਰਾ ਲਗਾਤਾਰ ਵਧਦਾ ਰਹਿੰਦਾ। ਨਿੱਕੀ ਨਿੱਕੀ ਜਾਣਕਾਰੀ ਹਾਸਲ ਕਰਨ ਲਈ ਵੀ ਉਹਨਾਂ ਦੀ ਉਮਰ ਸੂਹਾਂ-ਬਿੜਕਾਂ ਲੈਣ ਅਤੇ ਜਾਲ਼-ਕੁੰਡੀਆਂ ਪਾਉਣ ਵਿਚ ਹੀ ਨਿਕਲ ਜਾਂਦੀ ਹੈ।

## ਕੁਝ

ਕੁਝ ਹਾਸਲ ਕਰ ਲੈਣ ਦੀ ਖੁਸ਼ੀ ਥੋੜ੍ਹ ਚਿਰੀ ਅਤੇ ਕੁਝ ਦੇਣ ਦੀ ਖੁਸ਼ੀ ਲੰਮਾ ਸਮਾਂ ਸਾਥ ਦੇਣ ਵਾਲੀ ਹੁੰਦੀ ਹੈ।

## ਖੁਸ਼ਾਮਦ

ਖੁਸ਼ਾਮਦ ਅਤੇ ਖ਼ੁਦਗਰਜੀ ਸਵੈ-ਸਹੇੜੀ ਗੁਲਾਮੀ ਦੀਆਂ ਸਕੀਆਂ ਭੈਣਾਂ ਹਨ।

Original with;
Jaswant Singh Zafar
Digitized by;
Panjab Digital Library



# ਹਰ

ਹਰ ਵਰਤਾਰੇ ਪਿੱਛੇ ਕੋਈ ਨਾ ਕੋਈ ਕਾਰਨ ਹੁੰਦਾ/ ਹੁੰਦੇ ਹਨ। ਅਤੇ ਇਨ੍ਹਾਂ ਕਾਰਨਾਂ ਦੇ ਪਿੱਛੇ ਹੋਰ ਕਾਰਨ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸਾਡੀ ਸਮਝ ਅੰਤਮ ਕਾਰਨ ਤਕ ਪਹੁੰਚ ਸਕੇ ਜਾਂ ਉਸ ਨੂੰ ਸਮਝ ਸਕੇ।

*Original with;*
Jaswant Singh Zafar
*Digitized by;*
Panjab Digital Library



# ਜ਼ਿੰਦਗੀ

ਜ਼ਿੰਦਗੀ ਵਿਚ ਪਿਆਰ ਵੀ ਕਿਸਮਤ ਨਾਲ ਮਿਲਦਾ। ਜਿਹਨਾਂ ਨੂੰ ਪਿਆਰ ਘੱਟ ਮਿਲਣ ਦੀ ਸ਼ਿਕਾਇਤ ਹੈ ਉਹਨਾਂ ਨੂੰ ਆਪਣੀ ਕਿਸਮਤ ਬਦਲਨੀ ਪਏਗੀ। ਕਿਸਮਤ ਬਦਲਨ ਤੋਂ ਪਹਿਲਾਂ ਆਪਣਾ ਰਵੱਈਆ ਬਦਲਨਾ ਪੈਂਦਾ। ਰਵੱਈਏ ਦਾ ਸਬੰਧ ਸਥਾਈ ਵਿਚਾਰਾਂ ਨਾਲ ਹੈ। ਜਾਨੀ ਆਪਣੇ ਅੰਦਰਲੇ ਪੱਕੇ ਹੋਏ ਵਿਚਾਰਾਂ ਨੂੰ ਬਦਲ ਕੇ ਕਿਸਮਤ ਬਦਲੀ ਜਾ ਸਕਦੀ ਤੇ ਪਿਆਰ ਦੇ ਪਾਤਰ ਬਣਿਆਂ ਜਾ ਸਕਦਾ ਹੈ।

*Original with;*
Jaswant Singh Zafar
*Digitized by;*
Panjab Digital Library

# ਬੰਦਾ

ਬੰਦਾ ਆਈ 'ਤੇ ਆ ਜਾਵੇ ਤਾਂ ਕੀ ਨਹੀਂ ਕਰ ਸਕਦਾ! ਆਦਤਾਂ ਤਾਂ ਇਕ ਪਾਸੇ ਰਹੀਆਂ, ਚਾਹਵੇ ਤਾਂ ਆਪਣਾ ਸੁਭਾਅ ਵੀ ਬਦਲ ਸਕਦਾ ਹੈ।



# ਪੂਰਬੀ

ਪੂਰਬੀ ਸਮਾਜ ਦੀ (ਕਿਸੇ ਗੱਲੋਂ ਥੁੜ੍ਹੇ ਹੋਏ) ਬੰਦੇ ਪ੍ਰਤੀ ਕੋਈ ਖਾਸ ਜ਼ਿੰਮੇਵਾਰੀ ਨਹੀਂ ਅਤੇ ਪੱਛਮੀ ਬੰਦੇ ਨੂੰ ਸਮਾਜ (ਦੇ ਰਿਵਾਜਾਂ) ਦੀ ਕੋਈ ਪ੍ਰਵਾਹ ਨਹੀਂ। ਪੂਰਬੀ ਸਮਾਜ ਵਿਆਹ-ਵਿਹੂਣੇ ਪ੍ਰੇਮ ਨੂੰ ਪ੍ਰਵਾਨਗੀ ਨਹੀਂ ਦਿੰਦਾ ਅਤੇ ਪੱਛਮੀ ਵਿਅਕਤੀ ਪ੍ਰੇਮ-ਵਿਹੂਣੇ ਵਿਆਹ ਨੂੰ ਬਰਦਾਸ਼ਤ ਨਹੀਂ ਕਰਦਾ।

*Original with;*
Jaswant Singh Zafar
*Digitized by;*
Panjab Digital Library

# ਅਖ਼ਬਾਰਾਂ

ਅਖ਼ਬਾਰਾਂ ਵਿਚ ਜਾਇਜ਼-ਨਜਾਇਜ਼ ਰਿਸ਼ਤਿਆਂ ਬਾਰੇ ਕਾਫੀ ਖ਼ਬਰਾਂ ਹੁੰਦੀਆਂ ਹਨ। ਕਿਤਾਬਾਂ ਵਿਚ ਹੁੰਦੀਆਂ ਹਨ ਕੁਦਰਤੀ-ਗ਼ੈਰ ਕੁਦਰਤੀ ਰਿਸ਼ਤਿਆਂ ਬਾਰੇ ਕਾਫੀ ਕਵਿਤਾਵਾਂ।

# ਬੰਦਿਆਂ

ਬੰਦਿਆਂ ਦੇ ਗੁਣ (ਜਾਂ ਔਗੁਣ) ਆਪਣੇ ਹਨ। ਹਰ ਬੰਦੇ ਨੂੰ ਸਿਰਫ਼ ਬੰਦਾ ਸਮਝਣ ਨਾਲ ਬਹੁਤੇ ਮਸਲੇ ਹੱਲ ਹੋ ਸਕਦੇ ਹਨ। ਕਹਿਣਾ ਸੌਖਾ ਪਰ ਇਹ ਕੰਮ ਹੈ ਬੜਾ ਔਖਾ।

# ਅਸੀਂ

ਅਸੀਂ ਦੂਸਰਿਆਂ ਨੂੰ ਆਪਣੇ ਵਰਗੇ (ਕਰਨਾ) ਚਾਹੁੰਦੇ ਹਾਂ ਅਤੇ ਦੂਸਰੇ ਸਾਨੂੰ ਆਪਣੇ ਵਰਗਾ ਚਾਹੁੰਦੇ ਜਾਂ ਆਪਣੇ ਵਰਗਾ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਪਰ ਕੋਈ ਵੀ ਸਫ਼ਲ ਨਹੀਂ ਹੁੰਦਾ ਕਿਉਂਕਿ ਦੋਨੋ ਧਿਰਾਂ ਕੁਦਰਤੀ ਸੱਚ ਵਿਰੁੱਧ ਲੜਦੀਆਂ ਹਨ। ਕੁਦਰਤ (ਸੱਚ) 'ਤੇ ਜਿੱਤ ਪ੍ਰਾਪਤ ਕਰਨੀ ਸ਼ਾਇਦ ਸਾਡੇ ਵੱਸ ਨਹੀਂ। ਇਹ ਬੇਵਸੀ ਸਾਡੇ ਲਈ ਖਿਝ ਜਾਂ ਪ੍ਰੇਸ਼ਾਨੀ ਬਣੀ ਰਹਿੰਦੀ ਹੈ।

*Original with;*
Jaswant Singh Zafar
*Digitized by;*
Panjab Digital Library

# ਮਜ਼ਾਕ

ਮਜ਼ਾਕ ਕਰਨਾ ਚੰਗਾ ਪਰ ਮਜ਼ਾਕ ਉਡਾਉਣਾ ਬੁਰਾ। 'ਵੱਡਾ ਬੰਦਾ' ਤਾਂ ਮਜ਼ਾਕ ਉਡਾਏ ਜਾਣ 'ਤੇ ਵੀ ਹੱਸ ਜਾਂ ਮੁਸਕਰਾ ਛੱਡਦਾ। 'ਨਿੱਕਾ ਬੰਦਾ' ਮਜ਼ਾਕ ਕਰਨ 'ਤੇ ਤੜਫ ਸਕਦਾ ਅਤੇ ਤੜਫ ਤੜਫ਼ ਕੇ ਤੁਹਾਨੂੰ ਵੀ ਤੜਫਾ ਸਕਦਾ। ਇਸ ਲਈ ਆਪਣੀ ਸਮਰੱਥਾ ਅਨੁਸਾਰ ਤਕੜੇ ਦਾ ਤਾਂ ਚਾਹੇ ਮਜ਼ਾਕ ਉਡਾ ਲਓ ਪਰ ਛੋਟੇ ਜਾਂ ਮਾੜੇ ਨੂੰ ਮਜ਼ਾਕ ਕਰਨ ਲੱਗਿਆਂ ਧਿਆਨ ਰਹੇ ਕਿ ਉਹਨੂੰ ਇਹ ਨਾ ਲੱਗੇ ਕਿ ਉਸਦਾ ਮਜ਼ਾਕ ਉਡਾਇਆ ਗਿਆ ਹੈ।

# ਬੱਚਿਆਂ

ਬੱਚਿਆਂ ਨਾਲ ਹੱਸਣਾ ਖੇਡਣਾ ਬਹੁਤ ਚੰਗੀ ਗੱਲ, ਪਰ ਬੱਚਿਆਂ ਦਾ ਮਜ਼ਾਕ ਉਡਾਉਣਾ ਬੇਹੱਦ ਨੁਕਸਾਨ ਵਾਲੀ ਗੱਲ, ਇਹ ਉਹਨਾਂ ਦੇ ਸੁਭਾਅ ਅਤੇ ਵਤੀਰੇ 'ਤੇ ਬਹੁਤ ਮਾਰੂ ਅਸਰ ਪਾਉਂਦਾ ਹੈ।

# ਜੇ

ਜੇ ਤੁਸੀਂ ਇਕੱਲੇ ਰਹਿ ਸਕਦੇ ਹੋ, ਇਕੱਲੇ ਘੁੰਮ ਫਿਰ ਸਕਦੇ ਹੋ ਅਤੇ ਇਕਾਂਤ ਦਾ ਆਨੰਦ ਮਾਣਦੇ ਹੋ ਤਾਂ ਹੋਰ ਲੋਕ ਤੁਹਾਡੇ ਨਾਲ ਰਹਿਣਾ, ਮਿਲਣਾ ਗਿਲਣਾ, ਦੋਸਤੀ ਕਰਨਾ ਪਸੰਦ ਕਰਨਗੇ। ਤੁਸੀਂ ਪਾਜ਼ਟਿਵ ਵਾਈਵਜ਼ ਵਾਲੇ ਸ਼ਖ਼ਸ ਹੋ। ਇਸ ਤੋਂ ਉਲਟ ਜੇ ਤੁਹਾਡੇ ਲਈ ਆਪਣੇ ਆਪ ਨਾਲ ਇਕੱਲੇ ਰਹਿਣਾ ਬਹੁਤ ਮੁਸ਼ਕਲ ਹੈ, ਤੁਹਾਨੂੰ ਇਕਾਂਤ ਬਹੁਤ ਬੋਰਿੰਗ ਜਾਂ ਡਰਾਉਣੀ ਲੱਗਦੀ ਹੈ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਆਪਣੀ ਸ਼ਖ਼ਸੀਅਤ ਅਜਿਹੀ ਬਣਾ ਲਈ ਹੈ ਕਿ ਦੂਸਰੇ ਵੀ ਤੁਹਾਡੇ ਨਾਲ ਰਹਿਣਾ, ਮਿਲਣਾ ਗਿਲਣਾ ਅਤੇ ਦੋਸਤੀ ਕਰਨਾ ਪਸੰਦ ਨਹੀਂ ਕਰਨਗੇ। ਤੁਸੀਂ ਨੈਗੇਟਿਵ ਵਾਈਵਜ਼ ਵਾਲੇ ਸ਼ਖ਼ਸ ਹੋ।

*Original with;*
Jaswant Singh Zafar
*Digitized by;*
Panjab Digital Library



# ਬੋਲਣ

ਬੋਲਣ ਦੇ ਸਬੰਧ ਵਿਚ ਜਿਹੜੀ ਲਿਹਾਜ਼ ਅਸੀਂ ਆਪਣੇ ਆਪ ਨਾਲ ਕਰਦੇ ਹਾਂ ਉਹ ਹੋਰਾਂ ਨਾਲ ਨਹੀਂ ਕਰਦੇ। ਮਿਸਾਲ ਦੇ ਤੌਰ 'ਤੇ ਹੇਠ ਲਿਖੇ ਫਿਕਰੇ ਸਿਰਫ਼ ਆਪਣੇ ਬੋਲੇ ਬਾਰੇ ਹੀ ਵਰਤਦੇ ਹਾਂ-

"ਮੇਰੇ ਮੂੰਹੋਂ ਨਿਕਲ ਗਿਆ।"

"ਮੇਰੇ ਤੋਂ ਪਤਾ ਨੀਂ ਕੀ ਕਹਿ ਹੋ ਗਿਆ?"

"ਹਾਰ ਕੇ ਮੈਨੂੰ ਵੀ ਕਹਿਣਾ ਪਿਆ।"

"ਮੈਂ ਤਾਂ ਸੁਭੈਕੇ (ਸਹਿਜ ਸੁਭਾਅ) ਹੀ ਕਿਹਾ ਸੀ।"... ਵਗ਼ੈਰਾ ਵਗ਼ੈਰਾ

ਜ਼ਿੰਮੇਵਾਰ ਬੰਦਾ ਇਹਨਾਂ ਫਿਕਰਿਆਂ ਦੀ ਵਰਤੋਂ ਨਹੀਂ ਕਰਦਾ। ਇਹਨਾਂ ਫਿਕਰਿਆਂ ਦੀ ਥਾਂ 'ਤੇ ਉਹ ਕਹੇਗਾ, "ਮੈਂ ਕਿਹਾ ..."

*Original with;*
Jaswant Singh Zafar
*Digitized by;*
Panjab Digital Library



## ਸਾਨੂੰ

ਸਾਨੂੰ ਕੋਈ ਹੋਰ ਮੂਰਖ਼, ਬੁੱਧੂ ਜਾਂ ਬੇਵਕੂਫ਼ ਨਹੀਂ ਬਣਾਉਂਦਾ, ਅਸੀਂ ਆਪ ਹੀ ਹੁੰਦੇ ਹਾਂ। ਜਦੋਂ ਅਸੀਂ ਆਖਦੇ ਹਾਂ ਕਿ ਕਿਸੇ ਨੇ ਮੈਨੂੰ ਮੂਰਖ ਬਣਾ ਦਿੱਤਾ ਤਾਂ ਅਸਲ ਵਿਚ ਉਸ ਨੇ ਸਾਡੇ ਮੂਰਖ ਹੋਣ ਦਾ ਫ਼ਾਇਦਾ ਉਠਾਇਆ ਹੁੰਦਾ ਹੈ।

## ਰਾਜਸੀ

ਰਾਜਸੀ ਬੰਦੇ ਲੋਕਾਂ ਨੂੰ ਬੇਵਕੂਫ਼ ਨਹੀਂ ਬਣਾਉਂਦੇ ਸਗੋਂ ਲੋਕਾਂ ਦੇ ਬੇਵਕੂਫ਼ ਹੋਣ ਦਾ ਲਾਭ ਉਠਾਉਂਦੇ ਹਨ। ਇਸ ਲਈ ਕਿਸੇ ਨੂੰ ਦੋਸ਼ ਦੇਣ ਦੀ ਬਜਾਏ ਆਪਣੇ ਮੂਰਖ, ਬੁੱਧੂ ਜਾਂ ਬੇਵਕੂਫ ਹੋਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਕੇ ਸਮਝਦਾਰ ਜਾਂ ਸਿਆਣੇ ਹੋਣ ਲਈ ਚੰਗਾ ਪੜ੍ਹਨਾ, ਚੰਗਾ ਸੁਣਨਾ, ਚੰਗਾ ਸਿੱਖਣਾ ਅਤੇ ਚੰਗੀ ਸੰਗਤ ਕਰਨੀ ਚਾਹੀਦੀ ਹੈ।

*Original with;*
Jaswant Singh Zafar
*Digitized by;*
Panjab Digital Library



## ਸਕੂਲ

ਸਕੂਲ-ਕਾਲਜ ਪੜ੍ਹਦਿਆਂ ਸਾਡੀ ਫਿਲਮਾਂ ਦੇਖਣ ਵਿਚ ਰੁਚੀ ਇਸ ਕਰਕੇ ਪੈਦਾ ਹੋਈ ਸੀ ਕਿਉਂਕਿ ਸਾਡੇ ਸੀਨੀਅਰਜ਼ ਫਿਲਮਾਂ ਬਾਰੇ ਗੱਲਾਂ ਕਰਦੇ ਹੁੰਦੇ ਸਨ। ਜਿਹਨਾਂ ਨੂੰ ਆਪਣੇ ਨਿਆਣਿਆਂ ਨਾਲ ਇਹ ਸ਼ਿਕਾਇਤ ਹੈ ਕਿ ਉਹ ਚੰਗੀਆਂ ਕਿਤਾਬਾਂ ਨਹੀਂ ਪੜ੍ਹਦੇ ਉਹ ਜ਼ਰੂਰ ਚੈਕ ਕਰਨ ਕੀ ਉਹ ਪਰਿਵਾਰ ਜਾਂ ਦੋਸਤਾਂ ਨਾਲ ਕਦੀ ਆਪ ਕਿਤਾਬਾਂ ਬਾਰੇ ਗੱਲਾਂ ਕਰਦੇ ਹਨ?

## ਜਿਹੜੇ

ਜਿਹੜੇ ਭਾਈਚਾਰੇ ਦਾ ਇਲਮ ਅਤੇ ਅਦਬ (ਗਿਆਨ ਅਤੇ ਸਾਹਿਤ) ਨਾਲ ਰਿਸ਼ਤਾ ਪੱਕਾ ਹੋਏਗਾ ਉਸ ਦੇ ਨਾਇਕ ਫੁਕਰੇ, ਨੁਮਾਇੰਦੇ ਹੋਛੇ ਅਤੇ ਉਪਦੇਸ਼ਕ ਚਵਲ਼ ਨਹੀਂ ਹੋਣਗੇ। ਕਿਤਾਬਾਂ ਪੜ੍ਹੀਏ। ਆਪਣੇ ਬੱਚਿਆਂ, ਪਰਿਵਾਰਾਂ, ਮਿੱਤਰਾਂ ਅਤੇ ਲੋਕਾਂ ਨਾਲ ਕਿਤਾਬਾਂ ਬਾਰੇ ਵੱਧ ਤੋਂ ਵੱਧ ਗੱਲਾਂ ਕਰੀਏ।

*Original by;*
Jaswant Singh Zafar
*Digitized by;*
Panjab Digital Library



# ਜੇ

ਜੇ ਕਿਸੇ ਨੂੰ ਗਧਾ ਸਮਝ ਕੇ ਅਕਲ, ਸਲਾਹ, ਸਿੱਖਿਆ ਆਦਿ ਦਾ 'ਲੂਣ' ਦਿਓਗੇ ਤਾਂ ਪੱਕੀ ਗੱਲ ਹੈ ਕਿ ਉਹ ਅੱਗਿਓਂ ਇਹੀ ਸੋਚੇਗਾ ਕਿ ਮੇਰੇ ਕੰਨ ਪੁੱਟ ਰਹੇ ਹਨ। ਜੇ ਤਕੜਾ ਹੋਇਆ ਤਾਂ ਤੁਹਾਡੇ ਦੁਲੱਤੀ ਵੀ ਵੱਜ ਸਕਦੀ ਹੈ। ਅਜਿਹੇ ਅਣਚਾਹੇ ਮੋੜਵੇਂ ਪ੍ਰਤੀਕਰਮ ਮਿਲਣ ਪਿੱਛੇ ਸਾਡੀ ਸਮੱਸਿਆ ਦਾ ਮੂਲ ਕਾਰਨ ਇਹ ਹੈ ਕਿ ਅਸੀਂ ਦੂਸਰਿਆਂ ਨੂੰ ਜ਼ਿਆਦਾਤਰ ਗਧੇ, ਖੋਤੇ, ਕਾਂ, ਕੁੱਤੇ, ਉੱਲੂ, ਘੋਗੜ, ਰਿੱਛ, ਭੇਡ, ਬਿੱਜੂ, ਗਿਰਗਟ, ਮਗਰਮੱਛ, ਸੱਪ, ਗਿੱਦੜ, ਲੂੰਬੜ ਆਦਿ ਸਮਝ ਕੇ ਉਹਨਾਂ ਨਾਲ ਵਿਹਾਰ ਕਰਦੇ ਹਾਂ। ਬੰਦੇ ਨੂੰ ਜੋ ਵੀ ਦੇਣਾ ਬੰਦਾ ਸਮਝ ਕੇ ਦਿਓਗੇ ਤਾਂ ਉਹ ਤੁਹਾਡਾ ਧੰਨਵਾਦ ਕਰੇਗਾ।

# ਸੁਧਾਰ

ਸੁਧਾਰ ਅਸੀਂ ਸਿਰਫ਼ ਉਹਨਾਂ ਨੂੰ ਸਕਦੇ ਹਾਂ ਜੋ ਸਾਡੀ ਮੁਹੱਬਤ ਦੇ ਘੇਰੇ ਅੰਦਰ ਆਉਂਦੇ ਹਨ। ਦੂਜੇ ਸ਼ਬਦਾਂ ਵਿਚ, ਕਿਸੇ ਨੂੰ ਸਮਝਾਉਣ ਜਾਂ ਸੁਧਾਰਨ ਤੋਂ ਪਹਿਲਾਂ ਸਾਡਾ ਉਸ ਨਾਲ ਪਿਆਰ ਭਰਿਆ ਸਬੰਧ ਹੋਣਾ ਜ਼ਰੂਰੀ ਹੈ। ਬਾਕੀ ਆਪਣੇ ਚਿੱਤੋਂ 'ਸੋਧੇ' ਤਾਂ ਔਰੰਗਜ਼ੇਬ ਹੁਣੀ ਵੀ ਬਥੇਰੇ ਲਾ ਕੇ ਵੇਖ ਲਏ।

# ਦੂਸਰੇ

ਦੂਸਰੇ ਨੂੰ ਸਬਕ ਸਿਖਾਉਣ ਦੇ ਚੱਕਰ ਵਿੱਚ ਅਸੀਂ ਆਪਣਾ ਬੇਹਿਸਾਬਾ ਨੁਕਸਾਨ ਕਰ ਕਰਾ ਲੈਂਦੇ ਹਾਂ। ਸੋ ਸਬਕ ਆਪਣੇ ਲਈ ਤੇ ਦੂਸਰੇ ਲਈ ਪਿਆਰ। ਪਰ ਇਹ ਕੰਮ ਔਖਾ ਬਹੁਤ ਹੈ ਮੇਰੇ ਯਾਰ।

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

# ਕਾਫੀ

ਕਾਫੀ ਲੋਕ ਆਪਣੇ ਮੋਹ, ਲਾਲਚ ਅਤੇ ਜੱਫੇਮਾਰੀ ਨੂੰ 'ਪਿਆਰ' ਕਹਿ ਕੇ ਜਾਂ ਸਮਝ ਕੇ ਆਪਣਾ ਕੰਮ ਚਲਾਈ ਜਾਂਦੇ, ਪਰ ਜਿਹੜੇ ਆਪਣੀ ਹਾਊਮੈ ਨੂੰ ਪਿਆਰ ਸਮਝੀ ਫਿਰਦੇ ਉਹਨਾਂ ਦਾ ਔਖਾ।

# ਜੇ

ਜੇ ਕੋਈ (ਆਪਣੇ ਆਪ ਨੂੰ) ਸਾਡੇ ਕਰਕੇ ਦੁਖੀ ਜਾਂ ਪ੍ਰੇਸ਼ਾਨ (ਸਮਝਦਾ) ਹੈ ਉਹ ਸਾਡੇ ਸਮਝਾਉਣ ਨਾਲ ਸੁਖੀ ਨਹੀਂ ਹੋ ਸਕਦਾ, ਅਸੀਂ ਕੁਝ ਕਰਕੇ ਉਸ ਦਾ ਦੁੱਖ ਜਾਂ ਪ੍ਰੇਸ਼ਾਨੀ ਘਟਾ ਸਕਦੇ ਹਾਂ। ਸਮਝਾਉਣਾ ਉਸ ਨੂੰ ਹੀ ਚਾਹੀਦਾ ਜੋ ਆਪਣੇ ਦੁੱਖ ਜਾਂ ਪ੍ਰੇਸ਼ਾਨੀ ਦੀ ਜ਼ਿੰਮੇਵਾਰੀ ਲੈ ਕੇ ਆਪ ਕੁਝ ਪ੍ਰਭਾਵਸ਼ਾਲੀ ਕਰਨ ਲਈ ਉਤਾਵਲਾ ਹੋਵੇ।

# ਜਦ

ਜਦ ਅਸੀਂ ਗਲਤ ਫਾਰਮੂਲਾ ਵਰਤ ਕੇ ਸਵਾਲ ਸਹੀ ਕੱਢ ਲੈਂਦੇ ਹਾਂ ਤਾਂ ਹੌਲ਼ੀ ਹੌਲ਼ੀ ਗਲਤ ਫਾਰਮੂਲੇ ਵਰਤਣ ਲੱਗ ਜਾਂਦੇ ਹਾਂ। ਸਾਨੂੰ ਆਪਣੇ ਗਲਤ ਫਾਰਮੂਲੇ ਹੀ ਸਹੀ ਲੱਗਣ ਲੱਗ ਜਾਂਦੇ ਹਨ। ਅਸੀਂ ਕਾਮਯਾਬ ਵਿਅਕਤੀ ਬਣਨ ਦੇ ਚੱਕਰ ਵਿਚ ਚੰਗੇ ਮਨੁੱਖ ਬਣਨ ਤੋਂ ਉੱਕ ਜਾਂਦੇ ਹਾਂ।

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

# ਪ੍ਰੇਮੀਆਂ

ਪ੍ਰੇਮੀਆਂ ਦਾ ਪਿਆਰ ਇਸ ਗੱਲੋਂ ਅੰਨ੍ਹਾ ਹੁੰਦਾ ਕਿ ਪਿਆਰ ਵਿੱਚ ਆਪਣੇ ਪਿਆਰਿਆਂ ਦੇ ਔਗੁਣ, ਬੁਰਾਈਆਂ ਅਤੇ ਨੁਕਸ ਨਜ਼ਰ ਨਹੀਂ ਆਉਂਦੇ। ਜੇ ਨਜ਼ਰ ਆਉਂਦੇ ਵੀ ਤਾਂ ਉਹ ਗੁਣਾਂ ਜਾਂ ਮਜਬੂਰੀ ਵਾਂਗ ਹੀ ਲੱਗਦੇ। ਦੂਜੇ ਲਫ਼ਜ਼ਾਂ ਵਿੱਚ ਪਿਆਰ ਦੇ ਤਰਲ ਜਾਂ ਘੋਲ ਵਿੱਚ ਔਗੁਣ, ਬੁਰਾਈਆਂ ਅਤੇ ਨੁਕਸ ਘੁਲ ਜਾਂਦੇ। ਉਦੋਂ ਬੜਾ ਅਜੀਬ ਲੱਗਦਾ ਜਦੋਂ ਦੋ ਵਿਅਕਤੀ ਇੱਕ ਦੂਸਰੇ ਦੇ ਨੁਕਸ ਕੱਢਦੇ ਰਹਿੰਦੇ ਅਤੇ ਆਪਸ ਵਿੱਚ ਪਿਆਰ ਹੋਣ ਦਾ ਦਾਅਵਾ ਵੀ ਕਰਦੇ।

# ਕਈ

ਕਈ ਵਾਰ ਅਸੀਂ ਆਪਣੇ ਪਿਆਰਿਆਂ ਦੀ ਲਿਹਾਜ ਕਰਦੇ ਹੋਏ ਜਾਂ ਆਪ ਚੰਗੇ ਬਣੇ ਰਹਿਣ ਲਈ ਆਪਣਾ ਕੋਈ ਸ਼ਿਕਵਾ ਸਾਂਝਾ ਨਹੀਂ ਕਰਦੇ। ਅਜਿਹੀ 'ਕੁਰਬਾਨੀ' ਕਰਨ ਨਾਲ ਸ਼ਿਕਵਾ ਅਲੋਪ ਜਾਂ ਖਤਮ ਨਹੀਂ ਹੁੰਦਾ। ਇਹ ਅੰਦਰੋ ਅੰਦਰੀ ਓਸ ਰਿਸ਼ਤੇ ਦਾ ਨਾਸ ਮਾਰ ਦਿੰਦਾ ਹੈ। ਸ਼ਿਕਵਾ ਸਾਂਝਾ ਕਰਨ ਨਾਲ ਸ਼ਿਕਵੇ ਦਾ ਕਾਰਨ ਦੂਰ ਹੋ ਸਕਦਾ ਹੈ ਜਾਂ ਸਾਨੂੰ ਪਤਾ ਲੱਗ ਸਕਦਾ ਹੈ ਕਿ ਸਾਡਾ ਸ਼ਿਕਵਾ ਕਿੰਨਾ ਫਜ਼ੂਲ ਸੀ। ਇਸ ਨਾਲ ਦੂਜੇ ਨੂੰ ਸੁਧਰਨ ਜਾਂ ਸੁਧਾਰ ਕਰਨ ਦਾ ਮੌਕਾ ਵੀ ਮਿਲ ਸਕਦਾ ਹੈ। ਸਿਹਤਮੰਦ ਸਬੰਧਾਂ ਵਿਚ ਸ਼ਿਕਵੇ ਕੋਲ ਰੱਖਣ ਦੀ ਬਜਾਏ ਨਾਲ ਦੀ ਨਾਲ ਸਾਂਝੇ ਕਰਨੇ ਬਹੁਤ ਜ਼ਰੂਰੀ ਹਨ।

# ਜਿਹਦੇ

ਜਿਹਦੇ ਨਾਲ ਬੋਲ ਬਾਣੀ ਬੰਦ ਹੋ ਜਾਂਦੀ, ਅੰਦਰੋ ਅੰਦਰ ਬਹਿਸ ਓਹਦੇ ਨਾਲ ਸਭ ਤੋਂ ਵੱਧ ਚਲਦੀ ਹੈ, ਬੇਨਤੀਜਾ ਲਗਾਤਾਰ ਚਲਦੀ ਹੀ ਰਹਿੰਦੀ ਹੈ।

*Original with;*
Jaswant Singh Zafar
*Digitized by;*
Panjab Digital Library



Original with;
Jaswant Singh Zafar
Digitized by;
Panjab Digital Library

# ਜੇ

ਜੇ ਤੁਸੀਂ ਆਪਣੇ ਕੰਮਾਂ-ਕਾਰਾਂ, ਸ਼ੌਕਾਂ, ਪੜ੍ਹਾਈਆਂ, ਖੋਜਾਂ, ਸਰਗਰਮੀਆਂ ਆਦਿ ਵਿਚ ਬਹੁਤ ਰੁੱਝੇ ਰਹਿੰਦੇ ਹੋ ਤਾਂ ਕਿਸੇ ਬਿਲਕੁਲ ਵਿਹਲੇ ਬੰਦੇ ਨਾਲ ਦੋਸਤੀ ਕਰਨ ਤੋਂ ਟਲ ਕੇ ਰਿਹੋ। ਅਤੇ ਜੇ ਤੁਹਾਨੂੰ ਕੋਈ ਖਾਸ ਕੰਮ ਕਾਰ ਨਹੀਂ ਤਾਂ ਟਾਈਮ ਪਾਸ ਕਰਨ ਲਈ ਕੋਈ ਵਿਹਲਾ ਬੰਦਾ ਹੀ ਲੱਭਿਓ। ਇਸ ਨਾਲ ਦੋਨੋਂ ਧਿਰਾਂ ਨੂੰ ਖਰਾਬ ਹੋਣ ਤੋਂ ਬਚ ਜਾਣਗੀਆਂ।

# ਦੁਨੀਆਂ

ਦੁਨੀਆਂ 'ਚ ਆਪਣੇ ਵਲੋਂ ਕੋਈ ਸਾਨੂੰ ਮਿਹਣਾ ਨਹੀਂ ਮਾਰਦਾ। ਇਹ ਤਾਂ ਕੋਈ ਸੱਚ ਹੁੰਦਾ ਹੈ ਜੋ ਕੋਈ ਸਾਡੇ ਬਾਰੇ ਬੋਲਦਾ ਹੈ ਪਰ ਉਹ ਸਾਨੂੰ ਮਿਹਣਾ ਬਣ ਕੇ ਵੱਜ ਰਿਹਾ ਹੁੰਦਾ ਹੈ। ਅਜਿਹਾ ਕੇਵਲ ਓਦੋਂ ਵਾਪਰਦਾ ਹੈ ਜਦੋਂ ਆਪਣੇ (ਕਹੇ, ਲਿਖੇ, ਐਲਾਨੇ) ਸ਼ਬਦਾਂ ਨਾਲ ਸਾਡਾ ਸਬੰਧ ਪ੍ਰਮਾਣਕ (ਠੀਕ) ਨਹੀਂ ਹੁੰਦਾ। ਇਸ ਲਈ ਜਦ ਵੀ ਕਿਸੇ ਆਪਣੇ ਦੀ ਗੱਲਬਾਤ 'ਚੋਂ ਮਿਹਣੇ ਦੀ ਗੂੰਜ ਸੁਣੇ ਤਾਂ ਤੁਰੰਤ ਉਸ ਨੂੰ ਆਪਣੇ ਬਾਰੇ 'ਸੱਚ' ਸਮਝ ਕਰ ਜਾਣੀਏ। ਨਰਾਜ਼, ਨਿਰਾਸ਼ ਅਤੇ ਕਰੋਧਵਾਨ ਹੋਣ ਦੀ ਬਜਾਏ ਸੂਰਮਗਤੀ ਇਸ ਗੱਲ ਵਿਚ ਹੈ ਕਿ ਅਸੀਂ ਆਪਣੇ ਸ਼ਬਦ (ਕਥਨੀ) ਨਾਲ ਆਪਣੇ ਜੀਵਨ (ਕਰਨੀ) ਦਾ ਸਬੰਧ ਠੀਕ ਕਰੀਏ।

# ਸਾਡੀਆਂ

ਸਾਡੀਆਂ ਜਿਹੜੀਆਂ ਗੱਲਾਂ ਦੂਸਰਿਆਂ ਨੂੰ ਸਿਰੇ ਦੀਆਂ ਗਲਤ ਜਾਂ ਬੁਰੀਆਂ ਲੱਗਦੀਆਂ ਹਨ ਸਾਨੂੰ ਖੁਦ ਨੂੰ ਉਹ ਸਿਰੇ ਦੀਆਂ ਸਹੀ ਲੱਗ ਸਕਦੀਆਂ ਹਨ ਕਿਉਂਕਿ ਸਾਡੇ ਕੋਲ ਉਹਨਾਂ ਲਈ ਸਿਰੇ ਦੀ ਦਲੀਲ ਜਾਂ ਤਰਕ ਹੁੰਦੇ ਹਨ। ਆਪਣੇ ਕਰੀਬੀਆਂ ਨਾਲ ਚੰਗੇ ਸਬੰਧ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਅਸੀਂ ਆਪਣੀਆਂ ਅਜਿਹੀਆਂ ਦਲੀਲਾਂ ਜਾਂ ਤਰਕਾਂ ਨੂੰ ਬਹੁਤਾ ਪਿਆਰ ਨਾ ਕਰੀਏ।

*Original with;*
Jaswant Singh Zafar
*Digitized by;*
Panjab Digital Library

## ਜਦੋਂ

ਜਦੋਂ ਬੰਦੇ ਨੂੰ ਹਰ ਚੰਗੇ ਤੋਂ ਚੰਗੇ ਕੰਮ 'ਚ ਸਿਰਫ਼ ਨੁਕਸ ਅਤੇ ਭਲਾਈ ਦੇ ਕੰਮ 'ਚ ਬੁਰਾਈ ਹੀ ਨਜ਼ਰ ਆਵੇ ਤਾਂ ਸਮਝੋ ਉਸ ਦਾ ਰੱਬ ਰਾਖਾ। ਉਹ ਆਪਣੀ ਖੁਸ਼ੀ ਅਤੇ ਤਰੱਕੀ ਦਾ ਵੈਰੀ ਬਣ ਚੁੱਕਾ ਹੁੰਦਾ ਹੈ।

## ਬੱਚਿਆਂ

ਬੱਚਿਆਂ ਨੂੰ ਮਾਪਿਆਂ ਦੇ ਮਗਰੋਂ ਗੁਜ਼ਰ ਬਸਰ ਲਈ ਜੇ ਕੇਵਲ ਵਿਰਾਸਤੀ ਦੌਲਤ ਅਤੇ ਜਾਇਦਾਦ ਦਾ ਹੀ ਆਸਰਾ ਹੈ (ਭਾਵੇਂ ਉਹ ਜਿੰਨੀ ਵੀ ਜ਼ਿਆਦਾ ਹੋਵੇ) ਤਾਂ ਸਮਝੋ ਉਹਨਾਂ ਨੂੰ ਸਿਖਰਲੇ ਦਰਜ਼ੇ ਦੀ ਗੁਰਬਤ ਵਿਰਸੇ 'ਚ ਮਿਲ ਗਈ ਹੈ।

## ਜਦ

ਜਦ ਸਮਰੱਥਾ ਉੱਤੇ ਸਥਿਤੀ ਭਾਰੂ ਹੋਈ ਮਹਿਸੂਸ ਹੁੰਦੀ ਹੈ ਤਾਂ ਇਸ ਦਾ ਸੁੱਧ ਬੁੱਧ 'ਤੇ ਬੁਰਾ ਅਸਰ ਪੈਂਦਾ ਹੈ। ਜਦੋਂ ਲਗਦਾ ਹੈ ਕਿ ਅਣਸੁਖਾਵੇਂ ਹਾਲਤਾਂ ਨਾਲ ਨਜਿੱਠਣ ਜੋਗੇ ਸਾਧਨ, ਸ਼ਕਤੀ ਜਾਂ ਸਮਾਂ ਨਹੀਂ ਤਾਂ ਬੇਵਸੀ ਕਾਰਨ ਆਪਣੇ ਕਰੀਬੀਆਂ ਨੂੰ ਦੁਖੀ ਕਰਦੇ ਹਾਂ, ਉਹਨਾਂ ਦੇ ਦਿਲ ਦੁਖਾਉਂਦੇ ਹਾਂ। ਵੱਸੋਂ ਬਾਹਰੇ ਹਾਲਤਾਂ ਕਾਰਨ ਕੀਤੀ ਇਹ ਇਕ ਤਰ੍ਹਾਂ ਦੀ ਮਿੰਨੀ ਖੁਦਕੁਸ਼ੀ ਹੁੰਦੀ ਹੈ। ਸਾਂਝੇ ਪਰਿਵਾਰਾਂ ਦੀਆਂ ਔਰਤਾਂ ਆਪਣੀਆਂ ਤੰਗੀਆਂ ਤੇ ਮਜਬੂਰੀਆਂ ਦਾ ਗੁੱਸਾ ਆਪਣੇ ਜਾਨ ਤੋਂ ਪਿਆਰੇ ਮਾਸੂਮ ਬਾਲਾਂ ਨੂੰ ਕੁੱਟ ਕੇ ਕੱਢਦੀਆਂ ਸਨ।

*Original with;*
Jaswant Singh Zafar
*Digitized by;*
Panjab Digital Library



# ਗੁੱਸਾ

ਗੁੱਸਾ ਨਾ ਕਰੋ, ਮੂਰਖ ਨੂੰ ਨਹੀਂ ਪਤਾ ਹੁੰਦਾ ਕਿ ਉਹ ਮੂਰਖ ਹੈ, ਹੋਛੇ ਨੂੰ ਨਹੀਂ ਪਤਾ ਹੁੰਦਾ ਕਿ ਉਹ ਹੋਛਾ ਹੈ, ਫੁਕਰੇ ਨੂੰ ਆਪਣੇ ਫੁਕਰਾ ਹੋਣ ਦਾ ਪਤਾ ਨਹੀਂ ਹੁੰਦਾ। ਤੁਹਾਡੇ ਦੱਸਣ ਨਾਲ ਵੀ ਉਹਨਾਂ ਨੂੰ ਇਹ ਪਤਾ ਲੱਗਣ ਵਾਲਾ ਨਹੀਂ।

*Original with;*
Jaswant Singh Zafar
*Digitized by;*
Panjab Digital Library

## ਬਿਮਾਰੀ

ਬਿਮਾਰੀ ਦੇ ਇਲਾਜ ਲਈ ਦਰਦ ਦਾ ਬੜਾ ਮਹੱਤਵ ਹੈ। ਦਵਾਈ ਖਾਣਾ ਬਿਮਾਰੀ ਕਰਕੇ ਨਹੀਂ ਦਰਦ ਕਰਕੇ ਯਾਦ ਰਹਿੰਦਾ ਹੈ। ਦਰਦ ਹਟੇ ਤੋਂ ਦਵਾਈ ਖਾਣੀ ਭੁੱਲ ਜਾਈਦੀ ਹੈ।

## ਮੂਰਖ

ਮੂਰਖ ਬੰਦਾ ਜੇ ਚੁਸਤੀ ਕਰਨ ਪਵੇ ਭਾਵ ਚਲਾਕ ਬਣਨ ਦੀ ਕੋਸ਼ਿਸ਼ ਕਰੇ ਤਾਂ ਇਸ ਨਾਲ ਉਸ ਦੀ ਮੂਰਖਤਾ ਹੋਰ ਉੱਘੜ ਜਾਂਦੀ ਹੈ।

## ਜੋ

ਜੋ ਫੈਸਲੇ ਰਲ ਕੇ ਲਏ ਗਏ ਹੋਣ ਉਨ੍ਹਾਂ ਨੂੰ ਬਦਲਣਾ ਇਕੱਲਿਆਂ ਹੀ ਨਹੀਂ ਸਗੋਂ ਪਰਸਪਰ ਸਲਾਹ ਨਾਲ ਚਾਹੀਦਾ ਹੈ।

## ਜਦੋਂ

ਜਦੋਂ ਮਨ ਕਿਸੇ ਗੱਲੋਂ ਬਹੁਤ ਉਦਾਸ ਹੋਵੇ ਤਾਂ ਅਗਲੀਆਂ ਪਿਛਲੀਆਂ ਉਦਾਸੀਆਂ ਦੇ ਛੱਡੇ ਛੁਡਾਏ ਤੇ ਚਿਰਾਂ ਦੇ ਭੁੱਲੇ ਭੁਲਾਏ ਕਾਰਨ ਜਾਂ ਬਹਾਨੇ ਵੀ ਦਿਮਾਗ ਵਿੱਚ ਭੰਗੜਾ ਪਾਉਣ ਲੱਗ ਜਾਂਦੇ ਹਨ।

*Original with;*
Jaswant Singh Zafar
*Digitized by;*
Panjab Digital Library



## ਲੜਾਈ

ਲੜਾਈ ਜਾਂ ਵਿਰੋਧ ਵਿਚ ਸਭ ਤੋਂ ਵੱਡਾ ਖ਼ਤਰਾ ਹਾਰ ਜਾਣ ਦਾ ਨਹੀਂ ਹੁੰਦਾ ਸਗੋਂ ਵਿਰੋਧੀ ਵਰਗੇ ਹੋ ਜਾਣ ਦਾ ਹੁੰਦਾ ਹੈ, ਉਸ ਦੀਆਂ ਬੁਰੀਆਂ ਗੱਲਾਂ ਅਪਣਾਏ ਜਾਣ ਦਾ ਹੁੰਦਾ ਹੈ।

## ਸਿਆਣਾ

ਸਿਆਣਾ ਬੰਦਾ ਆਪਣੀ ਸਿਆਣਪ ਵਿਚ ਵੀ ਕਮੀਆਂ ਤਰੁਟੀਆਂ ਦੇਖ ਕੇ ਉਹਨਾਂ ਨੂੰ ਦਰੁਸਤ ਕਰਦਾ ਰਹਿੰਦਾ ਤੇ ਮੂਰਖ਼ ਆਪਣੀ ਮੂਰਖ਼ਤਾ ਨੂੰ ਆਪਣਾ ਅਧਿਕਾਰ ਅਤੇ ਸਿਆਣਪ ਸਮਝ ਕੇ ਕਮਲ਼ ਮਿੱਧਦਾ ਰਹਿੰਦਾ।

*Original with:*
Jaswant Singh Zafar
*Digitized by;*
Panjab Digital Library



Original with;
Jaswant Singh Zafar
Digitized by;
Panjab Digital Library

## ਜਦੋਂ

ਜਦੋਂ ਅਸੀਂ ਹਰ ਥਾਂ, ਹਰ ਬੰਦੇ, ਹਰ ਗੱਲ ਜਾਂ ਹਰ ਵਰਤਾਰੇ ਵਿਚੋਂ ਸਿਰਫ਼ ਨੁਕਸ ਲੱਭਣ ਦੀ ਰੁਚੀ ਪਾਲ਼ ਲੈਂਦੇ ਹਾਂ ਤਾਂ ਅਸੀਂ ਆਪਣੇ ਅੰਦਰ ਨੂੰ ਨਿਰਾਸ਼ਾ ਅਤੇ ਉਦਾਸੀ ਨਾਲ ਭਰਦੇ ਜਾਂਦੇ ਹਾਂ। ਅਸੀਂ ਸਭ ਕੁਛ ਹੁੰਦਿਆਂ ਸੁੰਦਿਆਂ ਰਈਂ ਰਈਂ ਕਰਨ ਵਾਲੇ ਮਨੁੱਖ ਬਣ ਜਾਂਦੇ ਹਾਂ। ਦੂਜੇ ਪਾਸੇ, ਭੈੜੀ ਤੋਂ ਭੈੜੀ ਸਥਿਤੀ, ਜਗ੍ਹਾ ਅਤੇ ਬੰਦੇ ਵਿਚੋਂ ਖ਼ੂਬਸੂਰਤੀ ਅਤੇ ਚੰਗੇਰੀ ਸੰਭਾਵਨਾ ਦੇਖਣ ਦੀ ਆਦਤ ਦਾ ਸਾਨੂੰ ਬਹੁਤ ਲਾਭ ਹੁੰਦਾ। ਅਸੀਂ ਸਥਾਈ ਤੌਰ 'ਤੇ ਪ੍ਰਸੰਨ ਰਹਿਣ ਲੱਗ ਜਾਂਦੇ ਹਾਂ। ਅਸੀਂ ਦੁੱਖਾਂ, ਮੁਸ਼ਕਲਾਂ ਅਤੇ ਮੁਸੀਬਤਾਂ ਦੇ ਦਰਿਆ ਵੀ ਬਿਨਾ ਭਿੱਜੇ ਪਾਰ ਕਰ ਲੈਂਦੇ ਹਾਂ।

## ਰੱਬ

ਰੱਬ ਦਾ ਕੋਈ ਮਜ਼ਹਬ ਨਹੀਂ ਹੁੰਦਾ, ਫਕੀਰ ਦਾ ਕੋਈ ਫਿਰਕਾ ਨਹੀਂ ਹੁੰਦਾ, ਰਾਜੇ ਦਾ ਕੋਈ ਧਰਮ ਨਹੀਂ ਹੁੰਦਾ।

## ਆਪਣੇ

ਆਪੰਣੇ ਧਰਮ, ਕਰਮ, ਪਾਠ-ਪੂਜਾ, ਨਿਤਨੇਮ, ਧਿਆਨ, ਮੈਡੀਟੇਸ਼ਨ ਆਦਿ ਦਾ ਅਸਰ ਚੈਕ ਕਰਨਾ ਹੋਵੇ ਤਾਂ ਇਹ ਦੇਖ ਲਉ ਕਿ ਜਿਨ੍ਹਾਂ ਨਾਲ ਪਹਿਲਾਂ ਨਫ਼ਰਤ, ਈਰਖਾ, ਰੋਸ ਵਗੈਰਾ ਕਰਦੇ ਸੀ, ਕੀ ਉਹ ਖਤਮ ਹੋਇਆ ਜਾਂ ਘਟਿਆ ਹੈ? ਜਾਂ ਕੀ ਅਸੀਂ ਬਿਨਾ ਕਾਰਨ ਪਹਿਲਾਂ ਨਾਲੋਂ ਜ਼ਿਆਦਾ ਖੁਸ਼ ਰਹਿਣ ਲੱਗੇ ਹਾਂ?

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

# ਜੇਕਰ

ਜੇਕਰ ਕਿਸੇ ਨੇ ਸਾਡੇ ਵਲੋਂ ਅਪਮਾਨਤ ਕੀਤੇ ਜਾਣ ਜਾਂ ਦੁਰਵਿਹਾਰ ਕੀਤੇ ਜਾਣ ਤੋਂ ਮਗਰੋਂ ਵੀ ਸਾਡੇ ਨਾਲ ਪੁਨਰ ਸੰਪਰਕ ਜਾਂ ਸਬੰਧ ਬਣਾਉਣ ਦੀ ਕੋਸ਼ਿਸ਼ ਕੀਤੀ ਹੋਵੇ ਤਾਂ ਸਾਨੂੰ ਆਪਣੇ ਆਪ 'ਤੇ ਮਾਣ ਕਰਨਾ ਨਹੀਂ ਬਣਦਾ। ਹੋ ਸਕਦਾ ਓਹ ਸਾਡੇ ਨਾਲੋਂ ਜ਼ਿਆਦਾ ਸਿਆਣਾ ਹੋਵੇ ਜੋ ਆਪਣੀ ਹਉਮੈ ਨਾਲੋਂ ਸੁਖਾਵੇਂ ਸਬੰਧਾਂ ਨੂੰ ਵੱਧ ਮਹੱਤਵ ਦਿੰਦਾ ਹੋਵੇ। ਦੂਸਰਾ ਕਾਰਨ ਇਹ ਹੋ ਸਕਦਾ ਹੈ ਕਿ ਉਹ ਪਹਿਲਾਂ ਵਾਲਾ ਬੰਦਾ ਹੀ ਨਾ ਰਿਹਾ ਹੋਵੇ।

# ਆਜ਼ਾਦੀ

ਆਜ਼ਾਦੀ ਪਸੰਦ ਬੰਦੇ ਨੂੰ ਵੀ ਇਹ ਪਤਾ ਨਹੀਂ ਹੁੰਦਾ ਕਿ ਕਿ ਸਭ ਤੋਂ ਵੱਡੀ ਗੁਲਾਮੀ ਉਹ ਆਪਣੇ ਸੁਭਾਅ ਦੀ ਹੰਢਾਅ ਰਿਹਾ। ਵੱਡੇ ਵੱਡੇ ਨੁਕਸਾਨ ਕਰਾ ਕੇ ਵੀ ਆਖ਼ਰੀ ਦਮ ਤੱਕ ਇਸ ਗੁਲਾਮੀ ਦਾ ਅਹਿਸਾਸ ਨਹੀਂ ਹੁੰਦਾ। ਦੂਜੇ ਨੰਬਰ 'ਤੇ ਆਉਂਦੀ ਹੈ ਆਪਣੇ ਵਿਸ਼ਵਾਸਾਂ ਅਤੇ ਵਿਚਾਰਾਂ ਦੀ ਗੁਲਾਮੀ।

# ਛੋਟਿਆਂ

ਛੋਟਿਆਂ ਵਲੋਂ ਪ੍ਰਸੰਸਾ ਤੇ ਸਤਿਕਾਰ ਅਤੇ ਹਾਣੀਆਂ ਨਾਲ ਹਾਸਾ ਖੇਡਾਂ ਤੇ ਮੌਜ ਮਸਤੀ ਚਿੱਤ ਨੂੰ ਹੁਲਾਰੇ ਤਾਂ ਜ਼ਰੂਰ ਦਿੰਦੇ ਪਰ ਆਪਣੇ ਬੌਧਿਕ ਅਤੇ ਹੁਨਰ ਦੇ ਵਿਕਾਸ ਲਈ ਆਪ ਤੋਂ ਸਿਆਣਿਆਂ ਅਤੇ ਅਨੁਭਵੀ ਲੋਕਾਂ ਦੀ ਸੋਹਬਤ ਅਤੇ ਸੰਗਤ ਕਰਨੀ ਬਹੁਤ ਜ਼ਰੂਰੀ ਹੈ। ਪੂਰੀ ਲਾਹੇਵੰਦੀ ਲਈ ਚੰਗੇ ਸਰੋਤੇ ਹੋਣ ਦੀ ਸ਼ਰਤ ਹੈ।

*Original with;*
Jaswant Singh Zafar
*Digitized by;*
Panjab Digital Library



Original with:
Jaswant Singh Zafar
Digitized by:
Panjab Digital Library

# ਦੁੱਖ-ਸੁੱਖ

ਦੁੱਖ-ਸੁੱਖ, ਖੁਸ਼ੀ-ਗ਼ਮੀ, ਅਨੰਦ-ਖਿਝ ਤਾਂ ਆਪੋ-ਆਪਣੀ ਅਨੁਪਾਤ ਵਿਚ ਸਾਡੇ ਅੰਦਰ (ਸੁਭਾਅ, ਮਨ ਜਾਂ ਆਤਮਾ ਵਿਚ) ਮੌਜੂਦ ਹੁੰਦੇ ਹਨ ਬਾਹਰੀ ਹਾਲਤਾ ਤਾਂ ਇਹਨਾਂ ਨੂੰ ਪ੍ਰਗਟ ਕਰਨ ਦਾ ਬਹਾਨਾ ਦਿੰਦੇ ਹਨ। ਇਸੇ ਕਰਕੇ ਸਮਾਨ ਸਥਿਤੀਆਂ ਵਿਚ ਵੱਖ-ਵੱਖ ਬੰਦਿਆਂ ਦੇ ਪ੍ਰਗਟਾਵੇ ਜਾਂ ਪ੍ਰਤੀਕਰਮ ਵੱਖਰੇ-ਵੱਖਰੇ ਹੁੰਦੇ ਹਨ।

# ਜਿੰਨਾ

ਜਿੰਨਾ ਕੋਈ ਜ਼ਿਆਦਾ ਜੋਸ਼ ਵਾਲਾ ਹੋਵੇਗਾ ਓਸ ਦੇ ਲਾਈਲੱਗ ਹੋਣ ਦੀ ਸੰਭਾਵਨਾ ਵੀ ਓਨੀ ਜ਼ਿਆਦਾ ਹੋਵੇਗੀ। ਜੋਸ਼ ਵਾਲੇ ਲਈ ਗਿਆਨ (ਹੋਸ਼) ਦਾ ਹੋਣਾ ਇਸ ਕਰਕੇ ਜ਼ਿਆਦਾ ਜ਼ਰੂਰੀ ਹੁੰਦਾ ਕਿ ਉਹ ਲਾਈਲੱਗਤਾ ਦੇ ਪ੍ਰਭਾਵ ਹੇਠ ਗੁਮਰਾਹ ਨਾ ਹੋ ਜਾਵੇ।

# ਅਸੀਂ

ਅਸੀਂ ਜਿਹੋ ਜਿਹੇ ਵੀ ਹੋਈਏ, ਆਪਣੇ ਆਪ ਨੂੰ ਨਾ ਕੇਵਲ ਠੀਕ ਮੰਨਦੇ ਹਾਂ ਸਗੋਂ ਉੱਤਮ ਵੀ ਸਮਝਦੇ ਹਾਂ। ਜੇ ਕੋਈ ਓਪਰਾ ਸਾਨੂੰ ਸਾਡੀ ਕਮੀ ਦੱਸ ਕੇ ਸੁਧਾਰ ਕਰਨ ਲਈ ਕਹੇ ਤਾਂ ਓਹ ਸਾਨੂੰ ਬੁਰਾ ਲੱਗਦਾ ਹੈ। ਅਜਿਹੀ ਸਲਾਹ ਸਾਨੂੰ ਮਿਹਣੇ ਵਾਂਗ ਲੱਗਦੀ ਹੈ। ਮਿਹਣੇ ਦਾ ਨਤੀਜਾ ਸਾਰਥਿਕ ਹੋਵੇ, ਇਹ ਕਦੀ ਘੱਟ ਹੀ ਹੁੰਦਾ ਹੈ। ਪਰ ਜਿੱਥੇ ਪ੍ਰੇਮ ਹੋਵੇ ਓਥੇ ਹਰ ਸਲਾਹ ਬਿਨਾ ਹੀਲ ਹੁੱਜਤ ਦੇ ਮੰਨਣਾ ਚੰਗਾ ਲੱਗਦਾ ਹੈ। ਪ੍ਰੇਮੀਆਂ ਨੂੰ ਆਪਣੀ ਸਲਾਹ ਥੋਪਣੀ ਨਹੀਂ ਪੈਂਦੀ। ਗੱਲਾਂ ਗੱਲਾਂ ਵਿਚ ਹੀ ਦੂਸਰੇ ਦੀ ਰਾਇ ਬੁੱਝ ਲਈ ਜਾਂਦੀ ਹੈ। ਅਣਕਿਹਾ ਮਸ਼ਵਰਾ ਪ੍ਰੇਰਨਾਮਈ ਬਣ ਜਾਂਦਾ ਹੈ। ਚੰਗਿਆਂ ਦਾ ਹੋਰ ਚੰਗੇ ਹੋਣ ਨੂੰ ਜੀਅ ਕਰਦਾ ਹੈ। ਗੱਲ ਤਾਂ ਸਾਰੀ ਪ੍ਰੇਮ ਦੀ ਹੈ। ਨਤੀਜਾ ਖੁਸ਼ਕ ਸਲਾਹ ਨਾਲ ਨਹੀਂ ਪ੍ਰੇਮ ਭਰੇ ਸਬੰਧ ਨਾਲ ਆਉਂਦਾ ਹੈ।

*Original with;*
Jaswant Singh Zafar
*Digitized by;*
Panjab Digital Library



# ਆਪਣੇ

ਆਪਣੇ ਕਿਸੇ ਉਦਾਸ ਸੱਜਣ ਪਿਆਰੇ ਨੂੰ "ਖੁਸ਼ ਰਹੋ" ਜਾਂ "ਖੁਸ਼ ਰਿਹਾ ਕਰੋ" ਵਰਗੀ ਸਲਾਹ ਜਾਂ ਉਪਦੇਸ਼ ਦੇਣ ਨਾਲ ਕੋਈ ਲਾਭ ਨਹੀਂ ਹੁੰਦਾ। ਇਸ ਦੀ ਬਜਾਏ ਉਸ ਲਈ ਕੁਝ ਅਜਿਹਾ ਕੀਤਾ ਜਾਂ ਕਿਹਾ ਜਾਵੇ ਜਿਸ ਨਾਲ ਉਸ ਦਾ ਦਿਲ ਖੁਸ਼ ਹੋ ਜਾਵੇ।

# ਅਫ਼ਸਰ

ਅਫ਼ਸਰ ਦਾ ਇਮਾਨਦਾਰ ਜਾਂ ਰਿਸ਼ਵਤਖੋਰ ਹੋਣਾ ਪਹਿਲਾਂ ਉਸ ਦੀ ਪਤਨੀ ਅਤੇ ਬਾਅਦ ਵਿਚ ਜਵਾਨ ਬੱਚਿਆਂ ਦੀ ਇੱਛਾ ਜਾਂ ਪਸੰਦ 'ਤੇ ਬਹੁਤ ਨਿਰਭਰ ਕਰਦਾ। ਮੈਂ ਲਿਖਿਆ "ਬਹੁਤ ਨਿਰਭਰ" ਨਾ ਕਿ ਪੂਰਾ ਨਿਰਭਰ। ਹੋਰ ਵੀ ਅਨੇਕਾਂ ਕਾਰਨ ਹਨ।

*Original with;*
Jaswant Singh Zafar
*Digitized by;*
Panjab Digital Library



## ਤੁਸੀਂ

ਤੁਸੀਂ ਜਿਸ ਅਹੁਦੇ ਜਾਂ ਪੁਰਸਕਾਰ ਦੇ ਯੋਗ ਹੋ ਉਸ ਦੇ ਹਾਸਲ ਨਾ ਹੋਣ ਨਾਲ ਵੀ ਤੁਹਾਡੀ ਇਜ਼ੱਤ ਨਹੀਂ ਘਟਦੀ ਪਰ ਯੋਗ ਨਾ ਹੋਣ ਦੇ ਬਾਵਜੂਦ ਹਾਸਲ ਕਰਨ ਨਾਲ ਤੁਹਾਡੀ ਅਤੇ ਉਸ ਅਹੁਦੇ ਜਾਂ ਪੁਰਸਕਾਰ ਦੀ ਇਜ਼ਤ ਜ਼ਰੂਰ ਘਟਦੀ ਹੈ।

## ਮੈਂ

ਮੈਂ ਜੋ ਵੀ ਬੋਲੀ ਬੋਲਦਾ ਜਾਂ ਲਿਖਦਾ ਹਾਂ ਉਸ ਦੀ ਕੋਈ ਸੇਵਾ ਨਹੀਂ ਸਗੋਂ ਵਰਤੋਂ ਕਰਦਾ ਹਾਂ। ਵਰਤੋਂ ਕਰਦਾ ਹਾਂ ਉਸ ਬੋਲੀ ਨੂੰ ਜਾਨਣਹਾਰਿਆਂ ਨਾਲ ਆਪਣੀ ਕੋਈ ਗੱਲ, ਸੂਚਨਾ, ਵਿਚਾਰ ਜਾਂ ਜਜ਼ਬਾ ਸਾਂਝਾ ਕਰਨ ਲਈ। ਜਦ ਕੋਈ ਮਾਂ ਬੋਲੀ ਦੀ ਸੇਵਾ ਕਰਨ ਦੀ ਗੱਲ ਕਰਦਾ ਹੈ ਤਾਂ ਇੰਝ ਲਗਦਾ ਜਿਵੇਂ ਕਿਤੇ ਵੱਡੇ ਡਾਕਟਰਾਂ ਨੇ ਜੁਆਬ ਦੇ ਦਿੱਤਾ ਹੋਵੇ, "ਕਰ ਲਓ ਭਾਈ ਸੇਵਾ ਜਿੰਨੀ ਹੁੰਦੀ ਏ, ਹੁਣ ਬਚਣੀ ਤਾਂ ਹੈ ਨਹੀਂ।"

Original work;
Jaswant Singh Zafar
Digitized By;
Panjab Digital Library

# ਅਸੀਂ

ਅਸੀਂ ਪੰਜਾਬੀਆਂ ਨੇ ਵਿਗਿਆਨ ਬੇਗ਼ਾਨੀ ਭਾਸ਼ਾ ਵਿਚ ਪੜ੍ਹਿਆ, ਇਸ ਕਰਕੇ ਸਾਡਾ ਨਜ਼ਰੀਆ ਜਾਂ ਅਵਚੇਤਨ ਵਿਗਿਆਨਕ ਢੰਗ ਦਾ ਨਹੀਂ ਹੈ। ਵਹਿਮ ਭਰਮ ਪੰਜਾਬੀ 'ਚ ਸਿੱਖੇ ਹੋਣ ਕਰਕੇ ਇਹ ਸਾਡੇ ਮਨਾਂ 'ਚ ਪੱਕੇ ਹੋਏ ਹਨ।

# ਏਸ਼ੀਆਈ

ਏਸ਼ੀਆਈ ਦੇਸ਼ ਮਲੇਸ਼ੀਆ ਦਾ ਇਕ ਸਮੁੰਦਰੀ ਟਾਪੂ (ਇਲਾਕਾ) ਹੈ ਪਿਨਾਂਗ ਓਥੇ ਇਕ ਹੋਟਲ ਹੈ ਨਜ਼ਾ ਤਲੱਈਆ। ਨਜ਼ਾ ਅਤੇ ਤਲੱਈਆ ਦੋਨੋਂ ਮਲੇਸ਼ੀਅਨ ਸ਼ਬਦ ਹਨ। ਨਜ਼ਾ ਜਾਣੀ ਨਜ਼ਾਰਾ ਅਤੇ ਤਲੱਈਆ ਜਾਣੀ ਤਲਾਅ ਜਾਣੀ ਸਮੁੰਦਰ। ਜੀ ਹਾਂ, ਹੋਟਲ ਨਜ਼ਾ ਤਲੱਈਆ ਦਾ ਮਤਲਬ ਹੈ ਹੋਟਲ 'ਸਮੁੰਦਰੀ ਨਜ਼ਾਰਾ' ਜਿਸ ਨੂੰ ਅੰਗਰੇਜ਼ੀ ਵਾਲੇ ਹੋਟਲ ਸੀਅ ਵਿਊ ਕਹਿੰਦੇ ਹਨ। ਏਸ਼ੀਆ ਦਾ ਇਕ ਹੋਰ ਦੇਸ਼ ਹੈ ਇੰਡੋਨੇਸ਼ੀਆ। ਉਥੋਂ ਦੀ ਇਕ ਗਾਇਕਾ ਹੈ ਤੀਸਾ ਅੰਗਰੇਨੀ (Tisa Anggraeni)। ਉਹ ਆਪਣੀ ਮਾਂ ਬੋਲੀ Bahasa ਵਿਚ ਗਾਉਂਦੀ ਹੈ। Bahasa ਦਾ ਉਚਾਰਨ ਉਹ 'ਭਾਸ਼ਾ' ਕਰਦੀ ਹੈ। ਅਸੀਂ ਆਪਣੇ ਨੇੜਲਿਆਂ ਤੋਂ ਦੂਰ ਹਾਂ।



*Original with;*
Jaswant Singh Zafar
*Digitized by;*
Panjab Digital Library

# ਹਾਸੇ

ਹਾਸੇ ਮਸ਼ਕੂਲੇ ਵਾਲੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਇਕ ਲਤੀਫ਼ਾ ਸੁਣਾਉਣ ਲੱਗੇ, "ਇਕ ਵਾਰ ਦੋ ਕਵੀ ਆਪਣੇ ਖਿਆਲਾਂ 'ਚ ਮਸਤ ਤੁਰੇ ਜਾ ਰਹੇ ਸਨ ਕਿ ਬੇਧਿਆਨੀ ਕਾਰਨ ਉਹਨਾਂ ਵਿਚੋਂ ਇਕ ਗਟਰ ਵਿਚ ਡਿੱਗ ਪਿਆ। ਨਾਲ ਦੇ ਨੇ ਰੌਲ਼ਾ ਪਾਇਆ ਤਾਂ ਆਸ ਪਾਸ ਦੇ ਲੋਕਾਂ ਨੇ 'ਕੱਠੇ ਹੋ ਕੇ ਉਸ ਨੂੰ ਬਾਹਰ ਕੱਢਿਆ।" ਏਨੀ ਗੱਲ ਸੁਣ ਕੇ ਕਵੀ ਸੁਰਜੀਤ ਪਾਤਰ ਨੇ ਤੁਰੰਤ ਕਿਹਾ, "ਕੱਢਣ ਵਾਲੇ ਜ਼ਰੂਰ ਕੋਈ ਗਾਇਕ ਹੋਣਗੇ।" ਇਹ ਟਿੱਪਣੀ ਬੜੀ ਸੰਕੇਤਕ ਹੈ। ਕਵੀ ਅਤੇ ਗਾਇਕ ਇਕ ਦੂਸਰੇ ਦੀ ਲੋੜ ਹਨ, ਪੂਰਕ ਹਨ। ਗਾਇਕ ਕਵੀਆਂ ਨੂੰ ਜਿਉਂਦਾ ਰੱਖਦੇ ਹਨ। ਉਹਨਾਂ ਨੂੰ ਗੁੰਮਨਾਮੀ ਦੇ ਹਨੇਰੇ 'ਚੋਂ ਬਾਹਰ ਲਿਆਉਂਦੇ ਹਨ। ਗਾਇਕਾਂ ਦੇ ਕਰਮ ਨਾਲ ਸੁੰਦਰ ਗੀਤ ਕਿਤਾਬਾਂ ਦੇ ਤਹਿਖ਼ਾਨਿਆਂ 'ਚੋਂ ਬਾਹਰ ਆਉਂਦੇ ਅਤੇ ਲੋਕਾਈ ਤੱਕ ਪਹੁੰਚ ਬਣਾਉਂਦੇ ਹਨ। 'ਵੋ ਕਾਗਜ਼ ਕੀ ਕਸ਼ਤੀ ਵੋ ਬਾਰਿਸ਼ ਕਾ ਪਾਨੀ' ਵਰਗੀਆਂ ਰਚਨਾਵਾਂ ਗਾ ਕੇ ਗਾਇਕ ਜਗਜੀਤ ਸਿੰਘ ਨੇ ਸੁਦਰਸ਼ਨ ਫ਼ਾਕਿਰ ਵਰਗੇ ਬੇਕਿਤਾਬੇ ਕਵੀ ਨੂੰ ਅਮਰ ਕੀਤਾ।

# ਜਿੰਨਾ

ਜਿੰਨਾ ਚਿਰ ਅਸੀਂ ਆਪਣੇ ਆਰ-ਪਰਿਵਾਰ, ਆਪਣੇ ਕਰੀਬੀਆਂ, ਆਪਣੇ ਭਾਈਚਾਰੇ ਅਤੇ ਲੋਕਾਈ ਦੇ ਦਿਲਾਂ ਨੂੰ ਠੰਡ ਪਾਉਣ ਵਾਲੀਆਂ ਗੱਲਾਂ ਅਤੇ ਕਰਮ ਨਹੀਂ ਕਰਦੇ ਓਨਾਂ ਚਿਰ ਸਾਡੀ ਗਤੀ ਨਹੀਂ। ਫਿਲਹਾਲ ਬਹੁਤਾ ਰਿਵਾਜ਼ ਅਤੇ ਮਾਹੌਲ ਤਾਂ ਆਪਣੇ ਲੋਕਾਂ ਦੇ ਸੀਨੇ ਸਾੜਨ ਵਾਲਾ ਹੀ ਹੈ। ਜਿਵੇਂ ਇਕ ਗੀਤ ਸੁਣਨਾ ਪਿਆ:

> "ਸਾਡੀ 'ਕੱਠਿਆਂ ਦੀ ਪਿਕ ਕੋਈ ਪਾ ਦੇ ਚੰਨ ਵੇ,
> ਮੈਂ ਕੁੜੀਆਂ ਦੇ ਕਾਲਜੇ ਮਚਾਉਣੇ ਹੁੰਦੇ ਆ"

ਦੂਜਿਆਂ ਦੇ ਕਾਲਜੇ ਮਚਾਉਣ ਦਾ ਏਜੰਡਾ ਧਾਰਨ ਵਾਲੇ ਜਿਉਂਦੇ ਜੀਅ ਆਪ ਤਾਂ ਭਟਕਦੇ ਹੀ ਹਨ, ਮਗਰੋਂ ਪ੍ਰੇਤ ਬਣ ਕੇ ਆਪਣੇ ਲੋਕਾਂ ਨੂੰ ਵੀ ਚੈਨ ਨਹੀਂ ਲੈਣ ਦਿੰਦੇ।

*Original with;*
Jaswant Singh Zafar
*Digitized by;*
Panjab Digital Library

# ਪੂਰੀ

ਪੂਰੀ ਤਰ੍ਹਾਂ ਰੱਬ-ਰੱਤੇ ਪੂਰਨ ਆਨੰਦ ਵਿਚ ਹੁੰਦੇ ਹੋਣਗੇ, ਰੱਬ ਨਾਲ ਉਕਾ ਵਾਸਤਾ ਨਾ ਰੱਖਣ ਵਾਲੇ ਨਾਸਤਿਕ ਵੀ ਮੌਜ ਵਿਚ ਹੁੰਦੇ ਹਨ। ਮੁਹੱਬਤ ਵਿਚ ਵੀ ਕੁਛ ਇਸ ਤਰ੍ਹਾਂ ਹੀ ਹੁੰਦਾ ਲੱਗਦਾ। ਪੂਰਨ ਯੋਗ (ਸੰਯੋਗ) ਦੀ ਸਥਿਤੀ ਆਨੰਦਮਈ ਹੁੰਦੀ ਹੋਵੇਗੀ, ਸੰਪੂਰਨ ਵਿਯੋਗ ਵਾਲਿਆਂ ਨੂੰ ਵੀ ਕੋਈ ਸਮੱਸਿਆ ਨਹੀਂ ਹੁੰਦੀ ਹੋਣੀ। ਵਿੱਚ-ਵਿਚਾਲੇ ਵਾਲਿਆਂ ਦਾ ਔਖਾ।

# ਕਈ

ਕਈ ਵਾਰ ਅਸੀਂ ਆਪਣੇ ਜਾਂ ਆਪਣੇ ਕਿਸੇ ਕਰੀਬੀ ਦੇ ਕਿਸੇ ਔਗੁਣ ਨੂੰ ਹੀ ਵੱਡਾ ਗੁਣ ਸਮਝ ਕੇ ਉਸਦੀ ਦੇਰ ਤੱਕ ਪਰਵਰਿਸ਼ ਕਰਦੇ ਰਹਿੰਦੇ ਹਾਂ। ਬੁਰਾ ਨਤੀਜਾ ਆਉਣ 'ਤੇ ਕਹਿੰਦੇ ਹਾਂ, "ਸਮਝ ਨੀਂ ਲੱਗੀ ਕੁਛ, ਸਮਝੋਂ ਬਾਹਰ ਈ ਹੋ ਗਈ ਗੱਲ।" ਫਿਰ 'ਹਮਦਰਦ' ਢਿੱਡ 'ਚ ਮੁਸਕਰਾਉਂਦੇ ਹਨ।

# ਜਿਹਨਾਂ

ਜਿਹਨਾਂ ਨੂੰ ਤੁਹਾਡੇ ਮਨ ਦੀ ਵੇਦਨਾ ਸੰਵੇਦਨਾ ਦਾ ਬਿਨ ਬੋਲੇ ਪਤਾ ਹੁੰਦਾ ਉਹ ਕਿਸੇ ਹੋਰ ਸਾਂਝ ਤੋਂ ਬਿਨਾਂ ਵੀ ਤੁਹਾਡੇ 'ਆਪਣੇ' ਹੁੰਦੇ ਹਨ। ਦੂਜੇ ਪਾਸੇ ਜ਼ਰੂਰੀ ਨਹੀਂ ਕਿ ਤੁਹਾਡੇ ਕਿਸੇ ਦੁਨਿਆਵੀ ਤੌਰ 'ਤੇ 'ਕਰੀਬੀ' ਨੂੰ ਉੱਚੀ ਉੱਚੀ ਚੀਕ ਕੇ ਦੱਸਣ ਜਾਂ ਕਿਸੇ ਦੁੱਖ ਵਿਚ ਮਰਨ 'ਤੇ ਵੀ ਤੁਹਾਡੇ ਦੁੱਖ ਦਾ ਇਲਮ ਹੋਵੇ।

*Original with;*
Jaswant Singh Zafar
*Digitized by;*
Panjab Digital Library

# ਸਾਨੂੰ

ਸਾਨੂੰ ਸਭ ਨੂੰ ਆਪੋ ਆਪਣੇ ਸਾਰੇ ਦੇ ਸਾਰੇ ਗੁਣ ਬਹੁਤ ਚੰਗੀ ਤਰ੍ਹਾਂ ਪਤਾ ਹੁੰਦੇ। ਪਰ ਕਿਸੇ ਔਗੁਣ ਬਾਰੇ ਉੱਕਾਂ ਕੋਈ ਇਲਮ ਨਹੀਂ ਹੁੰਦਾ। ਸਾਰੇ ਔਗੁਣਾਂ ਨੂੰ ਪੂਰੇ ਵਿਸਥਾਰ ਨਾਲ ਜਾਨਣ ਲਈ ਅਤੇ ਉਦਾਹਰਣਾ ਸਹਿਤ ਸਮਝਣ ਲਈ ਵਿਆਹ ਕਰਾਉਣਾ ਪੈਂਦਾ ਹੈ।



*Original with;*
Jaswant Singh Zafar
*Digitized by;*
Panjab Digital Library



Original with;
Jaswant Singh Zafar
Digitized by;
Panjab Digital Library

# ਕਿਸੇ

ਕਿਸੇ ਨੂੰ ਪਿਆਰ ਕਰਨਾ ਅਤੇ ਕਿਸੇ 'ਤੇ ਕਬਜ਼ਾ ਕਰਨਾ ਅਸਲੋਂ ਵੱਖੋ-ਵੱਖਰੀਆਂ ਗੱਲਾਂ ਹਨ। ਕਬਜ਼ੇ ਦੀ ਭਾਵਨਾ ਪਿਆਰ ਦਾ ਸਭ ਤੋਂ ਵੱਧ ਨਾਸ ਕਰਦੀ ਹੈ। ਇਵੇਂ ਹੀ ਧਾਰਮਿਕ ਹੋਣਾ (ਧਰਮ ਅਨੁਸਾਰ ਜੀਵਨ ਜੀਣਾ) ਅਤੇ ਧਰਮ 'ਤੇ ਜੱਫਾਮਾਰੀ ਕਰਨਾ ਵੀ ਬਿਲਕੁਲ ਉਲਟ ਖੇਡਾਂ ਹਨ। ਸਾਡੇ ਸਮਾਜ ਵਿਚ ਰਾਜਨੀਤਕ, ਧੜੇਬੰਦਕ, ਆਰਥਿਕ, ਵਪਾਰਕ ਅਤੇ ਪੇਸ਼ਾਵਰਾਨਾ ਹਿੱਤਾਂ ਲਈ ਧਰਮ ਤੇ ਜੱਫਾਮਾਰੀ ਦਾ ਰੁਝਾਨ ਵਧੀ ਜਾਂਦਾ ਹੈ। ਇਸੇ ਤੋਂ ਧਰਮ ਦੇ ਵਿਕਾਸ ਨੂੰ ਸਭ ਤੋਂ ਵੱਧ ਖ਼ਤਰਾ ਹੈ।

# ਮੇਰੇ

"ਮੇਰੇ ਵਾਲੇ ਗੁਣ ਸਿਰਫ਼ ਮੇਰੇ ਵਿਚ ਹੀ ਹਨ"- ਇਹ ਹੰਕਾਰ ਬੰਦੇ ਜਾਂ ਭਾਈਚਾਰੇ ਦਾ ਉਭਾਰ ਤੇ ਸੁਧਾਰ ਨਹੀਂ ਹੋਣ ਦਿੰਦਾ।

"ਮੇਰੇ ਵਾਲੇ ਔਗੁਣ ਤਾਂ ਸਾਰਿਆਂ ਵਿਚ ਹੀ ਹਨ"- ਇਹ ਲਿਹਾਜ਼ ਬੰਦੇ ਜਾਂ ਭਾਈਚਾਰੇ ਨੂੰ ਨਿਘਾਰ ਵੱਲ ਲਈ ਜਾਂਦੀ ਹੈ।

# ਹੋ

ਹੋ ਸਕਦਾ, ਸੱਚ ਕੌੜਾ ਹੁੰਦਾ ਹੋਵੇ ਪਰ ਜ਼ਰੂਰੀ ਨਹੀਂ ਕਿ ਹਰ ਕੌੜੀ ਗੱਲ ਸੱਚੀ ਤੇ ਸਹੀ ਹੋਵੇ। ਅਸਲ ਵਿਚ ਜਿਉਂ ਜਿਉਂ ਸਾਡਾ ਸੱਚੇ ਜਾਂ ਸਹੀ ਹੋਣ ਦਾ ਅਹਿਸਾਸ ਵਧਦਾ ਹੈ ਤਿਉਂ ਤਿਉਂ ਸਾਨੂੰ ਲਗਦਾ ਹੈ ਕਿ ਸਾਨੂੰ ਹੋਰਾਂ ਨਾਲ ਬਦਤਮੀਜ਼ੀ ਜਾਂ ਬਦਕਲਾਮੀ ਕਰਨ ਦਾ ਅਧਿਕਾਰ ਹੈ। ਜਿਹਨਾਂ ਕੋਲ ਸੱਚ ਅਤੇ ਮਿਠਾਸ ਦੋਵੇਂ ਭਰਪੂਰ ਰੂਪ ਵਿਚ ਹੋਣ ਉਹਨਾਂ ਨੂੰ ਸਫ਼ਲ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਪੰਜਾਬ ਦੇ ਨਿਘਾਰ ਮੁਖੀ ਹੋ ਜਾਣ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਇਸ ਨਾਲ ਸਬੰਧਤ ਬਹੁਤੀਆਂ ਧਿਰਾਂ ਨੇ ਕੁੜੱਤਣ ਨੂੰ ਆਪੋ ਆਪਣੇ ਸੱਚ ਦਾ ਪਰਚਮ ਬਣਾਇਆ ਹੋਇਆ ਹੈ। ਕੌੜੇ ਹੋ ਹੋ ਕੇ ਖ਼ੁਦ ਨੂੰ ਸੱਚੇ ਦਿਖਾਉਣ ਦਾ ਰਿਵਾਜ਼ ਪੈਂਦਾ ਜਾਂਦਾ ਹੈ।

Original with:
Jaswant Singh Zafar
Digitized by:
Panjab Digital Library



# ਜੇ

ਜੇ ਅਸੀਂ ਆਪਣੀਆਂ ਕਮੀਆਂ ਪੇਸ਼ੀਆਂ ਨੂੰ ਦੂਰ ਕਰਨ ਜਾਂ ਰੱਵਈਏ ਨੂੰ ਸੁਧਾਰਨ ਦੀ ਬਜਾਏ ਓਹਨਾਂ ਨੂੰ ਆਪਣੇ ਹਾਲਤਾਂ, ਮਜਬੂਰੀਆਂ ਜਾਂ ਹੋਰ ਕਾਰਨਾਂ ਦੇ ਹਵਾਲੇ ਨਾਲ ਉਚਿਤ ਸਿੱਧ ਕਰਨ ਲੱਗੇ ਰਹਾਂਗੇ ਤਾਂ ਭਵਿੱਖ ਵਿਚ ਵੀ ਸਾਨੂੰ ਓਹੋ ਜਿਹਾ ਮਾਣ-ਤਾਣ, ਸਫ਼ਲਤਾ, ਇੱਜ਼ਤ, ਪਿਆਰ ਆਦਿ ਪ੍ਰਾਪਤ ਹੋਵੇਗਾ ਜਿਹੋ ਜਿਹਾ ਹੁਣ ਤੱਕ ਹੁੰਦਾ ਰਿਹਾ ਹੈ।

# ਮਾਫ਼

ਮਾਫ਼ ਕਰਨ ਦਾ ਫਾਇਦਾ ਮਾਫ਼ੀ ਮੰਗਣ ਵਾਲੇ ਨਾਲੋਂ ਜ਼ਿਆਦਾ ਮਾਫ਼ ਕਰਨ ਵਾਲੇ ਨੂੰ ਹੀ ਹੁੰਦਾ। ਦੂਜੇ ਸ਼ਬਦਾਂ ਵਿਚ ਮਾਫ਼ੀ ਦੀ ਜ਼ਰੂਰਤ ਮਾਫ਼ੀ ਮੰਗਣ ਵਾਲੇ ਨਾਲੋਂ ਕਿਤੇ ਜ਼ਿਅਦਾ ਮਾਫ਼ ਕਰਨ ਵਾਲੇ ਨੂੰ ਹੁੰਦੀ ਹੈ। ਇਸ ਲਈ ਮਾਫ਼ੀ ਮੰਗਣ ਤੋਂ ਪਹਿਲਾਂ ਜਾਂ ਬਿਨਾਂ ਮਾਫ਼ੀ ਮੰਗੇ ਹੀ ਮਾਫ਼ ਕਰਨ ਦੀ ਆਦਤ ਪਾਉਣ ਦਾ ਬਹੁਤ ਫਾਇਦਾ। ਬੰਦਾ ਹੌਲ਼ਾ ਫੁੱਲ ਰਹਿੰਦਾ। ਨਹੀਂ ਤਾਂ ਰੋਸਿਆਂ, ਸ਼ਿਕਵਿਆਂ, ਸ਼ਿਕਾਇਤਾਂ, ਗੁੱਸੇ, ਕਰੋਧ, ਨਫ਼ਰਤ ਆਦਿ ਨਾਲ ਪੰਡ ਏਨੀ ਭਾਰੀ ਹੋਈ ਜਾਂਦੀ ਹੈ ਕਿ ਬੰਦਾ ਤੁਰਨੋਂ ਰਹਿ ਜਾਂਦਾ, ਜਾਣੀ ਖੜੋਤ ਗ੍ਰੱਸਤ ਹੋ ਜਾਂਦਾ। ਖੜੋਤ ਗ੍ਰੱਸਤ ਬੰਦਾ ਪਿਆਰ, ਸ਼ਾਂਤੀ ਅਤੇ ਖੁਸ਼ੀ ਦਾ ਭਾਗੀ ਨਹੀਂ ਹੋ ਸਕਦਾ।

Original with;
Jaswant Singh Zafar
Digitized by;
Panjab Digital Library

# ਜਬਰੀ

ਜਬਰੀ ਮਾਫ਼ੀਆਂ ਮੰਗਵਾਉਣ ਵਾਲੇ ਛੋਟੇ ਲੋਕ ਹੁੰਦੇ।

# ਫਿਰਕੂ

ਫਿਰਕੂ ਸੋਚ ਦੀ ਸਭ ਤੋਂ ਵੱਧ ਦੁਸ਼ਮਣੀ ਆਪਣੇ ਹੀ ਮਜ਼ਹਬ ਦੇ ਪਾਵਨ ਗਰੰਥਾਂ ਵਿਚ ਦਰਜ ਸਿਖਿਆਵਾਂ ਅਤੇ ਸਿਧਾਤਾਂ ਨਾਲ ਹੁੰਦੀ ਹੈ।

# ਭਲਾ

ਭਲਾ ਰੱਬ ਨੂੰ ਵਕੀਲਾਂ ਅਤੇ ਆਪਣੇ ਰਖਵਾਲਿਆਂ ਦੀ ਲੋੜ ਹੋ ਸਕਦੀ ਹੈ? ਵਕੀਲ ਜ਼ੁਬਾਨ-ਜ਼ੋਰ ਨਾਲ ਅਤੇ ਰਖਵਾਲਾ ਤਨ-ਜ਼ੋਰ ਨਾਲ ਲੜਦੇ ਹਨ, ਇਹ ਪਿਆਰ ਪੈਦਾ ਨਹੀਂ ਕਰਦੇ ਹੁੰਦੇ। ਹੋਰਾਂ ਦੇ ਦਿਲ ਵਿਚ ਰੱਬ ਪ੍ਰਤੀ ਪਿਆਰ ਤਾਂ ਰੱਬ ਦੇ ਪਿਆਰੇ ਹੀ ਪੈਦਾ ਕਰਦੇ ਹਨ।

# ਆਦਿ

ਆਦਿ ਕਾਲ ਤੋਂ ਮਨੁੱਖ ਆਸਤਕ ਸੀ, ਓਦੋਂ ਰੱਬ ਦੇ ਵਕੀਲ ਅਤੇ ਰਖਵਾਲੇ ਨਹੀਂ ਹੁੰਦੇ ਹੋਣੇ। ਬਹੁਤੀ ਨਾਸਤਿਕਤਾ ਤਾਂ ਰੱਬ ਦੇ ਆਪੇ ਬਣੇ ਵਕੀਲਾਂ ਅਤੇ ਰਖਵਾਲਿਆਂ ਦੀ ਦੇਣ ਹੈ। ਮੁਕਾਬਲੇਬਾਜੀ ਅਤੇ ਆਪਸ ਵਿਚ ਲੜਨਾ ਖਹਿਬੜਨਾ ਅਤੇ ਲੋਕਾਂ ਅੰਦਰ ਜ਼ਹਿਰ ਭਰਨਾ ਇਨ੍ਹਾਂ ਦੇ ਧੰਦੇ ਦਾ ਬੁਨਿਆਦੀ ਅੰਗ ਜਾਂ ਜ਼ਰੂਰਤ ਹੈ। ਹਉਮੈ, ਈਰਖਾ, ਕੁੜੱਤਣ, ਧੌਂਸ ਆਦਿ ਤੋਂ ਰਹਿਤ ਰੱਬ ਦੇ ਪਿਆਰਿਆਂ ਨੂੰ ਦਿਲੋਂ ਨਮਸਕਾਰ।

*Original with:*
Jaswant Singh Zafar
*Digitized by:*
Panjab Digital Library



## ਹਰ

ਹਰ ਅੰਧ ਵਿਸ਼ਵਾਸ ਪਿਛੇ ਵੀ ਕੋਈ ਕਾਰਨ ਜਾਂ ਤਰਕ ਕਾਰਜਸ਼ੀਲ ਹੁੰਦਾ ਹੈ। ਤਰਕਸ਼ੀਲਤਾ ਨੂੰ ਇਕਲੌਤੀ ਮਹੱਤਵਪੂਰਨ ਜਾਂ ਸਿਰੇ ਦੀ ਚੀਜ਼ ਸਮਝਣਾ ਵੀ ਇਕ ਅੰਧ ਵਿਸ਼ਵਾਸ ਹੀ ਹੈ।

## ਬਾਬੇ

ਬਾਬੇ ਨਾਨਕ ਨੂੰ ਵਾਜਾਂ ਮਾਰ ਮਾਰ ਅਖ਼ੀਰ ਦੁਨੀਆਂ ਇਸ ਨਤੀਜੇ ਤੇ ਪਹੁੰਚੀ ਹੈ ਕਿ ਉਹਨਾਂ ਨੇ ਦੁਬਾਰਾ ਨਹੀਂ ਆਉਣਾ। ਪਰ ਔਰੰਗਜ਼ੇਬ ਵਰਦੀਆਂ ਬਦਲ-ਬਦਲ ਕੇ ਆਈ ਜਾਂਦੇ ਹਨ।

*Original with;*
Jaswant Singh Zafar
*Digitized by;*
Panjab Digital Library

## ਜੇ

ਜੇ ਕੋਈ ਆਸਤਕ ਕਿਸੇ ਨੂੰ ਨਾਸਤਕ ਹੋਣ ਕਰਕੇ ਨਫ਼ਰਤ ਕਰਦਾ ਹੈ ਤਾਂ ਉਹ ਖ਼ੁਦ ਵੀ ਆਸਤਕ ਨਹੀਂ। ਜੇ ਕੋਈ ਨਾਸਤਕ ਕਿਸੇ ਨੂੰ ਆਸਤਕ ਹੋਣ ਕਰਕੇ ਨਫ਼ਰਤ ਕਰਦਾ ਹੈ ਤਾਂ ਉਹ ਵੀ ਫਿਰਕਾਪ੍ਰਸਤ ਹੈ।

## ਦੂਸਰਿਆਂ

ਦੂਸਰਿਆਂ ਦੇ ਅੰਧ-ਵਿਸ਼ਵਾਸ ਸਾਨੂੰ ਸਾਫ ਸਪੱਸ਼ਟ ਨਜ਼ਰ ਆਉਂਦੇ ਹਨ। ਆਪਣੇ ਅੰਧ ਵਿਸ਼ਵਾਸ ਸਾਨੂੰ ਬਿਲਕੁਲ ਦਿਖਾਈ ਨਹੀਂ ਦਿੰਦੇ ਹੁੰਦੇ, ਉਹ ਸਾਨੂੰ ਅਟੱਲ ਸਚਾਈ ਜਾਂ ਸ੍ਰੇਸ਼ਟ ਗਿਆਨ ਲਗਦੇ ਹਨ। ਦੂਜੇ ਲਫ਼ਜ਼ਾਂ ਵਿਚ, ਅਸੀਂ ਆਪਣੇ ਅੰਧ ਵਿਸ਼ਵਾਸਾਂ ਪ੍ਰਤੀ ਬਿਲਕੁਲ ਅੰਨ੍ਹੇ ਹੁੰਦੇ ਹਾਂ। ਤਦੇ ਤਾਂ ਉਹਨਾਂ ਨੂੰ ਅੰਧ ਵਿਸ਼ਵਾਸ ਕਹੀਦਾ ਹੈ। ਸੰਸਾਰ ਵਿਚ ਅੰਧ ਵਿਸ਼ਵਾਸਾਂ ਤੋਂ ਰਹਿਤ ਕੋਈ ਨਹੀਂ, ਫਿਰ ਵੀ ਹਰ ਕੋਈ ਇਹੀ ਸਮਝਦਾ ਹੈ, "ਮੈਂ ਬਿਲਕੁਲ ਅੰਧ-ਵਿਸ਼ਵਾਸੀ ਨਹੀਂ, ਮੇਰਾ ਕੋਈ ਅੰਧ-ਵਿਸ਼ਵਾਸ ਨਹੀਂ।" ਇਹ ਸਭ ਦਾ ਸਾਂਝਾ ਅਤੇ ਸਭ ਤੋਂ ਵੱਡਾ ਅੰਧ ਵਿਸ਼ਵਾਸ ਹੈ।

## ਆਪਣੇ

ਆਪਣੇ ਆਪ ਨੂੰ ਠੀਕ ਕੀਤੇ ਜਾਂ ਠੀਕ ਰੱਖੇ ਬਗ਼ੈਰ ਹੋਰਾਂ ਨੂੰ ਸੁਧਾਰਨ ਲੱਗਾਂਗੇ ਤਾਂ ਸੁਧਾਰ ਦੀ ਬਜਾਏ ਨਵੇਂ ਵਿਗਾੜ ਪੈਦਾ ਹੋਣਗੇ। ਇਸੇ ਕਰਕੇ ਅੱਜ ਕੱਲ੍ਹ ਦੀ ਪ੍ਰਚਲਤ ਸਿਆਸਤ ਮਸਲੇ ਨਜਿੱਠਣ ਦੀ ਬਜਾਏ ਨਵੇਂ ਤੋਂ ਨਵੇਂ ਮਸਲੇ ਪੈਦਾ ਕਰਨ ਵਾਲੀ ਬਣ ਗਈ ਹੈ। ਕਿਸੇ ਸਥਿਤੀ 'ਚ ਆਪ ਕੁਝ ਸਿੱਖਣ ਦੀ ਬਜਾਏ ਹੋਰਾਂ ਨੂੰ ਹੀ ਸਬਕ ਸਿਖਾਉਣ ਦੀ ਸੋਚਣ ਨਾਲ ਕੋਈ ਪ੍ਰਾਪਤੀ ਜਾਂ ਭਲਾ ਨਹੀਂ ਹੁੰਦਾ।

*Original with;*
Jaswant Singh Zafar
*Digitized by;*
Panjab Digital Library



## ਵੈਸੇ

ਵੈਸੇ ਤਾਂ ਚੰਗੀ ਫਿਕਸ਼ਨ ਵਿਚ ਕੁਝ ਕਵਿਤਾ ਜ਼ਰੂਰ ਹੁੰਦੀ ਹੈ ਅਤੇ ਚੰਗੀ ਕਵਿਤਾ ਵਿਚ ਕੁਝ ਫਲਸਫ਼ਾ ਵੀ ਹੁੰਦਾ ਹੈ। ਪਰ ਮੈਨੂੰ ਸਿੱਖ ਦਰਸ਼ਨ ਤੇ ਇਤਿਹਾਸ ਸੁਧੀ ਕਵਿਤਾ ਲਗਦੇ ਹਨ, ਬੁੱਧ ਮੱਤ ਨਿਰਾ ਫਲਸਫਾ ਅਤੇ ਸਨਾਤਨ ਧਰਮ ਕਾਫ਼ੀ ਹੱਦ ਤੱਕ ਫਿਕਸ਼ਨ।

## ਹੋਰ

ਹੋਰ ਜਿਵੇਂ ਮਰਜੀ ਹੋਵੇ ਆਵਾਜ਼ ਅਤੇ ਹਵਾ ਦੇ ਪ੍ਰਦੂਸ਼ਨ ਦੀ ਦ੍ਰਿਸ਼ਟੀ ਤੋਂ ਦੁਸਹਿਰਾ, ਦੀਵਾਲੀ ਅਤੇ ਪ੍ਰਭਾਤ ਫੇਰੀਆਂ ਅਤੇ ਨਗਰ ਕੀਰਤਨਾਂ ਵਾਲੇ ਗੁਰਪੁਰਬ ਹਿੰਦੂਆਂ, ਸਿੱਖਾਂ ਸਮੇਤ ਸਮੂਹ ਪੰਜਾਬੀਆਂ ਦੇ ਸਾਂਝੇ ਤਿਉਹਾਰ ਹਨ।

## ਜਦੋਂ

ਜਦੋਂ ਅਸੀਂ ਆਪਣੇ ਧਰਮ ਨੂੰ ਵਿਗਿਆਨਕ ਧਰਮ ਹੋਣ ਦਾ ਦਾਅਵਾ ਕਰ ਕੇ ਇਸ ਦੀ ਵਡਿਆਈ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸਿੱਧੇ ਤੌਰ 'ਤੇ ਅਸੀਂ ਵਿਗਿਆਨ ਨੂੰ ਧਰਮ ਨਾਲੋਂ ਜ਼ਿਆਦਾ ਸੱਚਾ, ਪ੍ਰਮਾਣਿਕ ਅਤੇ ਮਹੱਤਵਪੂਰਨ ਮੰਨ ਰਹੇ ਹੁੰਦੇ ਹਾਂ।

*Original with;*
Jaswant Singh Zafar
*Digitized by;*
Panjab Digital Library



Original with:
Jaswant Singh Zafar
Digitized by:
Panjab Digital Library

# ਜਿਹਨਾਂ

ਜਿਹਨਾਂ ਨੂੰ ਸੱਚ ਨਾਲ ਲਗਾਓ ਨਾ ਹੋਵੇ, ਸੱਚ ਉਹਨਾਂ ਤੋਂ ਦੂਰ ਰਹਿੰਦਾ ਹੈ। ਸੱਚ ਦੀ ਕਦਰ ਨਾ ਕਰਨ ਵਾਲਿਆਂ ਦੇ ਝੂਠ ਪੇਸ਼ ਪਿਆ ਰਹਿੰਦਾ ਹੈ। ਮੱਤ 'ਤੇ ਅੰਧ ਵਿਸ਼ਵਾਸਾਂ ਦੀ ਪਰਤ ਚੜ੍ਹ ਜਾਂਦੀ ਹੈ। ਗੱਪਾਂ ਗਪੌੜਾਂ ਇਤਿਹਾਸ ਅਖਵਾਉਣ ਲੱਗ ਜਾਂਦੀਆਂ ਹਨ। ਗੱਪਾਂ ਗਪੌੜਾਂ ਛੱਡਣ ਵਾਲੇ ਧਰਮ ਪ੍ਰਚਾਰਕ ਬਣ ਜਾਂਦੇ ਹਨ।

# ਮਰ

ਮਰ ਚੁੱਕਿਆਂ ਦੀ ਆਤਮਾ ਦੀ ਹੋਂਦ ਬਾਰੇ ਕੁਝ ਪੱਕਾ ਨਹੀਂ ਕਿਹਾ ਜਾ ਸਕਦਾ, ਵੱਖ ਵੱਖ ਮੱਤ ਅਤੇ ਵਿਸ਼ਵਾਸ ਹਨ। ਫਿਰ ਮਰ ਚੁੱਕਿਆਂ ਦੀ ਆਤਮਾ ਨੂੰ ਸ਼ਾਂਤੀ ਦੀ ਲੋੜ ਬਾਰੇ ਵੀ ਕੀ ਕਹਿ ਸਕਦੇ ਹਾਂ? ਜਿਸ ਹਿਸਾਬ ਨਾਲ ਦੁਨੀਆਂ ਹਿੱਲੀ ਫਿਰਦੀ ਹੈ, ਆਤਮਿਕ ਸ਼ਾਂਤੀ ਦੀ ਅਸਲ ਲੋੜ ਜਿਉਂਦਿਆਂ ਨੂੰ ਹੈ। ਆਪਣੀ ਅਤੇ ਹੋਰ ਜਿਉਂਦੇ ਆਪਣਿਆਂ ਦੀ ਆਤਮਿਕ ਸ਼ਾਂਤੀ ਲਈ ਕਥਾ, ਕੀਰਤਨ, ਅਰਦਾਸ, ਪ੍ਰਾਰਥਨਾ ਅਤੇ ਹੋਰ ਓਹੜ ਪੋਹੜ ਕਰਦੇ ਰਹਿਣਾ ਚਾਹੀਦਾ ਹੈ।

# ਜੇ

ਜੇ ਮੈਂ ਆਪਣੀ ਵਿਚਾਰਧਾਰਾ, ਅਕੀਦੇ, ਆਸਥਾ ਅਤੇ ਰਹਿਣੀ ਬਹਿਣੀ ਬਾਰੇ ਕਿਸੇ ਦੀ ਟੀਕਾ ਟਿੱਪਣੀ ਜਾਂ ਮਜ਼ਾਕ ਸਹਿ ਨਹੀਂ ਸਕਦਾ ਤਾਂ ਮੈਨੂੰ ਹੋਰਾਂ ਬਾਰੇ ਵੀ ਅਜਿਹਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

*Original with;*
Jaswant Singh Zafar
*Digitized by;*
Panjab Digital Library



# ਜਿਸ

ਜਿਸ ਦੇਸ਼, ਕੌਮ ਜਾਂ ਭਾਈਚਾਰੇ ਦੀ ਜਨਤਾ ਨੂੰ ਸੁਚੇਤ ਜਾਂ ਜਾਗ੍ਰਿਤ ਕਰਨ ਨਾਲੋਂ ਬੁੱਧੂ ਬਣਾਉਣਾ ਸੌਖਾ ਹੋਵੇ ਤਾਂ ਕੁਦਰਤੀ ਗੱਲ ਹੈ ਕਿ ਉਥੋਂ ਦੀ ਸਿਆਸਤ ਸੌਖਾ ਕੰਮ ਚੁਣੇਗੀ, ਉਹ ਵੀ ਜਨਤਾ ਦੇ ਖਰਚੇ 'ਤੇ। ਦਾਨਿਸ਼ਵਰ ਲੋਕਾਂ ਨੂੰ ਜਨਤਾ ਨੂੰ ਸੁਚੇਤ ਜਾਂ ਜਾਗ੍ਰਿਤ ਕਰਨ ਵਾਲਾ ਔਖਾ ਕੰਮ ਆਪਣੇ ਖਰਚੇ 'ਤੇ ਕਰਦੇ ਰਹਿਣਾ ਚਾਹੀਦਾ ਹੈ।

# ਪੰਜਾਬ

ਪੰਜਾਬ ਦੀ ਇੱਜ਼ਤ, ਸ਼ਕਤੀ, ਬਰਕਤ ਤੇ ਵਿਲੱਖਤਾ ਗੁਰ-ਉਪਦੇਸ਼ ਨਾਲ ਜੁੜੇ ਹੋਣ ਕਰਕੇ ਸੀ ਅਤੇ ਪੰਜਾਬ ਦਾ ਵਰਤਮਾਨ ਨਿਘਾਰ, ਨਿਰਾਸ਼ਾ ਤੇ ਆਪਾ-ਧਾਪੀ ਗੁਰ-ਉਪਦੇਸ਼ ਨਾਲੋਂ ਟੁੱਟੇ ਹੋਣ ਕਰਕੇ ਹੈ।

# ਲੀਡਰ

ਲੀਡਰ ਯਾਨੀ ਆਗੂ ਦੇਖਦਾ ਕਿ ਉਸ ਦੇ ਲੋਕਾਂ ਨੂੰ ਕੀ ਚਾਹੀਦਾ, ਉਹਨਾਂ ਦੀ ਭਲਾਈ ਕਿਸ ਗੱਲ ਵਿਚ ਹੈ। ਸਿਆਸਤਦਾਨ ਦੇਖਦਾ ਕਿ ਲੋਕ ਕੀ ਚਾਹੁੰਦੇ, ਉਸ ਨੂੰ ਫਾਇਦਾ ਕਿਸ ਗੱਲ ਵਿਚ ਹੈ।

*Original with;*
Jaswant Singh Zafar
*Digitized by;*
Panjab Digital Library



Original with;
Jaswant Singh Zafar
Digitized by;
Panjab Digital Library

# ਲੀਡਰ

ਲੀਡਰ ਦਾ ਕੰਮ ਹੈ ਆਪਣੇ ਲੋਕਾਂ ਨੂੰ ਚੰਗੇ, ਸਿਆਣੇ ਅਤੇ ਖੁਸ਼ਹਾਲ ਬਣਾਉਣਾ। ਸਿਆਸਤਦਾਨ (ਪੌਲੀਟੀਸ਼ਨ) ਦਾ ਕੰਮ ਹੈ ਲੋਕਾਂ ਨੂੰ ਬੇਵਕੂਫ਼ ਅਤੇ ਉਜੱਡ ਬਣਾਉਣਾ। ਮੁਲਕ ਵਿਚ ਲੀਡਰਾਂ ਦੀ ਬਹੁਤ ਘਾਟ ਅਤੇ ਪੌਲੀਟੀਸ਼ਨਾਂ ਦੀ ਬਹੁਤ ਭਰਮਾਰ ਹੈ। ਉਪਰੋਂ ਸਿਤਮ ਦੀ ਗੱਲ ਕਿ ਸਾਰੇ ਪੌਲੀਟੀਸ਼ਨ ਆਪਣੇ ਆਪ ਨੂੰ ਲੀਡਰ ਅਖਵਾਈ ਜਾਂਦੇ ਹਨ।

# ਗੱਲ

ਗੱਲ ਅਮੀਰੀ-ਗਰੀਬੀ, ਸਾਧਨਾਂ ਜਾਂ ਸਮਰੱਥਾ ਦੀ ਨਹੀਂ, ਉਹ ਬੰਦੇ ਇੱਜ਼ਤਦਾਰ ਅਤੇ ਭਾਈਚਾਰੇ ਮਹਾਨ ਅਖਵਾਉਣ ਦੇ ਯੋਗ ਹੁੰਦੇ ਹਨ ਜੋ ਕਿਸੇ ਸ਼ੁਭ ਕਰਮਨ ਵੇਲੇ "ਮੈਨੂੰ ਇਹਦੇ 'ਚ ਕੀ ਫਾਇਦਾ?" ਸੋਚਣ ਦੀ ਬਜਾਏ "ਮੇਰੇ ਲਾਇਕ ਕੋਈ ਸੇਵਾ?" ਕਹਿਣ ਵਾਲੇ ਹੁੰਦੇ ਹਨ।

# ਜਿਸ

ਜਿਸ ਬੰਦੇ, ਭਾਈਚਾਰੇ ਜਾਂ ਕੌਮ ਨੂੰ ਆਪਣੇ ਮਸਲਿਆਂ ਜਾਂ ਪਰੇਸ਼ਾਨੀਆਂ ਲਈ ਹਮੇਸ਼ਾ ਦੂਸਰੇ ਹੀ ਜ਼ਿੰਮੇਵਾਰ ਲਗਦੇ ਰਹਿੰਦੇ ਹੋਣ ਉਸ ਦੇ ਮਸਲੇ-ਮੁਸੀਬਤਾਂ ਮੁੱਕਣ ਜਾਂ ਘਟਣ ਦੀ ਬਜਾਏ ਲਗਾਤਾਰ ਵਧਦੇ ਰਹਿੰਦੇ ਹਨ। ਅਜਿਹੀ ਆਦਤ ਅਤੇ ਰਵੱਈਏ ਕਾਰਨ ਉਹ ਆਪਣੇ ਪਿਆਰ, ਪ੍ਰਸੰਸਾ, ਸਹਿਯੋਗ, ਸਹਾਇਤਾ, ਹਮਦਰਦੀ ਆਦਿ ਕਰਨ ਵਾਲਿਆਂ ਨੂੰ ਵੀ ਆਪਣੇ ਤੋਂ ਦੂਰ ਕਰੀ ਜਾਂਦੇ ਹਨ।

*Original with;*
Jaswant Singh Zafar
*Digitized by;*
Panjab Digital Library



# ਜਿਹੜਾ

ਜਿਹੜਾ ਬੰਦਾ ਆਪਣੇ ਲੋਕਾਂ ਨੂੰ ਸੁਘੜ, ਸਚਿਆਰ, ਸਿਖਿਅਤ ਅਤੇ ਸੁਹਿਰਦ ਬਣਾਉਣ ਦੀ ਭਾਵਨਾ ਅਤੇ ਸਰਗਰਮੀ ਤੋਂ ਬਗ਼ੈਰ ਹੀ ਉਹਨਾਂ ਦੀ ਅਗਵਾਈ ਕਰਦਾ ਹੈ, ਉਹਨਾਂ ਦੀ ਤਰੱਕੀ, ਜਿੱਤ ਜਾਂ ਬੱਲੇ ਬੱਲੇ ਕਰਾਉਣ ਦਾ ਦਾਅਵਾ ਕਰਦਾ ਹੈ ਉਹ ਆਪਣੇ ਲੋਕਾਂ ਦਾ ਆਗੂ ਨਹੀਂ ਸਗੋਂ ਉਹਨਾਂ ਨੂੰ ਖੂਹ ਖਾਤੇ ਸੁੱਟਣ ਵਾਲਾ ਸ਼ੈਤਾਨ ਹੁੰਦਾ ਹੈ।

# ਮੰਦੇ

ਮੰਦੇ ਜਾਂ ਉਦਾਸ ਵਕਤਾਂ ਜਾਂ ਸਥਿਤੀਆਂ ਵਿਚ ਜਦੋਂ ਕੋਈ ਜੀਅ, ਵਰਗ ਜਾਂ ਭਾਈਚਾਰਾ ਦੂਸਰਿਆਂ ਨਾਲੋਂ ਆਪਣੇ ਦੁੱਖ ਨੂੰ ਅਤੇ ਆਪਣੇ ਨਾਲੋਂ ਦੂਸਰਿਆਂ ਦੇ ਕਸੂਰ ਨੂੰ ਵੱਡਾ ਕਰ ਕਰ ਦੇਖਣ ਦੀ ਆਦਤ ਪਾਲ਼ ਲਵੇ ਤਾਂ ਉਹ ਸਿਹਤਮੰਦ ਜੀਵਨ ਲਈ ਲੋੜੀਂਦੇ ਪਿਆਰ, ਸਤਿਕਾਰ, ਸਹਿਯੋਗ ਅਤੇ ਆਨੰਦ ਵਰਗੀਆਂ ਚੀਜ਼ਾਂ ਤੋਂ ਆਪਣੇ ਆਪ ਨੂੰ ਵਿਰਵਾ ਕਰ ਲੈਂਦਾ ਹੈ।

# ਝੂਠ

ਝੂਠ ਜਿਸ ਸਿਆਸਤ ਜਾਂ ਸਿਆਸੀ ਪ੍ਰਬੰਧ ਦਾ ਜ਼ਰੂਰੀ ਅੰਗ ਬਣ ਜਾਵੇ, ਜਾਂ ਝੂਠ ਬੋਲਣਾ ਸਿਆਸੀ ਲੋਕਾਂ ਦੀ ਮਜਬੂਰੀ ਬਣੀ ਰਹੇ, ਜਾਂ ਸਿਆਸੀ ਮਨਸ਼ਿਆਂ ਵਿਚ ਓਹਲਾ ਪੜਦਾ ਲਾਜ਼ਮੀ ਹੋ ਜਾਵੇ ਤਾਂ ਉਹ ਸਿਆਸਤ ਲੋਕਾਂ ਦਾ ਕੁਝ ਸੁਆਰਨ ਜੋਗੀ ਨਹੀਂ ਹੁੰਦੀ। ਅਜਿਹੀ ਸਿਆਸਤ ਦੇਸ਼ ਜਾਂ ਸਮਾਜ ਵਿਚ ਵੱਡੇ ਪੱਧਰ 'ਤੇ ਬੇਚੈਨੀ, ਨਿਰਾਸ਼ਾ, ਭਰਿਸ਼ਟਾਚਾਰ, ਅਨਿਆਂ ਅਤੇ ਪਾਪ ਫੈਲਾਉਂਦੀ ਚਲੀ ਜਾਂਦੀ ਹੈ।

*Original with;*
Jaswant Singh Zafar
*Digitized by;*
Panjab Digital Library

## ਚੋਣ

ਚੋਣ ਮੈਨੀਫੈਸਟੋ ਤਾਂ ਦੂਰ ਦੀ ਗੱਲ, ਬਹੁਤੇ ਸੱਤਾਵਾਨ ਲੋਕ ਅਹੁਦਿਆਂ 'ਤੇ ਸੁਸ਼ੋਭਿਤ ਹੋਣ ਵੇਲੇ ਚੁੱਕੀ ਸਹੁੰ ਦੇ ਸ਼ਬਦਾਂ 'ਤੇ ਹੀ ਖ਼ਰੇ ਨਹੀਂ ਉਤਰਦੇ। ਅਸਲ ਵਿਚ ਹੁਣ ਸ਼ਬਦ ਨਾਲ ਰਿਸ਼ਤਾ ਰੱਖਣ ਦਾ ਰਿਵਾਜ਼ ਨਹੀਂ ਰਿਹਾ। ਸਥਿਤੀ ਨੂੰ ਮੋੜ ਓਦੋਂ ਪਵੇਗਾ ਜਦ ਅਸੀਂ ਵੀ ਮਾਪਿਆਂ ਵਲੋਂ ਰੱਖੇ ਗਏ ਸਾਡੇ ਸੋਹਣੇ ਨਾਵਾਂ ਦੀ ਲਾਜ ਰੱਖਣ ਪ੍ਰਤੀ ਸੁਚੇਤ ਹੋਣ ਲੱਗਾਂਗੇ।

## ਸੁੱਚਾ

ਸੁੱਚਾ ਸਿੰਘ, ਸਾਧੂ ਸਿੰਘ, ਪਰਕਾਸ਼ ਸਿੰਘ, ਪ੍ਰੇਮ ਸਿੰਘ, ਸ਼ੇਰ ਸਿੰਘ ਆਦਿ ਬਹੁਤ ਪਿਆਰੇ ਅਤੇ ਸੋਹਣੇ ਨਾਮ ਹਨ ਜੋ ਪਵਿੱਤਰਤਾ, ਸਚਾਈ, ਸਾਦਗੀ, ਗਿਆਨ, ਮੁਹੱਬਤ, ਬਹਾਦਰੀ ਵਰਗੇ ਭਾਵ ਪ੍ਰਗਟ ਅਤੇ ਸੰਚਾਰ ਕਰਨ ਵਾਲੇ ਹਨ। ਇਹਨਾਂ ਪਿੱਛੇ ਲੰਗਾਹ, ਧਰਮਸੋਤ, ਬਾਦਲ, ਚੰਦੂਮਾਜਰਾ, ਘੁਬਾਇਆ ਆਦਿ ਲੱਗਣ ਨਾਲ ਭਾਵਾਂ ਦੇ ਇਸ ਪ੍ਰਗਟਾਵੇ ਅਤੇ ਸੰਚਾਰ ਨੂੰ ਇਕ ਤਰ੍ਹਾਂ ਨਾਲ ਗ੍ਰਹਿਣ ਲੱਗ ਜਾਂਦਾ ਹੈ। ਜਦ ਮਗਰ 'ਸਾਹਿਬ' ਵੀ ਲੱਗ ਜਾਵੇ ਤਾਂ ਇਹ ਗ੍ਰਹਿਣ ਸੰਪੂਰਨ ਹੋ ਜਾਂਦਾ ਹੈ। ਸਾਨੂੰ ਚਾਹੀਦਾ ਕਿ ਨਿੱਕੀ-ਵੱਡੀ ਸੱਤਾ ਦੀ ਹਵਸ ਤੋਂ ਬਚਦੇ ਹੋਏ ਗਿਆਨ, ਵਿਗਿਆਨ, ਸੋਹਜ, ਸਿਆਣਪ, ਕਲਾ, ਕਿਰਤ, ਹੁਨਰ, ਹਲੀਮੀ ਆਦਿ ਨਾਲ ਆਪਣਾ ਰਿਸ਼ਤਾ ਬਣਾਉਣ ਅਤੇ ਵਧਾਉਣ ਦੀ ਕੋਸ਼ਿਸ਼ ਕਰੀਏ।



# ਪ੍ਰਚਾਰਕ

ਪ੍ਰਚਾਰਕ 'ਗੁਰੂ ਵਾਲੇ' ਬਣਨ ਲਈ ਅਕਸਰ ਕਹਿੰਦੇ ਸੁਣੇ ਜਾ ਸਕਦੇ ਹਨ। 'ਗੁਰੂ ਵਰਗੇ' ਹੋਣ ਲਈ ਕਦੀ ਕੋਈ ਨਹੀਂ ਕਹੇਗਾ। ਓਹੀ ਕਹਿ ਸਕੇਗਾ ਜੋ ਥੋੜ੍ਹਾ ਬਹੁਤਾ ਆਪ ਗੁਰੂ ਵਰਗਾ ਹੋਵੇਗਾ। 'ਆਪਣੇ ਚਿੱਤੋਂ ਗੁਰੂ ਵਾਲੇ' ਤਾਂ ਉਹ ਸੈਂਕੜੇ ਲੰਡਰ ਲੀਡਰ, ਉਜੱਡ ਪ੍ਰਚਾਰਕ ਅਤੇ ਹੁਲੜਬਾਜ਼ ਵੀ ਬਣੇ ਫਿਰਦੇ ਹਨ ਜਿਹਨਾਂ ਦੇ ਨਾਂ ਲੈਂਦਿਆ ਜਾਂ ਲਿਖਦਿਆਂ ਸ਼ਰਮ ਆ ਸਕਦੀ ਹੈ।

# ਹੁਣ

ਹੁਣ ਧਰਮ ਦੀਆਂ ਸੰਸਥਾਵਾਂ ਅਤੇ ਸਥਾਪਤੀ ਦਾ ਜ਼ੋਰ ਗੁਰੂ ਦੇ ਸਿੱਖ (ਗੁਰੂ ਤੋਂ ਸਿੱਖਣ ਅਤੇ ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲੇ) ਬਣਾਉਣ ਦੀ ਬਜਾਏ ਗੁਰੂ ਦੇ ਸ਼ਰਧਾਲੂ ਬਣਾਉਣ 'ਤੇ ਲੱਗਿਆ ਹੋਇਆ ਹੈ। ਗਿਆਨ ਅਤੇ ਸਿੱਖਿਆ ਦੇ ਦੁਸ਼ਮਣ ਪੁਜਾਰੀਆਂ ਅਤੇ ਸਿਆਸੀ ਘੜੰਮਾਂ ਦੀ ਇਸ ਮੁਹਿੰਮ ਨੂੰ ਪਿਛਲੇ ਕਈ ਦਹਾਕਿਆਂ ਤੋਂ ਲਗਾਤਾਰ ਕਾਮਯਾਬੀ ਵੱਲ ਵਧਦੀ ਦੇਖ ਰਹੇ ਹਾਂ। ਗੁਰੂ ਦੇ ਸਿੱਖ ਤੋਂ ਪੁਜਾਰੀ ਅਤੇ ਸਿਆਸੀ ਸਥਾਪਤੀ ਨੂੰ ਹਮੇਸ਼ਾ ਖ਼ਤਰਾ ਰਹੇਗਾ। ਸ਼ਰਧਾਲੂ ਉਹਨਾਂ ਦੇ ਵਰਤਣ ਦੀ ਵਸਤ ਹੈ ਅਤੇ ਖਰਚਣ ਲਈ ਮਾਇਆ ਹੈ।



ਆਚਾਰ, ਵਿਹਾਰ ਅਤੇ ਕਿਰਦਾਰ ਤੋਂ ਉਪਰ ਕੋਈ ਪ੍ਰਚਾਰ ਨਹੀਂ।



*Original with:*
Jaswant Singh Zafar
*Digitized by:*
Panjab Digital Library

ਨਵੇਂ ਅਤੇ ਬਹੁਤੇ ਧਾਰਮਿਕ ਅਸਥਾਨਾਂ ਦਾ ਖੁੱਲ੍ਹਣਾ ਜਾਂ ਇਹਨਾਂ ਵਿੱਚ ਪਹਿਲਾਂ ਨਾਲੋਂ ਵੱਧ 'ਸੰਗਤਾਂ' ਦਾ ਹੋਣਾ ਇਹ ਨਹੀਂ ਦੱਸਦਾ ਕੀ ਅਸੀਂ ਧਾਰਮਿਕ ਖੇਤਰ ਵਿਚ ਤਰੱਕੀ ਕਰ ਰਹੇ ਹਾਂ ਜਾਂ ਪਹਿਲਾਂ ਨਾਲੋਂ ਵੱਧ ਧਾਰਮਿਕ ਹੋ ਗਏ ਹਾਂ ਸਗੋਂ ਇਸ ਤੋਂ ਪਤਾ ਲੱਗਦਾ ਹੈ ਕਿ ਸਾਡੇ ਲੋਕ ਪਹਿਲਾਂ ਨਾਲੋਂ ਜ਼ਿਆਦਾ ਆਤਮਿਕ ਤੇ ਮਾਨਸਿਕ ਤੌਰ 'ਤੇ ਕਮਜ਼ੋਰ ਅਤੇ ਰੋਗੀ ਹੋ ਰਹੇ ਹਨ।





# ਕਿਸੇ

ਕਿਸੇ ਦੇਸ਼, ਸੂਬੇ, ਵਿਭਾਗ, ਅਦਾਰੇ ਜਾਂ ਦਫ਼ਤਰ 'ਚੋਂ ਭਰਿਸ਼ਟਾਚਾਰ ਹਟਾਉਣ ਜਾਂ ਘਟਾਉਣ ਲਈ ਸਭ ਤੋਂ ਪਹਿਲੀ ਸ਼ਰਤ ਹੈ ਉਸ ਦੇ ਮੁਖੀ ਦਾ ਇਮਾਨਦਾਰ ਹੋਣਾ।

# ਨਿਰੀ

ਨਿਰੀ ਵਾਹੀ ਖੇਤੀ ਨਾਲ ਕਿਸਾਨ ਗੁਜ਼ਾਰਾ ਭਾਵੇਂ ਕਰ ਲਵੇ, ਅਮੀਰ ਨਹੀਂ ਹੋ ਸਕਦਾ। ਜੇ ਕੋਈ ਕਿਸਾਨ ਕੋਲਡ ਸਟੋਰ, ਭੱਠੇ, ਪੈਟਰੋਲ ਪੰਪ, ਸ਼ੈਲਰ, ਮੈਰੇਜ ਪੈਲਸ, ਕਾਰਖ਼ਾਨੇ ਆਦਿ ਦਾ ਮਾਲਕ ਬਣਿਆਂ ਹੈ ਤਾਂ 95% ਸੰਭਾਵਨਾ ਹੈ ਕਿ ਉਹ ਛੋਟਾ ਜਾਂ ਵੱਡਾ ਸਿਆਸਤਦਾਨ ਜ਼ਰੂਰ ਹੋਵੇਗਾ।

*Original with;*
Jaswant Singh Zafar
*Digitized by;*
Panjab Digital Library



## ਦੇਸ਼

ਦੇਸ਼ ਜਾਂ ਸਮਾਜ ਦੀ ਵਧੇਰੇ ਇਕਸਾਰ ਅਤੇ ਸੰਤੁਲਿਤ ਤਰੱਕੀ ਲਈ ਮੁਨਾਫ਼ਾਮੁਖੀ ਕਾਰਪੋਰੇਟ ਢਾਂਚੇ ਨਾਲੋਂ ਭਲਾਈਮੁਖੀ ਕੋਆਪਰੇਟਿਵ ਪ੍ਰਬੰਧ ਬਿਹਤਰ ਹੈ। ਪਹਿਲੇ ਵਿਚ ਪੂੰਜੀਪਤੀ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਦੂਸਰੇ ਵਿਚ ਸਮੂਹਿਕ ਹਿੱਸੇਦਾਰੀ ਅਤੇ ਜਿੰਮੇਵਾਰੀ ਹੁੰਦੀ ਹੈ। ਦੋਨਾਂ ਦੀ ਕਾਮਯਾਬੀ ਲਈ ਸਟੇਟ (ਸਰਕਾਰ) ਦੀ ਪ੍ਰਤੀਬੱਧਤਾ, ਸਹਾਇਤਾ ਜਾਂ ਸਰਪ੍ਰਸਤੀ ਦੀ ਲੋੜ ਹੁੰਦੀ ਹੈ। ਪਰ ਰਾਜਸੀ ਸੱਤਾਵਾਨਾਂ ਅਤੇ ਨੌਕਰਸ਼ਾਹਾਂ (ਬਿਊਰੋਕਰੈਟਸ) ਨੂੰ ਕੋਆਪਰੇਟਿਵ ਪ੍ਰਬੰਧ ਸਥਾਪਤ ਅਤੇ ਕਾਮਯਾਬ ਕਰਨ ਨਾਲੋਂ ਕਾਰਪੋਰੇਟ ਅਦਾਰਿਆਂ ਨੂੰ ਸੱਦਣ ਅਤੇ ਉਹਨਾਂ ਦਾ ਮੁਨਾਫ਼ਾ ਯਕੀਨੀ ਕਰਾਉਣ ਵਿਚ ਜ਼ਿਆਦਾ ਲਾਭ ਹੁੰਦਾ ਹੈ।

*Original with;*
Jaswant Singh Zafar
*Digitized by;*
Panjab Digital Library

# ਸਾਡੇ

ਸਾਡੇ ਦੇਸ਼ ਜਾਂ ਸੂਬੇ ਵਿਚ ਪੂੰਜੀ ਨਿਵੇਸ਼ ਕਰਾਉਣ ਦੇ ਬਹਾਨੇ ਕਾਰਪੋਰੇਟ ਘਰਾਣਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ, ਰਿਅਇਤਾਂ, ਸਹੂਲਤਾਂ ਆਦਿ ਦਿੱਤੀਆਂ ਜਾਂਦੀਆਂ ਹਨ। ਪਰ ਦੇਖਿਆ ਜਾਵੇ ਤਾਂ ਨਿਵੇਸ਼ਕਾਰ (ਇਨਵੈਸਟਰ) ਕਹਿਣ ਨੂੰ ਹੀ ਇਨਵੈਸਟਰ ਹੁੰਦਾ ਹੈ, ਬਹੁਤਾ ਪੈਸਾ ਉਸ ਨੇ ਸਰਕਾਰੀ ਬੈਂਕਾਂ ਜਾਂ ਵਿੱਤੀ ਅਦਾਰਿਆ ਤੋਂ ਲੈ ਕੇ ਹੀ ਖਰਚਣਾ ਹੁੰਦਾ ਹੈ।



Digitized by;
Panjab Digital Library

# ਸਬਰ

ਸਬਰ, ਸ਼ੁਕਰ, ਸਿਦਕ ਅਤੇ ਹਲੀਮੀ ਦੀ ਸਾਨੂੰ ਬੜੀ ਲੋੜ ਹੈ। ਲਗਦਾ, ਸਾਰੇ ਪੰਜਾਬ ਨੂੰ ਹੀ ਇਹਨਾਂ ਦੀ ਬਹੁਤ ਲੋੜ ਹੈ। ਜਿੰਨਾ ਇਹਨਾਂ ਨੂੰ ਘੁੱਟ ਕੇ ਫੜੀ ਰੱਖੀਏ ਓਨੇ ਆਨੰਦ ਵਿਚ ਰਹੀਦਾ ਹੈ। ਇਹਨਾਂ ਤੋਂ ਪੱਲਾ ਛੁਡਾ ਕੇ ਦੁੱਖ ਪਾਈਦਾ ਹੈ। ਮਨ ਕਿਸੇ ਨਾ ਕਿਸੇ ਲਾਲਚ ਅਤੇ ਕੁੜੱਤਣ ਵਿਚ ਗ੍ਰੱਸਿਆ ਰਹਿੰਦਾ ਹੈ। ਮਾੜੀਆਂ ਮੋਟੀਆਂ ਅਣਸੁਖਾਵੀਆਂ ਗੱਲਾਂ ਅਤੇ ਹਾਲਤਾਂ ਨਾਲ ਹੀ ਪ੍ਰੇਸ਼ਾਨ ਹੋ ਜਾਈਦਾ ਹੈ।



Courtesy Jaswant Singh Zafar
Digitized by:
Panjab Digital Library



Original with:
Jaswant Singh Zafar
Digitized by:
Panjab Digital Library

## ਸਾਡੇ

ਸਾਡੇ ਪੰਜਾਬ ਵਿਚ ਹੈਂਕੜ, ਹੰਕਾਰ, ਕਰੋਧ, ਖਿਝ, ਆਪਾਧਾਪੀ, ਬੇਇਤਫ਼ਾਕੀ ਅਤੇ ਬੇਇਤਬਾਰੀ ਦੀ ਕੁੜੱਤਣ ਦਾ ਕੁਝ ਜ਼ਿਆਦਾ ਹੀ ਬੋਲਬਾਲਾ ਹੋਈ ਜਾਂਦਾ ਹੈ। ਇਹਨਾਂ ਦੇ ਹੁੰਦਿਆਂ ਸਾਨੂੰ ਕਿਸੇ ਹੋਰ ਬਾਹਰਲੇ ਦੁਸ਼ਮਣ ਦੀ ਲੋੜ ਨਹੀਂ।

## ਬਦਤਮੀਜ਼

ਬਦਤਮੀਜ਼ ਨੂੰ ਨਹੀਂ ਪਤਾ ਹੁੰਦਾ ਕਿ ਉਹ ਬਦਤਮੀਜ਼ ਹੈ। ਤੁਸੀਂ ਉਸ ਨੂੰ ਪਤਾ ਲਾਉਣ ਦੀ ਕੋਸ਼ਿਸ਼ ਵੀ ਨਾ ਕਰਨਾ। ਹੋ ਸਕਦਾ ਉਹ ਤੁਹਾਨੂੰ ਬਦਤਮੀਜ਼ ਹੋਣ ਦਾ ਅਹਿਸਾਸ ਕਰਾਉਣ 'ਤੇ ਸਾਰਾ ਜ਼ੋਰ ਲਗਾ ਦੇਵੇ।

## ਉਸੇ

ਉਸੇ ਦੇਸ਼ ਦੇ ਰਾਜਨੀਤਕ ਆਗੂ ਸਾਡੇ ਦੇਸ਼ ਦੇ ਆਗੂਆਂ ਨਾਲੋਂ ਚੰਗੇ ਹਨ ਜਿਥੋਂ ਦੇ ਨਾਗਰਿਕ ਸਾਡੇ ਨਾਲੋਂ ਚੰਗੇ ਹਨ।

*Original with;*
Jaswant Singh Zafar
*Digitized by;*
Panjab Digital Library



Original with:
Jaswant Singh Zafar
Digitized by:
Panjab Digital Library

# ਆਪਣੀ

ਆਪਣੀ ਤਾਕਤ ਅਤੇ ਤਲਵਾਰ ਦੇ ਜ਼ੋਰ ਨਾਲ ਰਾਜ ਸੱਤਾ 'ਤੇ ਕਾਬਜ਼ ਹੋਣ ਵਾਲੇ ਬਾਬਰ ਦੇ ਜ਼ੁਲਮ, ਜਬਰ, ਅਨਿਆਂ ਅਤੇ ਅੱਤਿਅਚਾਰਾਂ ਲਈ ਗੁਰੂ ਨਾਨਕ ਬਹੁਤ ਹੱਦ ਤੱਕ ਜਨਤਾ ਨੂੰ ਵੀ ਜ਼ਿੰਮੇਵਾਰ ਸਮਝਦੇ ਸਨ। ਪਰ ਅਸੀਂ ਸਾਡੀਆਂ ਵੋਟਾਂ ਨਾਲ ਰਾਜ ਸੱਤਾ ਜਾਂ ਧਰਮ ਸੱਤਾ 'ਤੇ ਕਾਬਜ਼ ਹੋਏ ਆਗੂਆਂ ਦੀਆਂ ਬੇਈਮਾਨੀਆਂ, ਬੇਇਨਸਾਫ਼ੀਆਂ, ਭ੍ਰਿਸ਼ਟਾਚਾਰ ਆਦਿ ਲਈ ਕਦੀ ਆਪਣੇ ਆਪ ਨੂੰ ਮਾਮੂਲੀ ਜਿਹਾ ਵੀ ਜ਼ਿੰਮੇਵਾਰ ਨਹੀਂ ਸਮਝਦੇ।

# ਜਦੋਂ

ਜਦੋਂ ਕਿਸੇ ਪਰਿਵਾਰ, ਭਾਈਚਾਰੇ ਜਾਂ ਸਮਾਜ ਦੇ ਜੀਅ ਪ੍ਰਸੰਨਤਾ ਲਈ ਇਕ ਦੂਸਰੇ ਦੇ ਅਨੇਕਾਂ ਗੁਣਾਂ ਅਤੇ ਮੁਹੱਬਤ ਲਈ ਅਣਗਿਣਤ ਆਪਸੀ ਸਮਾਨਤਾਵਾਂ ਦੀ ਕਦਰ ਕਰਨਾ ਛੱਡ ਕੇ ਨਫ਼ਰਤ ਲਈ ਮਾਮੂਲੀ ਵਖਰੇਵਿਆਂ ਨੂੰ ਤਲਾਸ਼ਣ ਅਤੇ ਭੰਡਣ ਦੀ ਆਦਤ ਪਾਲ ਲੈਣ ਤਾਂ ਉਹ ਪਰਿਵਾਰ, ਭਾਈਚਾਰਾ ਜਾਂ ਸਮਾਜ ਅਜਿਹੇ ਪਤਨ ਵੱਲ ਵਧਣ ਲੱਗਦਾ ਹੈ ਜਿਥੋਂ ਮੁੜ ਉਭਰ ਸਕਣਾ ਬਹੁਤ ਮੁਸ਼ਕਿਲ ਹੁੰਦਾ ਹੈ।

# ਇਹ

ਇਹ ਗੱਲ ਪੰਜਾਬ ਦੇ ਵੱਡੇ ਵੱਡੇ ਦਾਨਿਸ਼ਵਰਾਂ ਸਮੇਤ ਸਾਡੀ ਸਾਰਿਆਂ ਦੀ ਸਾਂਝੀ ਹੈ ਕਿ ਉਂਝ ਤਾਂ ਅਸੀਂ ਸਿਆਸੀ ਨੇਤਾਵਾਂ ਨੂੰ ਬੁਰਾ ਭਲਾ ਕਹਿੰਦੇ ਰਹਿੰਦੇ ਹਾਂ, ਅਲੋਚਨਾ ਅਤੇ ਨਫ਼ਰਤ ਵੀ ਕਰਦੇ ਹਾਂ, ਸੋਸ਼ਲ਼ ਮੀਡੀਆ 'ਤੇ ਵੀ ਉਹਨਾਂ ਖਿਲਾਫ਼ ਖੂਬ ਭੜਾਸ ਕੱਢਦੇ ਹਾਂ। ਪਰ ਜੇ ਸਾਡੀ ਕਿਸੇ ਸਿਆਸੀ ਚਲਦੇ ਪੁਰਜੇ ਨਾਲ ਜਾਣ ਸਿਆਣ ਜਾਂ ਨੇੜਤਾ ਹੁੰਦੀ ਹੈ ਤਾਂ ਉਸ ਦੀ ਵਾਹਵਾ ਚਾਅਪਲੂਸੀ ਅਤੇ ਖੁਸ਼ਾਮਦ ਕਰਦੇ ਹਾਂ, ਉਸ ਨਾਲ ਨੇੜਤਾ ਹੋਣ 'ਤੇ ਮਾਣ ਅਤੇ ਫ਼ਖ਼ਰ ਮਹਿਸੂਸ ਕਰਹੇ ਹਾਂ। ਦੁਖੀ ਹੋਣ ਦਾ ਨਾਟਕ ਕਰਦੇ ਹਾਂ ਕਿ ਪਤਾ ਨਹੀਂ ਸਾਡਾ ਮੁਲਕ ਕਦੋਂ ਸੁਧਰੂਗਾ? ਦੇਸ਼ ਦੇ ਸੁਧਾਰ ਲਈ ਸਾਨੂੰ ਨਫ਼ਰਤ ਅਤੇ ਚਾਪਲੂਸੀ ਦੋਨੋਂ ਛੱਡਣੇ ਪੈਣੇ ਹਨ।

Original with;
Jaswant Singh Zafar
Digitized by;
Panjab Digital Library

ਆਪਣੀ ਕਿਤਾਬ ਪੌਲੇਟਿਕਸ ਚ ਅਰਸਤੂ ਲਿਖ਼ਦਾ ਹੈ ਸਿਰਫ਼ ਇੱਕ ਸਥਿਤੀ ਵਿੱਚ ਬਾਦਸ਼ਾਹੀ ਜ਼ਾਇਜ਼ ਹੈ ਜਦੋਂ ਬਾਦਸ਼ਾਹ ਤੇ ਸ਼ਾਹੀ ਖ਼ਾਨਦਾਨ ਦੀਆਂ ਨੇਕੀਆਂ ਆਮ ਲੋਕਾਂ ਤੋਂ ਵਧ ਹੋਣ। ਭਾਵ ਬਾਦਸ਼ਾਹ ਦੀਆਂ ਨੇਕੀਆਂ ਆਮ ਲੋਕਾਂ ਤੋਂ ਵੱਧ ਹੋਣੀਆਂ ਚਾਹੀਦੀਆਂ ਹਨ। ਪਰ ਜੇ ਨਾ ਹੋਣ ਫਿਰ ਕੀ ਕਰਨਾ ਚਾਹੀਦਾ? ਫਿਰ ਆਪ ਨੇਕੀ ਦੇ ਬਾਦਸ਼ਾਹ ਬਣਨਾ ਚਾਹੀਦਾ। ਅਜਿਹੀ ਬਾਦਸ਼ਾਹੀ ਕਰਕੇ ਮਦਰ ਟੈਰੇਸਾ, ਭਗਤ ਪੂਰਨ ਸਿੰਘ ਅਤੇ ਸ.ਪ.ਸਿੰਘ ਓਬਰਾਏ ਵਰਗਿਆਂ ਦੀ ਇੱਜ਼ਤ ਰਾਜਸੱਤਾ ਲਈ ਹਾਬੜੇ ਫਿਰਦੇ ਲੀਡਰਾਂ ਦੇ ਮੁਕਾਬਲੇ ਕਿੰਨੀ ਜ਼ਿਆਦਾ ਹੈ।



Panjab Digital Library

# ਪਿਛਲੀ

ਪਿਛਲੀ ਪੀੜ੍ਹੀ ਕਹਿੰਦੀ ਹੁੰਦੀ ਸੀ ਕਿ ਰਾਜਨੀਤਕ ਲੋਕਾਂ ਦਾ ਕੋਈ ਧਰਮ ਨਹੀਂ ਹੁੰਦਾ। ਹੁਣ ਕਹਿ ਸਕਦੇ ਹਾਂ ਕਿ ਰਾਜਨੀਤਕ ਲੋਕਾਂ ਦੀ ਕੋਈ ਪਾਰਟੀ ਵੀ ਨਹੀਂ ਹੁੰਦੀ। ਇਹ ਸੱਤਾ ਹਥਿਆਉਣ ਲਈ ਅਤੇ ਆਪਣਾ ਕਾਲਾ ਧਨ ਬਚਾਉਣ ਲਈ ਕਦੀ ਵੀ ਕਿਸੇ ਵੀ ਪਾਰਟੀ ਵਿੱਚ ਜਾ ਸਕਦੇ ਹਨ।



Panjab Digital Library



# ਕਿਸੇ

ਕਿਸੇ ਧਰਮ, ਲਹਿਰ ਜਾਂ ਵਿਚਾਰਧਾਰਾ ਦੇ ਆਰੰਭਲੇ ਦੌਰ ਵਿਚ ਪੈਗੰਬਰ ਜਾਂ ਆਗੂ ਲੋਕਾਈ ਨੂੰ ਪਿਆਰ ਨਾਲ ਆਪਣੇ ਨਾਲ ਤੋਰਨ ਦਾ ਢੰਗ ਅਪਣਾਉਂਦੇ ਹਨ। ਬਾਅਦ ਵਿਚ ਇਹਨਾਂ ਦੇ ਸੰਵੇਦਨਹੀਣ ਉਜੱਡ ਕਿਸਮ ਦੇ ਸੰਚਾਲਕ ਜਾਂ ਠੇਕੇਦਾਰ ਲੋਕਾਂ ਨੂੰ ਕੀੜੇ ਮਕੌੜੇ ਸਮਝ ਮੂਹਰੇ ਲਾ ਕੇ ਹੱਕਣ ਦਾ ਯਤਨ ਕਰਦੇ ਹਨ।

*Original with;*
Jaswant Singh Zafar
*Digitized by;*
Panjab Digital Library



# ਲੋਕਤੰਤਰ

ਲੋਕਤੰਤਰ ਵਿਚ ਆਗੂਆਂ ਨੂੰ ਸੱਤਾ (ਰਾਜਸੀ ਸ਼ਕਤੀ) ਇਸ ਵਾਸਤੇ ਸੌਂਪੀ ਜਾਂਦੀ ਹੈ ਕਿ ਉਹ ਆਪਣੇ ਲੋਕਾਂ ਨੂੰ ਖੁਸ਼ਹਾਲ, ਚੰਗੇ, ਸਿਆਣੇ ਅਤੇ ਸਮਰੱਥ ਬਣਾ ਸਕਣ। ਲੋਕਾਂ ਵਿਚ ਇਹ ਸਭ ਬਣਨ ਦੀ ਚਾਹਤ ਪੈਦਾ ਕਰਨਾ ਸਾਹਿਤਕਾਰਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਦਾ ਕੰਮ ਹੈ।

*Original with;*
Jaswant Singh Zafar
*Digitized by;*
Panjab Digital Library

# ਜਦੋਂ

ਜਦੋਂ ਸਮਾਜ ਦੇ ਲਾਹਣਤੀ ਕਿਰਦਾਰ ਲੋਕਾਂ ਨੂੰ ਆਪਣੇ ਨਾਇਕ ਲੱਗਣ ਲੱਗ ਪੈਣ ਤਾਂ ਸਮਝੋ ਜੇ ਬੇੜਾ ਪੂਰਾ ਬੈਠਾ ਨਹੀਂ ਤਾਂ ਬਹਿਣ ਵਾਲਾ ਹੀ ਹੈ।

# ਜਿਸ

ਜਿਸ ਧਰਤੀ ਦੇ ਬਹੁਗਿਣਤੀ ਬਾਸ਼ਿੰਦਿਆਂ ਦੀ ਅਕਲ ਅਤੇ ਅਨੁਸ਼ਾਸਨ ਨਾਲ ਦੁਸ਼ਮਣੀ ਹੋ ਜਾਵੇ ਉਹ ਹਰਗਿਜ਼ ਹਸਦੀ-ਵਸਦੀ ਨਹੀਂ ਰਹਿ ਸਕਦੀ। ਉਸ ਨੂੰ ਆਪਣੀ ਤਬਾਹੀ ਅਤੇ ਉਜਾੜੇ ਲਈ ਕਿਸੇ ਦੁਸ਼ਮਣ ਦੇਸ਼, ਦੁਸ਼ਮਣ ਸਰਕਾਰ ਜਾਂ ਬੰਬਾਂ ਤੇ ਮਜ਼ਾਈਲਾਂ ਦੀ ਲੋੜ ਨਹੀਂ ਹੁੰਦੀ।



*Original with;*
Jaswant Singh Zafar
*Digitized by;*
Panjab Digital Library

# ਦੁਨੀਆਂ

ਦੁਨੀਆਂ ਦਾ ਸਭ ਤੋਂ ਮੁਸ਼ਕਲ ਬਦਲਾਅ ਹੈ ਆਪਣੇ ਆਪ ਨੂੰ ਬਦਲਣਾ ਜਾਣੀ ਆਪਣੀਆਂ ਬਿਰਤੀਆਂ, ਵਿਹਾਰ, ਆਦਤਾਂ ਆਦਿ ਨੂੰ ਤਬਦੀਲ ਕਰਨਾ। ਸਾਡੇ ਚੁਣੇ ਹੋਏ ਨੁਮਾਇੰਦੇ ਸਿਰਫ਼ ਸਰੀਰ ਹੀ ਨਹੀਂ ਹੁੰਦੇ ਉਹ ਸਾਡੇ ਆਚਾਰ, ਵਿਹਾਰ ਅਤੇ ਬਿਰਤੀਆਂ ਦੀ ਵੀ ਨੁਮਾਇੰਦਗੀ ਕਰਦੇ ਹਨ। ਆਪਣੇ ਆਪ ਨੂੰ ਬਦਲੇ ਬਿਨਾਂ ਜੇ ਨਵੇਂ ਨੁਮਾਇੰਦੇ ਚੁਣਾਂਗੇ ਤਾਂ ਰਾਜ ਉਹੀ ਆਦਤਾਂ, ਵਿਹਾਰ ਅਤੇ ਬਿਰਤੀਆਂ ਹੀ ਕਰਨਗੀਆਂ। ਆਪਣੇ ਆਪ ਨੂੰ ਬਦਲੇ ਬਗੈਰ ਕਿਸੇ ਪਰਿਵਾਰਕ, ਸਮਾਜਕ, ਆਰਥਕ ਜਾਂ ਰਾਜਨੀਤਕ ਤਬਦੀਲੀ ਦੀ ਆਸ ਜਾਂ ਮੰਗ ਕਰਨਾ ਮੂਰਖਤਾ ਹੈ।

# ਲੀਡਰ

ਲੀਡਰ ਹੋਛੇ ਨਹੀਂ ਹੋਣੇ ਚਾਹੀਦੇ। ਹੋਰ ਕਈ ਗੱਲਾਂ ਤਾਂ ਗੁੱਝੀਆਂ ਜਾਂ ਲੁਕੀਆਂ ਰਹਿ ਸਕਦੀਆਂ ਪਰ ਹੋਛਾਪਨ ਨਸ਼ਰ ਹੋਣੋਂ ਨਹੀਂ ਰਹਿੰਦਾ। ਹੋਛੇ ਲੀਡਰ ਵੱਲ ਦੇਖ ਕੇ ਜਾਂ ਉਸ ਦੇ ਮੁਕਾਬਲੇ ਵਿਚ ਹੋਰ ਬਹੁਤ ਸਾਰੇ ਲੋਕ ਜਾਂ ਪੂਰਾ ਸਮਾਜ ਹੋਛਾ ਹੋਣ ਲਗਦਾ ਹੈ।



Original with: Jaswant Singh Zafar
Digitized by: Panjab Digital Library

## ਜੇ

ਜੇ ਕੋਈ ਉੱਚੀ ਕੁਰਸੀ ਵਾਲਾ ਜ਼ਿਆਦਾ ਸਮਾਂ ਅਤੇ
ਜ਼ੋਰ ਆਪਣੀ ਹੀ ਸਿਫਤ ਕਰਨ ਕਰਾਉਣ ਲਈ ਲਾਵੇ
ਤਾਂ ਸਮਝੋ ਉਹ ਉਸ ਕੁਰਸੀ ਦੇ ਕਾਬਿਲ ਨਹੀਂ ਹੁੰਦਾ।

## ਸਾਡੇ

ਸਾਡੇ ਦੇਸ਼ ਵਿਚ ਕਾਰਜਕਾਰਨੀ (Executive)
ਦੀ ਕਾਰਜ ਸ਼ੈਲੀ (Working Style) ਕਰਕੇ
ਲੋਕਾਂ ਨੂੰ ਆਪਣੇ ਨਿੱਕੇ ਮੋਟੇ ਕੰਮ ਕਰਾਉਣ ਲਈ
ਸਿਆਸਤਦਾਨਾਂ (Politicians) ਮਗਰ ਦੌੜਨਾ
ਪੈਂਦਾ ਹੈ। ਇਹ ਸਥਿਤੀ ਸਿਆਸਤਦਾਨਾਂ ਨੂੰ ਆਪਣਾ
ਮਹੱਤਵ ਵਧਾਉਣ ਲਈ ਸੂਤ ਬੈਠਦੀ ਹੈ।

## ਸਿਆਸਤਦਾਨਾਂ

ਸਿਆਸਤਦਾਨਾਂ ਅਤੇ ਸਿਆਸੀ ਪਾਰਟੀਆਂ ਦੇ ਤੌਰ
ਤਰੀਕਿਆਂ ਜਾਂ ਰੰਗ-ਢੰਗ ਕਰਕੇ ਇਹ ਧਾਰਨਾ ਪੱਕ
ਰਹੀ ਹੈ ਕਿ ਵਰਤਮਾਨ ਲੋਕਤੰਤਰੀ ਪ੍ਰਬੰਧ ਲੋਕਾਂ
ਦੀਆਂ ਆਸਾਂ ਉਮੀਦਾਂ ਪੂਰੀਆਂ ਨਹੀਂ ਕਰ ਸਕਦਾ।



*Original with;*
Jaswant Singh Zafar
*Digitized by;*
Panjab Digital Library



# ਜਿਸ

ਜਿਸ ਸਿਸਟਮ ਤੋਂ ਅਸੀਂ ਨਿਰਾਸ਼ ਹਾਂ ਅਸੀਂ ਆਪ ਵੀ
ਉਸੇ ਮਜ਼ਬੂਤ ਲੜੀ ਦੀ ਇਕ ਕੜੀ ਹਾਂ।

# ਲੋਕਤੰਤਰ

ਲੋਕਤੰਤਰ ਵਿਚ ਚੋਣਾਂ ਆਪਣੇ ਸੁਘੜ ਅਤੇ ਯੋਗ ਨੁਮਾਇੰਦੇ ਚੁਣਨ ਲਈ ਹੁੰਦੀਆਂ ਜਿਹਨਾਂ ਆਪਣੇ ਲੋਕਾਂ ਦੀ ਆਰਥਿਕ, ਸਮਾਜਕ, ਵਿਦਿਅਕ, ਮਾਨਸਿਕ, ਸਰੀਰਕ ਅਰਥਾਤ ਹਰ ਪ੍ਰਕਾਰ ਦੀ ਤਰੱਕੀ ਬਾਰੇ ਸੋਚਣਾ, ਯੋਜਨਾਵਾਂ ਬਣਾਉਣੀਆਂ ਅਤੇ ਉਹਨਾਂ ਨੂੰ ਸਿਰੇ ਲਾਉਣਾ ਹੁੰਦਾ ਹੈ। ਸਾਡੇ ਚੋਣਾਂ ਰਾਜ ਸਤਾ 'ਤੇ ਕਬਜ਼ਾ ਕਰਨ ਲਈ ਲੜੀਆਂ ਅਤੇ ਜਿੱਤੀਆਂ ਜਾਂਦੀਆਂ ਹਨ। ਜਿਵੇਂ ਪੁਰਾਣੇ ਸਮੇਂ ਵਿਚ ਰਾਜ ਭਾਗ ਹਥਿਆਉਣ ਲਈ ਜੰਗਾਂ ਲੜੀਆਂ ਜਾਂਦੀਆਂ ਸਨ, ਅੱਜ ਕੱਲ੍ਹ ਚੋਣਾਂ ਲੜੀਆਂ ਜਾਂਦੀਆਂ। ਇਸ ਲੜਾਈ ਵਿਚ ਵੀ ਸਭ ਕੁਝ ਜਾਇਜ਼ ਮੰਨਿਆਂ ਜਾਣ ਲੱਗਾ ਹੈ, ਕਿਸੇ ਅਸੂਲ ਜਾਂ ਨੈਤਿਕਤਾ ਲਈ ਕੋਈ ਥਾਂ ਨਹੀਂ ਬਚੀ। ਅਸੀਂ ਅਜੇ ਪੁਰਾਣੇ ਰਾਜਾਸ਼ਾਹੀ ਕਾਲ ਤੋਂ ਅਧੁਨਿਕ ਅਤੇ ਲੋਕਤਾਂਤ੍ਰਿਕ ਯੁੱਗ ਵਿਚ ਪ੍ਰਵੇਸ਼ ਕਰਨਾ ਹੈ।

Singh Zafar
Panjab Digital Library



## ਪੌਲੋ

ਪੌਲੋ ਕੂਲ੍ਹੋ ਦਾ ਕਹਿਣਾ ਹੈ ਕਿ ਆਮ ਤੌਰ 'ਤੇ ਦੇਸ਼ ਭਗਤ ਲੋਕਾਂ ਨੂੰ ਅਪਣੀ ਸਰਕਾਰ ਦੇ ਵਿਰੋਧੀ ਹੋਣਾ ਪੈਂਦਾ ਹੈ। ਇਸ ਲਈ ਸਰਕਾਰ ਵਿਰੋਧੀ ਹੋਣ ਦਾ ਮਤਲਬ ਦੇਸ਼ ਧਰੋਹੀ ਹੋਣਾ ਨਹੀਂ ਹੁੰਦਾ।

## ਜਦੋਂ

ਜਦੋਂ ਰਾਜੇ 'ਤੇ ਸੰਕਟ ਆਉਂਦਾ ਹੈ ਤਾਂ ਦੇਸ਼ 'ਤੇ ਸੰਕਟ ਲਿਆਇਆ ਜਾਂਦਾ ਹੈ ਅਤੇ ਦੇਸ਼ ਦਾ ਸੰਕਟ ਮਿਟਾਉਣ ਦੇ ਨਾਂ 'ਤੇ ਰਾਜੇ ਦਾ ਸੰਕਟ ਮਿਟਾਇਆ ਜਾਂਦਾ ਹੈ।

*Original with;*
Jaswant Singh Zafar
*Digitized by;*
Panjab Digital Library



## ਕਿਸੇ

ਕਿਸੇ ਦੇਸ਼ ਜਾਂ ਖਿੱਤੇ 'ਤੇ ਰਾਜ ਕਰਨਾ ਅਤੇ ਓਥੋਂ ਦੇ ਲੋਕਾਂ ਦੀ ਅਗਵਾਈ ਕਰਨਾ ਵੱਖੋ-ਵੱਖਰੀਆਂ ਗੱਲਾਂ ਹਨ। ਰਾਜ ਤਾਂ ਦੁਸ਼ਮਣ ਅਤੇ ਬੇਗਾਨੇ ਵੀ ਕਰ ਲੈਂਦੇ ਹਨ ਪਰ ਅਗਵਾਈ ਕਰਨ ਵਾਲਾ ਆਪਣੇ ਲੋਕਾਂ ਦਾ ਸ਼ੁਭਚਿੰਤਕ ਅਤੇ ਹਤੈਸ਼ੀ ਹੁੰਦਾ ਹੈ, ਉਹਨਾਂ ਦੀ ਚੜ੍ਹਦੀ ਕਲਾ ਅਤੇ ਖੁਸ਼ਹਾਲੀ ਦਾ ਜਾਮਨ ਹੁੰਦਾ ਹੈ।

## ਕੈਨੇਡਾ

ਕੈਨੇਡਾ, ਅਮਰੀਕਾ ਅਤੇ ਅਸਟ੍ਰੇਲੀਆ ਵਿਚ ਕਿਸੇ ਬਿਜਲੀ ਘਰ, ਲਿੰਕ ਰੋਡ, ਪਾਰਕ, ਗਲੀਆਂ-ਨਾਲੀਆਂ, ਪੁਲਾਂ, ਸਰਕਾਰੀ ਇਮਾਰਤਾਂ ਆਦਿ ਦਾ ਕਿਸੇ ਮੰਤਰੀ ਵਗੈਰਾ ਵਲੋਂ ਰੱਖਿਆ ਨੀਂਹ ਪੱਥਰ ਨਜ਼ਰ ਨਹੀਂ ਆਉਂਦਾ। ਲੋਕਾਂ ਦੇ ਵੱਡੇ ਵੱਡੇ ਅਤੇ ਮਹਿੰਗੇ 'ਕੱਠ ਕਰਕੇ ਇਹਨਾਂ ਦੇ ਅਮੀਰਾਂ-ਵਜ਼ੀਰਾਂ ਵਲੋਂ ਉਦਘਾਟਨ ਵੀ ਨਹੀਂ ਕੀਤੇ ਜਾਂਦੇ ਹੋਣੇ। ਸਾਡੇ ਇਥੇ ਸਰਕਾਰੀ ਅਧਿਆਪਕਾਂ, ਡਾਕਟਰਾਂ ਆਦਿ ਨੂੰ ਤਨਖਾਹ ਦੇਣ ਲਈ ਖਜ਼ਾਨੇ 'ਚ ਪੈਸੇ ਨਾ ਵੀ ਹੋਣ ਤਾਂ ਵੀ ਨੀਂਹ ਪੱਥਰਾਂ ਅਤੇ ਉਦਘਾਟਨਾ 'ਤੇ ਖਰਚਣ ਲਈ ਸਰਕਾਰ ਕੋਲ ਮਾਇਆ ਦੀ ਕਮੀ ਨਹੀਂ ਹੋਈ।

Original with;
Jaswant Singh Zafar
Digitized by;
Panjab Digital Library

# ਨੀਅਤ

ਨੀਅਤ ਦੇ ਰੱਜੇ ਆਗੂ ਹੀ ਆਪਣੇ ਭਾਈਚਾਰੇ ਜਾਂ ਕੌਮ ਨੂੰ ਅਸਲੀ ਖੁਸ਼ੀ, ਖੁਸ਼ਹਾਲੀ ਅਤੇ ਚੜ੍ਹਦੀ ਕਲਾ ਦੇ ਮਾਰਗ 'ਤੇ ਤੋਰ ਸਕਦੇ ਹਨ। ਰਾਜਸੀ ਲੋਕਾਂ ਦੇ ਮਾਨਸਿਕ ਤੌਰ 'ਤੇ ਭੁੱਖੜ ਹੋਣ ਦਾ ਅਨੁਮਾਨ ਉਹਨਾਂ ਦਾ ਆਪਣੀਆਂ ਫੋਟੂਆਂ ਛਪਵਾਉਣ ਜਾਂ ਦਿਖਾਉਣ ਦੀ ਲਲਕ ਤੋਂ ਲਾਇਆ ਜਾ ਸਕਦਾ ਹੈ। ਪੰਜਾਬ ਵਿਚ ਸਰਗਰਮ ਰਾਜਸੀ ਧਿਰਾਂ ਦੇ ਆਗੂਆਂ ਵਿਚ ਲੋਕਾਂ ਦੇ ਪੈਸੇ ਨਾਲ ਆਪਣੀਆਂ ਫੋਟੂਆਂ ਛਪਵਾਉਣ ਦੀ ਭੁੱਖ ਬਹੁਤ ਪ੍ਰਬਲ ਹੈ। ਅਮਰੀਕਾ ਕੈਨੇਡਾ ਵਿਚ ਸਿਆਸੀ ਲੋਕਾਂ ਵਲੋਂ ਜਨਤਕ ਥਾਵਾਂ ਉੱਤੇ ਅਤੇ ਅਖ਼ਬਾਰਾਂ ਵਿਚ ਆਪਣੀਆਂ ਫੋਟੂਆਂ ਛਪਵਾਉਣ ਦਾ ਰੁਝਾਨ ਨਹੀਂ ਦੇਖਿਆ।

# ਪੰਜਾਬੀ

ਪੰਜਾਬੀ ਭਾਈਚਾਰੇ ਦੇ ਸਰਕਾਰ ਮੁੱਖ ਤੌਰ 'ਤੇ ਜਿਸ ਕੰਮ ਆਉਂਦੀ ਹੈ ਉਹ ਹੈ ਆਪਣੀਆਂ ਨਾਕਾਮੀਆਂ, ਅਣਗਿਹਲੀਆਂ, ਲਾਲਚਾਂ ਆਦਿ ਕਾਰਨ ਪੈਦਾ ਹੋਈ ਬੇਦਿਲੀ ਦਾ ਇਜ਼ਹਾਰ ਕਰਨ ਲਈ ਗਾਲ੍ਹਾਂ ਕੱਢਣ ਦੇ ਜਾਂ ਨਫ਼ਰਤ ਕਰਨ ਦੇ। ਜਦ ਇਕ ਸਰਕਾਰ ਨੂੰ ਨਫ਼ਰਤ ਕਰਕੇ ਪੂਰੀ ਤਰ੍ਹਾਂ ਰੱਜ ਜਾਂਦੇ ਹਾਂ ਫਿਰ ਉਸ ਨੂੰ ਬਦਲਣ ਬਾਰੇ ਸੋਚਦੇ ਹਾਂ। ਸਰਕਾਰ ਬਦਲ ਕੇ, ਤਾਜ਼ਾ ਦਮ ਹੋ ਕੇ ਨਫ਼ਰਤ ਦਾ ਚੱਕਰ ਨਵੇਂ ਸਿਰੇ ਤੋਂ ਸ਼ੁਰੂ ਕਰਦੇ ਹਾਂ।



# ਸਾਡੇ

ਸਾਡੇ ਗਰੀਬ ਮੁਲਕ ਜਾਂ ਸੂਬੇ ਦੇ ਅਮੀਰ ਸਿਆਸਤਦਾਨਾਂ ਨੇ ਜਨਤਕ ਧਨ ਨੂੰ ਪਿਓ ਦਾ ਮਾਲ ਸਮਝਿਆ ਹੋਇਆ ਹੈ। ਇਹਨਾਂ ਦੀ ਹਰ ਸਿਆਸੀ ਤਰੱਕੀ ਜਨਤਾ ਨੂੰ ਅਰਬਾਂ ਰੁਪਏ ਵਿਚ ਪੈਂਦੀ ਹੈ। ਇਹਨਾਂ ਦੀਆਂ ਬੇਰੋਕ ਸਿਆਸੀ ਖ਼ਾਹਿਸ਼ਾਂ ਕਾਰਨ ਜ਼ਿਮਨੀ ਚੋਣਾਂ ’ਤੇ ਮੁੜ ਮੁੜ ਹੋਣ ਵਾਲਾ ਅਰਬਾਂ ਖਰਬਾਂ ਰੁਪਏ ਦਾ ਦੋਹਰਾ ਤੀਹਰਾ ਖਰਚਾ ਦੱਸਦਾ ਹੈ ਕਿ ਇਹਨਾਂ ਨੂੰ ਮੁਲਕ ਜਾਂ ਸੂਬੇ ਦੇ ਅਰਥਚਾਰੇ ਜਾਂ ਤਰੱਕੀ ਦਾ ਕੋਈ ਫਿਕਰ ਨਹੀਂ ਹੈ। ਇਸ ਸਥਿਤੀ ਦਾ ਇਲਾਜ ਇਹ ਹੈ ਕਿ ਜਦ ਕੋਈ ਐਮ. ਐਲ. ਏ. ਹੁੰਦਿਆਂ ਐਮ. ਪੀ. ਦੀ ਚੋਣ ਲੜਨ ਲਈ ਜਾਂ ਐਮ. ਪੀ. ਹੁੰਦਿਆਂ ਐਮ. ਐਲ. ਏ. ਦੀ ਚੋਣ ਲੜਨ ਦੇ ਕਾਗਜ਼ ਦਾਖਲ ਕਰਦਾ ਹੈ ਤਾਂ ਉਸ ਤੋਂ ਜਾਂ ਉਸਦੀ ਪਾਰਟੀ ਤੋਂ ਪਹਿਲਾਂ ਜਿੱਤੀ ਚੋਣ ’ਤੇ ਸਰਕਾਰ ਦਾ ਅਤੇ ਹੋਰ ਸਾਰੇ ਉਮੀਦਵਾਰਾਂ ਦਾ ਆਇਆ ਚੋਣ ਖਰਚਾ ਵਸੂਲਿਆ ਜਾਏ।

# ਮੱਧ

ਮੱਧ ਕਾਲ ਵਿਚ ਸਾਡੇ ਦੇਸ਼ ਵਿਚ ਕੱਪੜਾ ਬੁਣਨ ਵਾਲੇ, ਜੁੱਤੀਆਂ ਗੰਢਣ ਵਾਲੇ, ਲੀੜੇ ਸੀਣ ਵਾਲੇ, ਹਲ਼ ਵਾਹੁਣ ਵਾਲੇ, ਡੰਗਰ ਚਾਰਨ ਵਾਲੇ ਅਤੇ ਬੁੱਤੀਆਂ ਕਰਨ ਵਾਲੇ ਕਈ ਗਰੀਬ ‘ਅਨਪੜ੍ਹ’ ਵੀ ਮਹਾਨ ਸ਼ਬਦ ਸਾਧਕ, ਵਿਦਵਾਨ ਅਤੇ ਚਿੰਤਕ ਹੁੰਦੇ ਸਨ। ਪਰ ਆਧੁਨਿਕ ਕਾਲ ਵਿਚ ਵੱਡੇ ਵੱਡੇ ਅਹੁਦਿਆਂ ’ਤੇ ਬਿਰਾਜਮਾਨ, ‘ਉੱਚੇ’ ਖਾਨਦਾਨਾਂ ਵਿਚ ਪੈਦਾ ਹੋਏ ਅਤੇ ਦੁਨੀਆਂ ਦੇ ਮਹਿੰਗੇ ‘ਵਿਦਿਆਲਿਆਂ’ ਵਿਚ ਪੜ੍ਹਿਆਂ ਲਿਖਿਆਂ ’ਚੋਂ ਕਈਆਂ ਨੂੰ ਬੋਲਣ ਦੀ ਵੀ ਤਮੀਜ਼ ਨਹੀਂ।





## ਜਦ

ਜਦ ਤੱਕ ਦਲ ਬਦਲੀ ਅਤੇ ਮੌਕਾਪ੍ਰਸਤੀ ਦਾ ਲੋਕ ਬੁਰਾ ਨਹੀਂ ਮਨਾਉਂਦੇ ਲੋਕ ਭਲ਼ਾਈ ਜਾਂ ਦੇਸ਼ ਭਗਤੀ ਦੀ ਭਾਵਨਾ ਨੇ ਨਹੀਂ ਸਗੋਂ ਸੱਤਾ ਦੀ ਹਵਸ ਅਤੇ ਪੈਸੇ ਦੇ ਹਲ਼ਕ ਨੇ ਹੀ ਉਹਨਾਂ 'ਤੇ ਰਾਜ ਕਰਨਾ ਹੈ। ਵਧੀਆ ਆਗੂਆਂ ਵਾਲਾ ਰਾਜ ਲਿਆਉਣ ਲਈ ਲੋਕਾਂ ਨੂੰ ਵਧੀਆ ਬਣਨਾ ਪੈਣਾ ਹੈ।

## ਜਦੋਂ

ਜਦੋਂ ਕੋਈ ਸਿਆਸਤਦਾਨ ਕਿਸੇ ਸਰਕਾਰੀ ਅਹੁਦੇ (ਪ੍ਰਧਾਨ ਮੰਤਰੀ, ਮੁੱਖ ਮੰਤਰੀ, ਮੰਤਰੀ ਵਗੈਰਾ) 'ਤੇ ਬਿਰਾਜਮਾਨ ਹੋ ਕੇ ਸਾਰੇ ਦੇਸ਼ ਵਾਸੀਆਂ ਦੇ ਸਿਰੋਂ ਸਰਕਾਰੀ ਤਨਖਾਹ, ਭੱਤੇ ਅਤੇ ਹੋਰ ਬੇਅੰਤ ਸਹੂਲਤਾਂ ਮਾਨਣ ਲੱਗ ਜਾਵੇ ਤਾਂ ਉਸ 'ਤੇ ਕਿਸੇ ਇਕ ਪਾਰਟੀ ਵਿਸ਼ੇਸ਼ ਲਈ ਚੋਣ ਪ੍ਰਚਾਰ ਲਈ ਸਰਕਾਰੀ ਸਮਾਂ ਅਤੇ ਸ਼ਕਤੀ ਖਰਚਣ 'ਤੇ ਪਾਬੰਦੀ ਹੋਣੀ ਚਾਹੀਦੀ ਹੈ ਜਿਵੇਂ ਵੱਡੇ ਤੋਂ ਵੱਡੇ ਅਫ਼ਸਰ ਤੋਂ ਲੈ ਕੇ ਛੋਟੇ ਤੋਂ ਛੋਟੇ ਸਰਕਾਰੀ ਮੁਲਾਜ਼ਮ 'ਤੇ ਹੁੰਦੀ ਹੈ।

## ਚੋਣਾਂ

ਚੋਣਾਂ ਜਿੱਤ ਕੇ ਸਹੁੰ ਉਸੇ ਬੋਲੀ ਵਿਚ ਚੁੱਕਣੀ ਚਾਹੀਦੀ ਹੈ ਜਿਸ ਬੋਲੀ ਵਿਚ ਵੋਟਾਂ ਮੰਗੀਆਂ ਹੋਣ। ਸਬੰਧਤ ਹਾਊਸ ਦੀ ਕਾਰਵਾਈ ਵਿਚ ਭਾਗ ਵੀ ਉਸੇ ਬੋਲੀ ਵਿਚ ਲੈਣਾ ਚਾਹੀਦਾ ਹੈ। ਇਸ ਨਾਲ ਆਮ ਲੋਕਾਂ ਨੂੰ ਸਰਕਾਰ ਕੁਝ-ਕੁਝ ਆਪਣੀ ਲੱਗੇਗੀ।

*Original with;*
Jaswant Singh Zafar
*Digitized by;*
Panjab Digital Library



Original with;
Jaswant Singh Zafar
Digitized by;
Panjab Digital Library

# ਮਾੜੀ

ਮਾੜੀ ਸਿਆਸਤ ਨੇ ਆਪਣੇ ਹਿੱਤ ਲਈ ਲੋਕਾਈ ਦੀ ਭਲਾਈ ਵਾਲੇ ਜਿਸ ਖੇਤਰ ਦਾ ਬੇੜਾ ਗਰਕ ਕਰਨਾ ਹੁੰਦਾ ਹੈ ਉਸ ਖੇਤਰ ਵਿਚਲੇ ਘਟੀਆ ਅੰਸਰਾਂ ਨੂੰ ਇਹ ਵਿਆਪਕ ਪੱਧਰ 'ਤੇ ਉਤਸ਼ਾਹਿਤ ਕਰਦੀ ਹੈ।

# ਚੋਣਾਂ

ਚੋਣਾਂ ਵਿਚ ਮੀਡੀਏ ਅਤੇ ਪੈਸੇ ਦਾ ਰੋਲ ਜਿੰਨਾ ਵਧੇਰੇ ਹੋਵੇਗਾ ਚੁਣੀਆਂ ਸਰਕਾਰਾਂ ਓਨੀਆਂ ਹੀ ਵਧੇਰੇ ਭਰਿਸ਼ਟ ਹੋਣਗੀਆਂ। ਸਰਮਾਏ ਅਤੇ ਮੀਡੀਏ ਦਾ ਉਦੇਸ਼ ਲੋਕ ਭਲਾਈ ਦੀ ਬਜਾਏ ਮੁਨਾਫ਼ਾ ਅਤੇ ਚੌਧਰ ਪ੍ਰਾਪਤ ਕਰਨਾ ਹੈ। ਲੋਕ ਜਦ ਤੱਕ ਜਾਣੇ-ਅਣਜਾਣੇ ਪੈਸੇ ਅਤੇ ਮੀਡੀਏ ਦੀ ਗੁਲਾਮੀ ਸਵੀਕਾਰੀ ਰੱਖਣਗੇ ਚੰਗੀ ਸਰਕਾਰ ਚੁਣੇ ਜਾਣ ਦੀ ਆਸ ਨਹੀਂ ਰੱਖ ਸਕਦੇ।

# ਸੂਬਾਈ

ਸੂਬਾਈ ਚੋਣਾਂ ਵਿਚ ਪੰਜਾਬ ਵੱਖ-ਵੱਖ ਰਾਜਸੀ ਧਿਰਾਂ 'ਤੇ ਬਣਦਾ ਸਰਦਾ ਗੁੱਸਾ ਅਤੇ ਖਿੱਝ ਤਾਂ ਕੱਢ ਲੈਂਦਾ ਹੈ ਪਰ ਆਪਣੀ ਢਹਿੰਦੀ ਕਲਾ ਅਤੇ ਨਿਰਾਸ਼ਾ ਵਾਲੀ ਸਥਿਤੀ ਨੂੰ ਬਦਲਣ ਦੀ ਦਿਸ਼ਾ ਵਿਚ ਤੁਰਨਾ ਸ਼ੁਰੂ ਕਰਨ ਲਈ ਅਜੇ ਪੰਜਾਬ ਨੇ ਆਰਥਿਕ ਤਰੱਕੀ ਦੇ ਨਾਲ-ਨਾਲ ਬੌਧਿਕ ਸ਼ਕਤੀ, ਮਾਨਸਿਕ ਖੁਸ਼ਹਾਲੀ, ਸੱਭਿਆਚਾਰਕ ਅਮੀਰੀ, ਰਾਜਸੀ ਚੇਤਨਾ ਅਤੇ ਆਤਮਿਕ ਆਜ਼ਾਦੀ ਵਰਗੀਆਂ ਗੱਲਾਂ ਦੀ ਲੋੜ ਨੂੰ ਮਹਿਸੂਸਣਾ ਸ਼ੁਰੂ ਕਰਨਾ ਹੈ।

*Original with;*
Jaswant Singh Zafar
*Digitized by;*
Panjab Digital Library



Original with;
Jaswant Singh Zafar
Digitized by;
Panjab Digital Library

# ਓਹੀ

ਓਹੀ ਸਿਆਸਤਦਾਨ ਆਪਣੇ ਦੇਸ਼, ਲੋਕਾਂ ਜਾਂ ਹਲਕੇ ਦਾ ਆਗੂ ਅਖਵਾਉਣ ਦਾ ਹੱਕਦਾਰ ਹੈ ਜੋ ਲੋਕਾਂ ਦੇ ਮਹੱਤਵਪੂਰਨ ਮੁੱਦਿਆ ਜਾਂ ਮਸਲਿਆਂ ਨੂੰ ਨਜਿੱਠਣ ਲਈ ਘੱਟੋ ਘੱਟ ਓਨਾ ਸਮਾਂ, ਸ਼ਕਤੀ, ਰਸੂਖ ਅਤੇ ਦਿਮਾਗ ਜ਼ਰੂਰ ਵਰਤਦਾ ਹੋਵੇ ਜਿੰਨਾ ਚੋਣ ਜਿੱਤਣ ਜਾਂ ਆਪਣੀ ਮਸ਼ਹੂਰੀ ਲਈ ਵਰਤਦਾ ਹੈ।

# ਸਾਡੇ

ਸਾਡੇ ਦੇਸ਼ ਦੇ ਮੁਕਾਬਲੇ ਅਸਟ੍ਰੇਲੀਆ ਇਕ ਗੱਲੋਂ ਬਹੁਤ ਗਰੀਬ ਹੈ। ਉਸ ਦੀ ਰਾਜਧਾਨੀ ਕੈਨਬਰਾ ਵਿਚ ਪਾਰਲੀਮੈਂਟ ਮੈਂਬਰਾਂ ਦੀ ਰਿਹਾਇਸ਼ ਲਈ ਮਹਿੰਗੀਆਂ ਅਤੇ ਵੱਡੀਆਂ ਸਰਕਾਰੀ ਕੋਠੀਆਂ ਨਹੀਂ ਹਨ। ਸਾਰੇ ਐਮ.ਪੀ. ਆਪਣੇ ਹਲਕਿਆਂ ਵਿਚ ਰਹਿੰਦੇ ਹਨ। ਪਾਰਲੀਮੈਂਟ ਦੀ ਕਾਰਵਾਈ ਚੱਲਣ ਵੇਲੇ ਆਪੋ ਆਪਣੇ ਸਾਧਨਾਂ ਬੱਸ, ਰੇਲ, ਕਾਰ ਜਾਂ ਹਵਾਈ ਜ਼ਹਾਜ਼ ਰਾਹੀਂ ਕੈਨਬਰਾ ਆਉਂਦੇ ਹਨ। ਓਨੇ ਦਿਨ ਹੋਟਲਾਂ ਵਿਚ ਰਹਿੰਦੇ ਹਨ। ਸਰਕਾਰ ਵਲੋਂ ਆਵਾਜਾਈ ਅਤੇ ਓਨੇ ਦਿਨ ਦੇ ਹੋਟਲ ਕਿਰਾਏ ਦੀ ਅਦਾਇਗੀ ਕਰ ਦਿੱਤੀ ਜਾਂਦੀ ਹੈ। ਸਾਡੇ ਵਾਲਿਆਂ ਨੂੰ ਰਾਜਧਾਨੀ ਦੇ ਮਹਿੰਗੇ ਇਲਾਕਿਆਂ ਵਿਚ ਪੂਰੇ ਸਮੇਂ ਲਈ ਕਈ ਕਈ ਏਕੜ ਦੀਆਂ ਸਰਕਾਰੀ ਕੋਠੀਆਂ ਅਲਾਟ ਕੀਤੀਆਂ ਜਾਂਦੀਆਂ ਹਨ ਭਾਵੇਂ ਉਹ ਪੰਜ ਸਾਲ ਪਾਰਲੀਮੈਂਟ ਵਿਚ ਇਕ ਵੀ ਸ਼ਬਦ ਨਾ ਬੋਲਣ।

# ਸਾਡੇ

ਸਾਡੇ ਮੁਲਕ ਨੂੰ ਸਿਆਸਤ ਬਹੁਤ ਜ਼ਿਆਦਾ ਮਹਿੰਗੀ ਪੈ ਰਹੀ ਹੈ। ਦੇਸ਼ ਵਿਚ ਸਭ ਤਰ੍ਹਾਂ ਦੇ ਕਿੱਤਾਕਾਰਾਂ, ਕਿਰਤੀਆਂ, ਹੁਨਰਮੰਦਾਂ ਨੂੰ ਮਿਲਦੀਆਂ ਉਜਰਤਾਂ ਅਤੇ ਸਹੂਲਤਾਂ ਕਿਸੇ ਗਰੀਬ ਤੋਂ ਗਰੀਬ ਦੇਸ਼ ਵਾਲੀਆਂ ਹਨ। ਪਰ ਚੋਣਾਂ ਵਿਚ ਮੁੱਖ ਸਿਆਸੀ ਪਾਰਟੀਆਂ ਅਤੇ ਸਿਆਸਤਦਾਨਾਂ ਦਾ ਖਰਚ ਅਮੀਰ ਤੋਂ ਅਮੀਰ ਦੇਸ਼ ਤੋਂ ਵੀ ਜ਼ਿਆਦਾ ਹੁੰਦਾ ਹੈ।

Original with;
Jaswant Singh Zafar
Digitized by;
Panjab Digital Library



Original with;
Jaswant Singh Zafar
Digitized by;
Panjab Digital Library

# ਜਿਸ

ਜਿਸ ਮੁਲਕ ਵਿਚ ਪ੍ਰਸ਼ਾਸਕ (Administrator) ਦਾ ਰੁਤਬਾ, ਰੋਹਬ, ਪ੍ਰਭਾਵ ਜਾਂ ਦਬਦਬਾ ਕਿਸੇ ਵਿਗਿਆਨੀ, ਯੋਜਨਾਕਾਰ, ਆਰਥਿਕ ਮਾਹਿਰ, ਸਿੱਖਿਆ ਸ਼ਾਸਤਰੀ, ਤਕਨੀਕੀ ਮਾਹਿਰ ਜਾਂ ਹੋਰ ਹੁਨਰਮੰਦਾਂ ਨਾਲੋਂ ਵਧੇਰੇ ਹੋਵੇਗਾ ਉਹ ਓਹੋ ਜਿਹੀ ਤਰੱਕੀ ਕਰੇਗਾ ਜਿਹੋ ਜਿਹੀ ਸਾਡੇ ਮੁਲਕ ਨੇ ਕੀਤੀ ਅਤੇ ਕਰ ਰਿਹਾ ਹੈ।

# ਪੰਜਾਬ

ਪੰਜਾਬ ਅਤੇ ਦੇਸ਼ ਵਿਚ ਸੱਤਾਧਾਰੀ ਧਿਰ ਲੋਕਾਂ ਦਾ ਜਿੰਨਾ ਵਧੇਰੇ ਰਗੜਾ ਬੰਨ੍ਹਦੀ ਹੈ ਵਿਰੋਧੀ ਧਿਰ ਓਨੀਂ ਜ਼ਿਆਦਾ (ਢਿੱਡੋਂ) ਚਾਂਭੜਾਂ ਪਾਉਂਦੀ ਹੈ। ਕਿਉਂਕਿ ਉਸ ਲਈ ਸੱਤਾਧਾਰੀ ਹੋਣ ਦਾ ਰਾਹ ਆਪਣੇ ਆਪ ਪੱਧਰਾ ਹੁੰਦਾ ਹੈ। ਬਰਬਾਦੀ ਦਾ ਚੱਕਰ ਚੱਲੀ ਜਾ ਰਿਹਾ ਹੈ। ਦੇਖਦਿਆਂ ਦੇਖਦਿਆਂ ਕਿੰਨਾ ਕੁਝ ਤਹਿਸ ਨਹਿਸ ਹੋ ਰਿਹਾ ਹੈ।

*Original with;*
Jaswant Singh Zafar
*Digitized by;*
Panjab Digital Library





## ਕਲਾ ਦੀ ਜੈ

ਪਸ਼ੂ ਜਾਂ ਮਸ਼ੀਨਾਂ ਬਣਨ ਤੋਂ ਬਚਣ ਲਈ ਸਾਹਿਤ ਅਤੇ ਕਲਾ ਨਾਲ ਜੁੜਨਾ ਜ਼ਰੂਰੀ ਹੈ।

ਕਲਾ ਮਨੁੱਖੀ ਭਟਕਣ ਦੀ ਪਨਾਹ ਹੈ। ਭਾਸ਼ਾ ਦੀ ਦਾਤ ਕਰਕੇ ਮਨੁੱਖ ਸਿਰਜਕ ਹੈ ਅਤੇ ਸਿਰਜਨਾ ਦੀ ਠਾਹਰ ਕਲਾ ਦੇ ਘਰ ਵਿਚ ਹੈ। ਕਰਤਾ ਹੋਣਾ ਮਨੁੱਖ ਨੂੰ ਮਿਲੀ ਕੁਦਰਤੀ ਦਾਤ ਹੈ ਅਤੇ ਇਸ ਕਰਤਾਰੀ ਦਾਤ ਦਾ ਪ੍ਰਗਟਾਵਾ ਕਲਾ ਰਾਹੀਂ ਹੁੰਦਾ ਹੈ। ਸਾਡੇ ਘਰ, ਕੱਪੜੇ, ਸਜਾਵਟਾਂ ਅਤੇ ਗਹਿਣੇ ਆਦਿ ਸਾਡੇ ਵਡੇਰਿਆਂ ਤੋਂ ਵੱਖਰੇ ਹਨ ਅਤੇ ਸਾਡੀ ਅਗਲੀ ਪੀੜ੍ਹੀ ਦਾ ਇਹ ਸਾਰਾ ਕੁਛ ਸਾਡੇ ਤੋਂ ਵੱਖਰੀ ਭਾਂਤ ਦਾ ਹੋਣਾ ਸੁਭਾਵਕ ਹੈ। ਇਹ ਲਗਾਤਾਰ ਤਬਦੀਲੀ ਮਨੁੱਖੀ ਜੀਵਨ ਦੀ ਹੋਣੀ ਹੈ ਅਤੇ ਇਸ ਹੋਣੀ ਦਾ ਹੋਣ ਕਲਾ ਰਾਹੀਂ ਵਰਤਦਾ ਹੈ। ਅਸੀਂ ਆਪਣੇ ਜੀਣ-ਥੀਣ, ਸੋਹਜ-ਸੁਆਦ ਅਤੇ ਆਲੇ-ਦੁਆਲੇ ਨੂੰ ਕਲਾ ਰਾਹੀਂ ਨਵਿਆਉਂਦੇ ਹਾਂ। ਕਲਾ ਮਨੁੱਖ ਨੂੰ ਜਾਦੂਈ ਹੈਰਾਨੀ, ਵਿਚਾਰਧਾਰਕ ਉਤੇਜਨਾ, ਜੀਵਨ ਚਾਅ ਅਤੇ ਮਾਨਸਿਕ ਟਿਕਟਿਕਾ ਵਰਗੀਆਂ ਮਹੱਤਵਪੂਰਨ ਚੀਜ਼ਾਂ ਨਾਲ ਵੀ ਭਰੀ ਰੱਖਦੀ ਹੈ।

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

## ਆਪਣਾ ਮੂਲ ਪਛਾਣ

ਆਨੰਦ ਅਤੇ ਖੁਸ਼ੀ ਮਨੁੱਖੀ ਮਨ ਦੀ ਬੁਨਿਆਦੀ ਪ੍ਰਵਿਰਤੀ ਹੈ। ਦੂਜੇ ਸ਼ਬਦਾਂ ਵਿਚ, ਕੁਦਰਤ ਨੇ ਆਪਣੇ ਵਲੋਂ ਮਨੁੱਖ ਨੂੰ ਸਦਾ ਖੁਸ਼ ਰਹਿਣ ਵਾਲਾ ਬਣਾਇਆ ਹੈ। ਖੁਸ਼ ਰਹਿਣ ਲਈ ਕੁਛ ਕਰਨ ਦੀ ਨਹੀਂ ਸਗੋਂ ਬਹੁਤ ਕੁਛ ਨਾ ਕਰਨ ਦੀ ਲੋੜ ਹੁੰਦੀ ਹੈ। ਮਨੁੱਖ ਨੇ ਵਿਅਕਤੀਗਤ ਜਾਂ ਜਮਾਤੀ ਤੌਰ 'ਤੇ ਆਪਣੀ ਜੀਵਨ ਯਾਤਰਾ ਜਾਂ ਤਥਾ ਕਥਿਤ ਵਿਕਾਸ ਦੌਰਾਨ ਆਪਣੇ ਅੰਦਰਲੀ ਆਨੰਦ ਦੀ ਮੂਲ ਸਥਿਤੀ ਨੂੰ ਬਹੁਤ ਸਾਰੀ ਗੰਦਗੀ ਹੇਠ ਦੱਬ ਲਿਆ ਹੈ।

ਜੇ ਸਾਨੂੰ ਕੋਈ ਪੁੱਛੇ ਕਿ ਅਸੀਂ ਆਪਣੇ ਜੀਵਨ ਵਿਚ ਸਭ ਤੋਂ ਵੱਧ ਖੁਸ਼ ਕਦੋਂ ਹੋਏ ਸੀ ਤਾਂ ਸਾਡਾ ਧਿਆਨ ਉਹਨਾਂ ਪਲਾਂ ਵੱਲ ਜਾਏਗਾ ਜਦ ਕਦੀ ਅਸੀਂ ਕਿਸੇ ਇਮਤਿਹਾਨ 'ਚੋਂ ਫਸਟ ਆਏ ਸੀ, ਜਾਂ ਸਾਨੂੰ ਕਿਸੇ ਵਸਤ ਦੀ ਪ੍ਰਾਪਤੀ ਹੋਈ ਸੀ, ਜਾਂ ਅਸੀਂ ਕਿਸੇ ਚੰਗੀ ਨੌਕਰੀ, ਅਹੁਦੇ, ਰਿਸ਼ਤੇ ਜਾਂ ਪੁਰਸਕਾਰ ਲਈ ਚੁਣੇ ਗਏ ਸੀ। ਇਸ ਤਰ੍ਹਾਂ ਦਾ ਜੁਆਬ ਕਦੀ ਵੀ ਸਹੀ ਨਹੀਂ ਹੁੰਦਾ। ਅਸਲ ਵਿਚ ਸਾਡੇ ਸਭ ਤੋਂ ਵੱਧ ਖੁਸ਼ੀ ਦੇ ਪਲਾਂ ਦਾ ਸਾਨੂੰ ਪਤਾ ਜਾਂ ਚੇਤਾ ਹੀ ਨਹੀਂ ਹੁੰਦਾ। ਅਸੀਂ ਸਭ ਤੋਂ ਵੱਧ ਖੁਸ਼ ਓਦੋਂ ਸਾਂ ਜਦੋਂ ਅਸੀਂ ਮਾਸੂਮ ਬੱਚੇ ਹੁੰਦੇ ਸੀ। ਕਿਸੇ ਦੇ ਮਾਮੂਲੀ ਜਿਹਾ ਛੂਹਣ 'ਤੇ ਖਿੜ ਖਿੜਾ ਕੇ ਹੱਸ ਪੈਂਦੇ ਸਾਂ, ਕਦੀ ਕਿਸੇ ਵੱਲ ਦੇਖ ਕੇ ਕਿਲਕਾਰੀਆਂ ਮਾਰਨ ਲੱਗ ਜਾਂਦੇ ਸਾਂ, ਕਦੀ ਕੀੜੀ ਨੂੰ ਦੇਖ ਕੇ ਨੱਚਣ ਲੱਗ ਜਾਂਦੇ ਸਾਂ ਜਾਂ ਬਿਨਾਂ ਕਾਰਨ ਸੁੱਤੇ ਪਏ ਵੀ ਹੱਸਦੇ ਰਹਿੰਦੇ ਸਾਂ। ਮਗਰੋਂ ਏਨਾ ਭਰਪੂਰ ਆਨੰਦ ਕਿਤੇ ਚਲਾ ਨਹੀਂ ਜਾਂਦਾ ਸਗੋਂ ਸਾਡੀ ਨਫ਼ਰਤ, ਈਰਖਾ, ਮੁਕਾਬਲੇਬਾਜੀ ਆਦਿ ਦੀ ਕਮਾਈ ਹੇਠ ਦੱਬ ਜਾਂਦਾ ਹੈ। ਆਪਣੇ ਚਿੱਤੋਂ ਆਪਣੀਆਂ ਖੁਸ਼ੀਆਂ ਦੀ ਪ੍ਰਾਪਤੀ ਜਾਂ ਇਹਨਾਂ ਵਿੱਚ ਵਾਧਾ ਕਰਨ ਲਈ ਜੋ ਵੀ ਕਰਮ ਕਰਦੇ ਹਾਂ ਅਸਲ ਵਿਚ ਉਹ ਸਾਡੀਆਂ ਪ੍ਰੇਸ਼ਾਨੀਆਂ ਵਧਾਉਣ ਦੇ ਹੀ ਕਾਰਨ ਬਣਦੇ ਹਨ। ਇਸੇ ਕਰਕੇ ਦਿਲ ਦਿਮਾਗ ਦੀਆਂ ਬਿਮਾਰੀਆਂ ਗਰੀਬਾਂ ਨਾਲੋਂ ਵੱਧ ਅਮੀਰਾਂ ਨੂੰ ਹੁੰਦੀਆਂ ਹਨ। ਖੁਦਕੁਸ਼ੀਆਂ ਭਿਖਾਰੀ ਜਾਂ ਮੰਗਤੇ ਨਹੀਂ ਸਗੋਂ ਸਾਧਨ ਸੰਪਨ ਲੋਕ ਹੀ ਕਰਦੇ ਹਨ। ਦੇਖਿਆ ਹੈ ਕਿ ਟ੍ਰੈਫਿਕ ਲਾਈਟਾਂ ਤੇ ਰੋਂਦੂ ਬਣ ਕੇ ਭੀਖ ਮੰਗਣ ਵਾਲੇ ਬੱਚੇ ਟਰੈਫਿਕ ਚੱਲਣ 'ਤੇ ਪਰ੍ਹਾਂ ਹੋ ਕੇ ਨੱਚਣ ਲੱਗ ਜਾਂਦੇ ਹਨ।

ਅਸੀਂ ਆਪਣੇ ਆਨੰਦ ਦੇ ਅਲੋਪ ਹੋਣ ਲਈ ਆਪਣੇ ਹਾਲਤਾਂ ਜਾਂ ਦੂਸਰੇ ਲੋਕਾਂ ਨੂੰ ਦੋਸ਼ ਦੇਣ ਦਾ ਸੌਖਾ ਰਾਹ ਲੱਭ ਕੇ ਸਾਰਨ ਦੇ ਆਦਿ ਹੋ ਗਏ ਹਾਂ। ਆਨੰਦ ਜਾਂ ਖੁਸ਼ੀ ਦੀ ਹਾਲਤ ਵਿਚ ਮੁੜ ਪਰਤਣ ਲਈ ਕੁਛ ਕਰਨ ਦੀ ਲੋੜ ਨਹੀਂ ਸਗੋਂ ਆਪਣੇ ਵਲੋਂ ਹੁਣ ਤੱਕ ਇਕੱਠੀ ਕੀਤੀ ਨਫ਼ਰਤ, ਈਰਖਾ, ਖਿਝ, ਦਵੈਸ਼ ਆਦਿ ਦੀ ਕਮਾਈ ਨੂੰ ਤਿਅਗਣਾ ਪੈਣਾ ਹੈ। ਇਹਨਾਂ ਸਾਰੀਆਂ ਤੋਂ ਮੁਕਤ ਹੋਣ ਦੀ ਅਵੱਸਥਾ ਦਾ ਨਾਂ ਹੈ 'ਮੁਹੱਬਤ'। ਵੱਡੇ ਹੋ ਕੇ ਆਪਣੇ ਆਪ ਨੂੰ ਆਨੰਦ ਭਰਪੂਰ ਰੱਖਣ ਲਈ ਮੁਹੱਬਤ ਭਰਪੂਰ ਰੱਖਣਾ ਹੁੰਦਾ ਹੈ।

Original with;
Jaswant Singh Zafar
Digitized by;
Panjab Digital Library

# ਰੋਟੀ ਅਤੇ ਪਿਆਰ

ਅਸੀਂ ਜਿਹੋ ਜਿਹੇ ਵੀ ਹੋਈਏ ਬਚਪਨ ਵਿਚ ਖਾਣ-ਪੀਣ ਦੇ ਪ੍ਰਬੰਧ ਦਾ ਕੋਈ ਫਿਕਰ ਨਹੀਂ ਹੁੰਦਾ। ਇਹ ਸਾਨੂੰ ਮਾਤਾ-ਪਿਤਾ ਅਤੇ ਘਰ ਦੇ ਵੱਡੇ ਜੀਆਂ ਤੋਂ ਹੱਕ ਦੇ ਤੌਰ 'ਤੇ ਪ੍ਰਾਪਤ ਹੁੰਦਾ ਹੈ। ਮਰਨ ਤੋਂ ਬਾਅਦ ਸੰਤਾਨ ਮੂੰਹ 'ਚ ਬੜੇ ਘਿਉ ਆਦਿ ਪਾਉਂਦੀ ਹੈ। ਸਰਾਧ ਜਾਂ ਪਿੰਡ ਭਰਾਈ ਕਰਾਉਂਦੀ ਜਾਂ ਲੰਗਰ ਲਾਉਂਦੀ ਹੈ। ਇਹਨਾਂ ਦੋਹਾਂ ਦੇ ਵਿਚਕਾਰਲੇ ਸਮੇਂ ਵਿਚ ਸਾਨੂੰ ਆਪਣੇ ਖਾਣ-ਪੀਣ ਦਾ ਪ੍ਰਬੰਧ ਕਰਨ ਲਈ ਆਪ ਕੰਮ, ਉਦਮ, ਮਿਹਨਤ ਅਤੇ ਦੌੜ-ਭੱਜ ਕਰਨੀ ਪੈਂਦੀ ਹੈ। ਸਾਡੀ ਆਪਣੀ ਜਿੰਮੇਵਾਰੀ ਹੁੰਦੀ ਹੈ।

ਇਸੇ ਤਰ੍ਹਾਂ ਅਸੀਂ ਜਿਹੋ ਜਿਹੇ ਵੀ ਹੋਈਏ ਬਚਪਨ ਵਿਚ ਸਾਡੇ ਮਾਤਾ-ਪਿਤਾ, ਭੈਣ-ਭਰਾ ਅਤੇ ਘਰ ਦੇ ਹੋਰ ਜੀਅ ਆਪਣੇ ਆਪ ਹੀ ਖ਼ੂਬ ਪਿਆਰ ਕਰਦੇ ਰਹਿੰਦੇ ਹਨ। ਮਰਨ ਤੋਂ ਬਾਅਦ ਸੰਤਾਨ ਅਤੇ ਹੋਰ ਕਰੀਬੀ ਮ੍ਰਿਤਕ ਸਰੀਰ ਨੂੰ ਜੱਫੀਆ ਪਾ ਕੇ ਅਤੇ ਹੋਰ ਕਈ ਤਰੀਕਿਆਂ ਨਾਲ ਪਿਆਰ-ਸਤਿਕਾਰ ਦਾ ਇਜ਼ਹਾਰ ਕਰਦੇ ਹਨ। ਇਹਨਾਂ ਦੋਹਾਂ ਦੇ ਵਿਚਕਾਰਲੇ ਸਮੇਂ ਵਿਚ ਪਿਆਰ ਪ੍ਰਾਪਤੀ ਲਈ ਸਾਨੂੰ ਆਪਣੇ ਵਤੀਰੇ, ਲਿਆਕਤ, ਮਿਹਨਤ, ਕਮਾਈ, ਹੁਨਰ, ਸਿਰਜਨਾ, ਸੋਹਜ-ਸਲੀਕੇ, ਬੋਲ-ਬਾਣੀ, ਉਪਯੋਗਤਾ, ਸਹਿਯੋਗ ਆਦਿ ਨਾਲ ਹਰ ਤਰ੍ਹਾਂ ਦੇ ਪਿਆਰ ਦੇ ਯੋਗ ਹੋਣਾ ਪੈਂਦਾ ਹੈ। ਭਾਵ ਬਚਪਨ ਤੋਂ ਬਾਅਦ ਪਿਆਰ ਵੀ ਰੋਟੀ ਵਾਂਗ ਕਮਾਉਣਾ ਹੁੰਦਾ ਹੈ।

ਰੋਂਦੂ ਜਿਹੀਆਂ ਪਿਆਰ ਕਵਿਤਾਵਾਂ ਕਵੀ ਨੂੰ ਤਰਸ ਦਾ ਪਾਤਰ ਅਤੇ ਪਾਠਕ ਨੂੰ ਪਿਆਰ-ਕਮਾਊ ਦੀ ਬਜਾਏ ਪਿਆਰ-ਮੰਗਤਾ ਬਣਾਉਂਦੀਆਂ ਹਨ। ਅੱਜ ਕੱਲ੍ਹ ਪੰਜਾਬੀ ਦੇ ਬਹੁਤੇ ਹਿੱਟ ਗਾਣੇ ਨੌਜਵਾਨਾਂ ਨੂੰ ਪਿਆਰ-ਕਮਾਊ ਦੀ ਬਜਾਏ ਪਿਆਰ ਦੇ ਲੁਟੇਰੇ ਜਾਂ ਡਾਕੂ ਬਣਨ ਲਈ ਉਕਸਾਉਂਦੇ ਹਨ। ਕੁਦਰਤ ਨੂੰ ਕਮਾਊ ਜੀਊੜੇ ਭਾਉਂਦੇ ਹਨ, ਮੰਗਤੇ ਅਤੇ ਲੁਟੇਰੇ ਦੋਵੇਂ ਚੰਗੇ ਨਹੀਂ ਲੱਗਦੇ।



# ਸਭ ਕੋ ਆਈ ਵਾਰੀ

ਸਮੇਤ ਸਾਡੇ, ਸ੍ਰਿਸ਼ਟੀ ਵਿਚ ਕੁਝ ਵੀ ਸਥਾਈ ਨਹੀਂ ਹੈ। ਅਸੀਂ ਸਾਰਿਆਂ ਨੇ ਕਦੀ ਨਾ ਕਦੀ ਜ਼ਰੂਰ ਮਰਨਾ ਹੈ। ਸਾਰੇ ਜਿਉਂਦਿਆਂ ਅਤੇ ਮਰ ਚੁੱਕਿਆਂ ਵਿਚ ਕੁਝ ਨਾ ਕੁਝ ਗੁਣ ਜ਼ਰੂਰ ਹੁੰਦੇ ਹਨ। ਕੋਈ ਵੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਸ ਵਿਚ ਕੋਈ ਔਗੁਣ ਨਹੀਂ ਹੈ। ਇਹ ਸਾਡੀ ਦ੍ਰਿਸ਼ਟੀ ਦਾ ਟੀਰ ਹੈ ਕਿ ਸਾਨੂੰ ਗੁਣ ਆਪਣੇ ਪਰ ਔਗੁਣ ਦੂਸਰਿਆਂ ਦੇ ਵਧੇਰੇ ਨਜ਼ਰ ਅਉਂਦੇ ਹਨ। ਅਸੀਂ ਆਪਣੇ ਗੁਣ ਪ੍ਰਚਾਰਦੇ ਅਤੇ ਔਗੁਣ ਲੁਕੋਂਦੇ ਰਹਿੰਦੇ ਹਾਂ। ਦੂਸਰਿਆਂ ਦੇ ਗੁਣਾਂ ਨੂੰ ਅਣਗੌਲੇ ਕਰਦੇ ਅਤੇ ਔਗੁਣਾ ਨੂੰ ਉਛਾਲਦੇ ਪ੍ਰਚਾਰਦੇ ਫਿਰਦੇ ਹਾਂ। ਸੋਸ਼ਲ ਮੀਡੀਆ ਦੀ ਵੀ ਇਹਨਾਂ ਦੋਹਾਂ ਗੱਲਾਂ ਲਈ ਬਹੁਤ ਵਰਤੋਂ ਹੋਣ ਲੱਗੀ ਹੈ।

ਜਦੋਂ ਸਾਡਾ ਕੋਈ ਜਾਣਕਾਰ ਚੜ੍ਹਾਈ ਕਰ ਜਾਂਦਾ ਹੈ ਤਾਂ ਅਸੀਂ ਉਸਦੇ ਅੰਤਮ ਸੰਸਕਾਰ, ਭੋਗ, ਕਿਰਿਆ, ਅਰਦਾਸ ਆਦਿ ਵਿਚ ਸ਼ਾਮਲ ਹੋ ਕੇ ਉਸ ਨੂੰ ਕੋਈ ਲਾਭ ਨਹੀਂ ਪਹੁੰਚਾ ਰਹੇ ਹੁੰਦੇ। ਉਸ ਦੀ ਆਤਮਿਕ ਸ਼ਾਂਤੀ ਜਾਂ ਮੁਕਤੀ ਸਾਡੀਆਂ ਅਰਦਾਸਾਂ ਪ੍ਰਾਰਥਨਾਵਾਂ ਦੀ ਮੁਥਾਜ਼ ਨਹੀਂ ਹੁੰਦੀ। ਦੂਸਰਿਆਂ ਦੀ ਮੌਤ ਨਾਲ ਸਬੰਧਤ ਮੌਕਿਆਂ 'ਤੇ ਅਸੀਂ ਆਪਣੇ ਲਾਭ ਲਈ ਸ਼ਾਮਲ ਹੋਣਾ ਹੁੰਦਾ ਹੈ। ਆਪਣੀ ਮੌਤ ਦਾ ਧਿਆਨ ਧਰ ਕੇ ਆਪਣੀ ਆਤਮਿਕ ਸ਼ਾਂਤੀ ਲਈ ਅਸਰਦਾਰ ਪ੍ਰਾਥਨਾ ਕਰਨ ਦਾ ਚੰਗਾ ਅਵਸਰ ਹੁੰਦਾ ਹੈ। ਰਹਿੰਦੀ ਜ਼ਿੰਦਗੀ ਨੂੰ ਸੁਖਾਵਾਂ ਅਤੇ ਸੁਹਾਵਣਾ ਬਣਾਉਣ ਦੀ ਪ੍ਰੇਰਨਾ ਲੈਣ ਦਾ ਸਬੱਬ ਹੁੰਦਾ ਹੈ। ਅਜਿਹੇ ਮੌਕੇ 'ਤੇ ਤੁਰ ਗਏ ਵਿਅਕਤੀ ਦੇ ਗੁਣਾਂ ਦੀ ਵਾਹਵਾ ਚਰਚਾ ਹੁੰਦੀ ਹੈ। ਇਸ ਨਾਲ ਅਸੀਂ ਵੀ ਉਹ ਗੁਣ ਧਾਰਨ ਕਰਨ ਦੀ ਪ੍ਰੇਰਨਾ ਲੈ ਸਕਦੇ ਹਾਂ। ਮਨੋਮਨੀ ਜਾਂ ਕਾਨਾਫੂਸੀ ਰਾਹੀਂ ਉਸ ਵਿਅਕਤੀ ਦੇ ਔਗੁਣ ਵੀ ਵਿਚਾਰੇ ਜਾਂਦੇ ਹਨ। ਉਸ ਵੇਲੇ ਅਸੀਂ ਨਿਰਖ ਸਕਦਾ ਹਾਂ ਕਿ ਕਿਤੇ ਉਹ ਔਗੁਣ ਲੁਪਤ ਜਾਂ ਪ੍ਰਤੱਖ ਰੂਪ ਵਿਚ ਸਾਡੇ ਵਿਚ ਤਾਂ ਨਹੀਂ। ਅਸੀਂ ਆਪਣੇ ਲੁਕੋ ਕੇ ਰੱਖੇ ਔਗੁਣਾਂ ਨੂੰ ਵੀ ਪਛਾਣ ਸਕਦੇ ਹਾਂ। ਨਿਸ਼ਾਨਦੇਹੀ ਤੋਂ ਬਾਅਦ ਆਪਣੇ ਇਹਨਾਂ ਔਗੁਣਾਂ ਤੋਂ ਮੁਕਤੀ ਦੀ ਵਿਧੀ ਵਿਚਾਰ ਸਕਦੇ ਹਾਂ, ਕੋਈ ਅਹਿਦ ਕਰ ਸਕਦੇ ਹਾਂ।

ਉਪਰੋਕਤ ਕਹੇ ਜਾਣ ਦਾ ਭਾਵ ਇਹ ਹੈ ਕਿ ਸਾਡੇ ਜਾਣਕਾਰਾਂ ਦੀ ਮੌਤ ਸਾਡੇ ਲਈ ਚੰਗੇਰੇ ਸੱਜਣ ਬਣਨ ਦਾ ਅਵਸਰ ਪੈਦਾ ਕਰਦੀ ਹੈ। ਇਸ ਦਾ ਆਪਣੇ ਆਪ ਨੂੰ ਸੋਧਣ ਸੁਆਰਨ ਲਈ ਲਾਹਾ ਲੈਣਾ ਚਾਹੀਦਾ ਹੈ। ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਇਹ ਸਾਡੇ ਅਸੱਭਿਅਕ ਜਾਂ ਉਜੱਡ ਹੋਣ ਦੀ ਨਿਸ਼ਾਨੀ ਹੈ।





# ਵਿਚਾਰ, ਮਨ ਤੇ ਸਰੀਰ

ਮਨੁੱਖੀ ਸਰੀਰ, ਮਨ ਅਤੇ ਵਿਚਾਰਾਂ ਦਾ ਪ੍ਰਸਪਰ ਰਿਸ਼ਤਾ ਲਗਪਗ ਓਹੀ ਹੈ ਜੋ ਕੰਪਿਊਟਰ ਦੇ ਹਾਰਡਵੇਅਰ, ਸੌਫਟਵੇਅਰ ਅਤੇ ਡਾਟੇ ਦਾ ਹੁੰਦਾ ਹੈ। ਅਸੀਂ ਦੇਖਦੇ ਰਹਿੰਦੇ ਹਾਂ ਕਿ ਬਿਮਾਰੀ ਦੀ ਕਮਜ਼ੋਰੀ ਦੌਰਾਨ ਬੰਦਿਆਂ ਦਾ ਵਤੀਰਾ ਆਮ ਨਹੀਂ ਰਹਿੰਦਾ। ਕੋਈ ਬਹੁਤ ਨਿਰਾਸ਼ਾ ਭਰੀਆਂ, ਕੋਈ ਬਹੁਤ ਲਾਡ ਭਰੀਆਂ, ਕੋਈ ਖਿਝ ਜਾਂ ਗੁੱਸੇ ਭਰੀਆਂ ਗੱਲਾਂ ਕਰਨ ਲੱਗ ਜਾਂਦਾ ਹੈ। ਅਸਲ ਵਿਚ ਇਹ ਸਧਾਰਨ ਨਾਲੋਂ ਮਨ ਦੇ ਕਮਜ਼ੋਰ ਹੋਣ ਦੀਆਂ ਨਿਸ਼ਾਨੀਆਂ ਹਨ। ਭਾਵ ਸਰੀਰਕ ਕਮਜ਼ੋਰੀ ਨਾਲ ਮਾਨਸਿਕ ਕਮਜ਼ੋਰੀ ਪੈਦਾ ਹੁੰਦੀ ਹੈ।

ਕੰਪਿਊਟਰ ਵਿਚ ਕਿਸੇ ਸੌਫਟਵੇਅਰ ਨੂੰ ਲੋਡ ਕਰਨ ਲਈ ਉਸ ਦੇ ਹਾਰਡਵੇਅਰ ਦੀ ਢੁਕਵੀਂ ਸਮਰੱਥਾ ਹੋਣੀ ਚਾਹੀਦੀ ਹੈ। ਇਵੇਂ ਮਜ਼ਬੂਤ ਮਨ ਲਈ ਸਰੀਰ ਦਾ ਤੰਦਰੁਸਤ ਅਤੇ

Original with;
Jaswant Singh Zafar
Digitized by;
Panjab Digital Library



ਮਜ਼ਬੂਤ ਹੋਣਾ ਜ਼ਰੂਰੀ ਹੁੰਦਾ ਹੈ। ਜਦੋਂ ਸੌਫਟਵੇਅਰ ਵਿਚ ਨੁਕਸ ਪੈ ਜਾਵੇ ਜਾਂ ਕਮਜ਼ੋਰੀ ਆ ਜਾਵੇ ਤਾਂ ਇਹ ਡੈਟੇ ਨੂੰ ਠੀਕ ਤਰ੍ਹਾਂ ਸੰਭਾਲ ਜਾਂ ਪ੍ਰੋਸੈਸ ਨਹੀਂ ਕਰ ਪਾਉਂਦਾ। ਇਵੇਂ ਹੀ ਜਦੋਂ ਮਨ ਕਮਜ਼ੋਰ ਹੋਵੇ ਤਾਂ ਮਜ਼ਬੂਤ ਇਰਾਦਾ, ਉੱਚੇ ਵਿਚਾਰ, ਸਖ਼ਤ ਨਿਰਨੇ ਆਦਿ ਸਾਡਾ ਸਾਥ ਛੱਡ ਜਾਂਦੇ ਹਨ।

ਇਸ ਲਈ ਸੁਹਾਵਨੇ ਖਿਆਲਾਂ, ਉੱਚੇ ਵਿਚਾਰਾਂ ਅਤੇ ਸ਼ੁਭ ਇਰਾਦਿਆਂ ਦੀ ਨ੍ਰਿੰਤਰਤਾ ਬਣਾਈ ਰੱਖਣ ਲਈ ਵਧਦੀ ਉਮਰ ਨਾਲ ਮਾਨਸਿਕ ਸਿਹਤ ਅਤੇ ਉਸ ਵਾਸਤੇ ਸਰੀਰਕ ਤੰਦਰੁਸਤੀ ਵੱਲ ਧਿਆਨ ਦੇਣ ਦੀ ਲੋੜ ਵਧਦੀ ਜਾਂਦੀ ਹੈ। ਸਾਡੀ ਪ੍ਰਸੰਨਤਾ ਬਾਹਰੀ ਹਾਲਤਾਂ ਦੀ ਬਜਾਏ ਸਾਡੇ ਆਪਣੇ ਪ੍ਰਤੀ ਰਵੱਈਏ ਅਤੇ ਜਿੰਮੇਵਾਰੀ 'ਤੇ ਵਧੇਰੇ ਨਿਰਭਰ ਕਰਦੀ ਹੈ।

Original with;
Jaswant Singh Zafar
Digitized by;
Panjab Digital Library



Original with;
Jaswant Singh Zafar
Digitized by;
Panjab Digital

## ਮੌਤ ਕੀ ਹੈ

ਨਵਾਂ ਨਵਾਂ ਸਤਿਸੰਗ ਜਾਣ ਵਾਲੇ ਨੂੰ ਗਿਆਨ ਘੋਟਣ ਜਾਂ ਦੂਸਰਿਆਂ ਦੇ ਗਿਆਨ ਦਾ ਟੈਸਟ ਲੈਣ ਦਾ ਜ਼ਿਆਦਾ ਚਾਅ ਹੁੰਦਾ ਹੈ। ਅਜਿਹਾ ਹੀ ਇਕ 'ਸਤਿਸੰਗੀ' ਆਪਣੀ ਘਰਵਾਲੀ ਨੂੰ ਪੁੱਛਦਾ, "ਬੇਗਮ, ਤੈਨੂੰ ਪਤਾ ਮੌਤ ਕੀ ਹੁੰਦੀ?"

ਉਹ ਕਹਿੰਦੀ, "ਆਹੋ ਪਤਾ।"

"ਫਿਰ ਦੱਸੋ ਤਾਂ ਭਲਾ।"

ਉਹ ਕਹਿੰਦੀ, "ਮੌਤ ਉਹ ਹੁੰਦੀ ਜਿਹੜੀ ਮੇਰੀ ਸਿਫਤ ਕਰਨ ਵੇਲੇ ਤੈਨੂੰ ਪੈਂਦੀ ਹੈ।"

ਇਹ ਇਕ ਬੰਦੇ ਦੀ ਗੱਲ ਨਹੀਂ, ਕਿਸੇ ਦੀ ਸਿਫਤ ਕਰਨ ਲੱਗਿਆਂ ਸਾਨੂੰ ਸਾਰਿਆਂ ਨੂੰ ਮੌਤ ਪੈਂਦੀ ਹੈ। ਆਪਣੇ ਪਿਆਰਿਆਂ ਨੂੰ ਸਭ ਤੋਂ ਵਧੀਆ ਦੇਣਯੋਗ ਤੋਹਫਾ ਪ੍ਰਸੰਸਾ ਭਰੇ ਸ਼ਬਦ ਹਨ, ਜਿਹੜਾ ਅਸੀਂ ਘੱਟ ਹੀ ਦਿੰਦੇ ਹਾਂ। ਸ਼ਾਇਦ ਅਸੀਂ ਆਪਣੇ ਕਰੀਬੀਆਂ ਦੇ ਭੂਹੇ ਹੋਣ ਦੇ ਡਰੋਂ ਉਹਨਾਂ ਦੀ ਪ੍ਰਸੰਸਾ ਨਹੀਂ ਕਰਦੇ। ਹੋਰ ਤਾਂ ਹੋਰ ਆਪਣੇ ਬੱਚਿਆਂ ਦੀ ਪ੍ਰਸੰਸਾ ਕਰਨ ਵੇਲੇ ਵੀ ਇਹ ਸੋਚ ਕੇ ਸ਼ਬਦਾਂ ਦਾ ਸਰਫਾ ਕਰ ਜਾਂਦੇ ਹਾਂ ਕਿ ਕਿਧਰੇ ਉਹ ਜ਼ਿਆਦਾ ਚਾਮਲ ਨਾ ਜਾਣ। ਸਾਡੀ ਰੁਚੀ ਉਹਨਾਂ ਦੇ ਨੁਕਸ ਕੱਢਣ ਵਿਚ ਵਧੇਰੇ ਹੁੰਦੀ ਹੈ। ਨੁਕਸ ਕੱਢਦੇ ਰਹਿਣ ਨਾਲ ਹੋਰ ਨੁਕਸ ਪੈਣ ਦੀ ਸੰਭਾਵਨਾ ਹੁੰਦੀ। ਬੱਚੇ ਨੂੰ ਸ਼ੇਰ ਕਹਿ ਕੇ ਵਡਿਆਉਣ ਨਾਲ ਉਸ ਦਾ ਆਤਮ ਵਿਸ਼ਵਾਸ ਵਧਦਾ ਹੈ ਅਤੇ ਉਲੂ ਦਾ ਪੱਠਾ ਕਹਿ ਕੇ ਫਿਟਕਾਰਨ ਨਾਲ ਮਨੋਬਲ ਤਹਿਸ ਨਹਿਸ ਹੋਣਾ ਯਕੀਨੀ ਹੈ। ਚੰਗੇ ਨੂੰ ਚੰਗਾ ਕਹਿਣ ਨਾਲ ਨਾਲ ਉਹ ਹੋਰ ਚੰਗਾ ਹੋ ਸਕਦਾ ਹੁੰਦਾ। ਮਹਾਰਾਜ ਕਹਿੰਦੇ, "ਬਹੁਤਾ ਕਹੀਐ ਬਹੁਤਾ ਹੋਇ॥"

ਅਸੀਂ ਸਾਰੇ ਜਿੰਨੇ ਆਪਣੇ ਲਈ ਖੁਸ਼ੀ ਪ੍ਰਾਪਤ ਕਰਨ ਦੇ ਚਾਹਵਾਨ ਹਾਂ ਓਨੇ ਦੂਸਰਿਆਂ ਨੂੰ ਖੁਸ਼ੀ ਦੇਣ ਦੇ ਮਾਮਲੇ ਵਿਚ ਕੰਜੂਸ ਹਾਂ। ਮਰਿਆਂ ਤੋਂ ਬਾਅਦ ਉਹਨਾਂ ਦੀ ਸਿਫਤ ਸਾਰੇ ਬਹੁਤ ਕਰਦੇ ਹਾਂ। ਭੋਗਾਂ 'ਤੇ ਵਧ ਚੜ੍ਹ ਕੇ ਗੱਪਾਂ ਮਾਰਨ ਵਰਗੀਆਂ ਸਿਫਤਾਂ ਕਰਦੇ ਹਾਂ। ਪਤਾ ਹੁੰਦਾ, ਇਸ ਨਾਲ ਕਿਹੜਾ ਮਰ ਗਏ ਨੂੰ ਖੁਸ਼ੀ ਮਿਲਣੀ ਜਾਂ ਕੋਈ ਫਾਇਦਾ ਹੋਣਾ। ਜਿਉਂਦਿਆਂ ਦੇ ਨੁਕਸ ਕੱਢਣ ਦੀ ਥਾਂ ਉਹਨਾਂ ਦੀ ਜਿੰਨੀ ਹੋ ਸਕੇ ਸਿਫਤ ਕਰਿਆ ਕਰੋ, ਉਹਨਾਂ ਨੂੰ ਖੁਸ਼ੀ ਦਿਆ ਕਰੋ। ਕਿਤੇ ਨੀਂ ਮੌਤ ਪੈਣ ਲੱਗੀ।

*Original by;*
Jaswant Singh Zafar
*Digitized by;*
Panjab Digital Library

# ਦੋ ਬਟਾ ਤਿੰਨ ਕੱਪ ਚਾਹ

ਪੰਜਾਬੀਆਂ ਵਿਚ ਵਾਰ ਵਾਰ ਚਾਹ ਪੀਣ ਦਾ ਰਿਵਾਜ ਹੋ ਗਿਆ ਹੈ। ਹੁਣ ਕੋਈ ਪੰਜਾਬੀ ਐਸਾ ਨਹੀਂ ਹੋਣਾ ਜਿਸਦੀ ਚਾਹ ਨਾਲ ਜੁੜੀ ਕੋਈ ਭਾਵੁਕ ਜਾਂ ਦਿਲਚਸਪ ਯਾਦ ਨਾ ਹੋਵੇ।

ਜਦੋਂ ਅਸੀਂ ਕਾਲਜ ਪੜ੍ਹਦੇ ਸਾਂ ਤਾਂ ਦੁਕਾਨਾਂ 'ਤੇ ਚਾਹ ਦਾ ਕੱਪ ਇਕ ਰੁਪਏ ਦਾ ਹੁੰਦਾ ਸੀ। ਜੇਬ ਖਰਚ ਦੇ ਨਾਂ 'ਤੇ ਕੋਈ ਬਜਟ ਨਾ ਹੋਣ ਕਰਕੇ ਚਾਹ ਪੀਣਾ ਐਯਾਸ਼ੀ ਵਾਂਗ ਸੀ। ਬਹੁਤ ਵਾਰੀ ਤਿੰਨ ਮੁੰਡੇ ਰਲ ਕੇ ਦੋ ਰੁਪਏ ਦੀ ਚਾਹ ਪੀਂਦੇ। ਜਾਣੀ ਚਾਹ ਵਾਲੇ ਨੂੰ ਦੋ ਬਟਾ ਤਿੰਨ ਕੱਪ ਚਾਹ ਬਣਾਉਣ ਦਾ ਆਰਡਰ ਕਰਦੇ।

ਜਦੋਂ ਸਾਡੀ ਬੇਟੀ ਕੀਰਤ ਛੇ ਕੁ ਸਾਲ ਤੋਂ ਵੀ ਛੋਟੀ ਸੀ ਤਾਂ ਉਸ ਨੇ ਆਪਣੇ ਮਾਤਾ-ਪਿਤਾ ਲਈ ਦੋ ਕੱਪ ਚਾਹ ਬਣਾਉਣੀ ਸਿੱਖ ਲਈ। ਉਹਨੀਂ ਦਿਨੀਂ ਕੀਰਤ ਤੇ ਮੈਨੂੰ ਸ਼ਨੀਵਾਰ ਦੀ ਛੁੱਟੀ ਹੁੰਦੀ ਸੀ। ਇਕ ਸ਼ਨੀਵਾਰ ਅਸੀਂ ਦੋਵੇਂ ਘਰੇ ਸਾਂ ਤਾਂ ਪਟਿਆਲੇ ਤੋਂ ਕਵੀ ਦਰਸ਼ਨ ਬੁੱਟਰ ਤੇ ਬਲਵਿੰਦਰ ਸੰਧੂ ਆਏ। ਬਲਵਿੰਦਰ ਦੀ ਕਿਤਾਬ 'ਕੋਮਲ ਸਿੰਘ ਆਖਦਾ ਹੈ' ਛਪਣੀ ਸੀ। ਕਿਤਾਬ ਬਾਰੇ ਕੁਝ ਲਿਖਣ ਲਈ ਇਸ ਦਾ ਖਰੜਾ ਦੇਣ ਆਏ ਸਨ। ਅਸੀਂ ਤਿੰਨੇ ਗੱਲਾਂ ਕਰਦੇ ਸਾਂ ਤਾਂ ਕੀਰਤ ਮੇਰੇ ਕੋਲ ਆ ਕੇ ਬੜੇ ਉਤਸ਼ਾਹ ਨਾਲ ਪੁੱਛਣ ਲੱਗੀ, "ਮੈਂ ਤੁਹਾਡੇ ਲਈ ਚਾਹ ਬਣਾਵਾਂ?"

ਮੈਂ ਹੈਰਾਨੀ ਅਤੇ ਖੁਸ਼ੀ ਨਾਲ ਪੁੱਛਿਆ, "ਬਣਾ ਲਏਂਗੀ?... ਚਲ ਬਣਾ।"

ਉਹ ਰਸੋਈ ਵਿਚ ਚਾਹ ਬਣਾਉਣ ਚਲੇ ਤਾਂ ਗਈ ਪਰ ਕਿੰਨੀ ਦੇਰ ਮੁੜੀ ਨਾ। ਕਾਫੀ ਦੇਰ ਬਾਅਦ ਮੈਂ ਮਗਰ ਰਸੋਈ 'ਚ ਦੇਖਣ ਗਿਆ ਕਿ ਸ਼ਾਇਦ ਉਸ ਨੂੰ ਚਾਹ ਵਿਚ ਪਾਉਣ ਵਾਲੀ ਕੋਈ ਚੀਜ਼ ਨਾ ਲੱਭੀ ਹੋਵੇ। ਪਰ ਉਸ ਨੇ ਤਾਂ ਚਾਹ ਧਰੀ ਹੀ ਨਹੀਂ ਸੀ। ਚੁੱਪ ਚਾਪ ਕੰਧ ਨਾਲ ਲੱਗੀ ਖੜ੍ਹੀ ਸਾਡੀਆਂ ਗੱਲਾਂ ਸੁਣੀ ਜਾਂਦੀ ਸੀ। ਮੈਂ ਗਿਆ ਤਾਂ ਕਹਿਣ ਲੱਗੀ, "ਪਾਪਾ ਮੈਨੂੰ ਤਾਂ ਚਾਹ ਦੇ ਦੋ ਕੱਪ ਹੀ ਬਣਾਉਣੇ ਆਉਂਦੇ, ਪਰ ਤੁਸੀਂ ਤਾਂ ਹੁਣ ਤਿੰਨ ਓਂ।"

"ਕੋਈ ਨਾ, ਤੂੰ ਦੋ ਕੱਪ ਬਣਾ ਕੇ ਤਿੰਨ ਕੱਪਾਂ ਵਿਚ ਬਰਾਬਰ ਵੰਡ ਕੇ ਪਾ ਦੇ।"

ਉਸ ਇੰਝ ਹੀ ਕੀਤਾ ਅਤੇ ਇਕ ਨਵੀਂ ਚੀਜ਼ ਸਿੱਖ ਲੈਣ ਦੀ ਬੜੀ ਖੁਸ਼ੀ ਮਨਾਈ



# ਧਾਰਮਿਕਤਾ

ਧਾਰਮਿਕ ਬੰਦੇ ਦੀ ਪ੍ਰਾਰਥਨਾ ਸਰਬੱਤ ਦਾ ਭਲਾ ਹੀ ਹੋਣੀ ਚਾਹੀਦੀ ਹੈ। ਇਸ 'ਸਰਬੱਤ' ਵਿਚ ਕੇਵਲ ਪਸ਼ੂ, ਪੰਛੀ, ਬਨਸਪਤੀ, ਕੀਟ, ਪਤੰਗੇ ਹੀ ਨਹੀਂ ਆਉਂਦੇ ਸਗੋਂ ਹਰ ਜਾਤ, ਮਜ਼ਹਬ, ਨਸਲ, ਪਾਰਟੀ, ਫਿਰਕੇ, ਧੜੇ, ਸੰਸਥਾ, ਵਿਚਾਰਧਾਰਾ ਅਤੇ ਭੇਖ ਦੇ ਵਿਅਕਤੀ ਵੀ ਆਉਂਦੇ ਹਨ। ਆਸਤਿਕ ਹੋਣ ਦਾ ਅਰਥ ਰੱਬ ਦੀ ਹੋਂਦ ਨੂੰ ਮਹਿਜ਼ ਮੰਨਣਾ ਹੀ ਨਹੀਂ, ਸਹਿਜੇ ਸਹਿਜੇ ਰੱਬੀ ਸਮਝੇ ਜਾਂਦੇ ਗੁਣਾ ਨੂੰ ਗ੍ਰਹਿਣ ਕਰਨਾ ਵੀ ਹੈ। ਆਸਤਿਕਤਾ ਦੇ ਫਲਸਫ਼ੇ ਮੁਤਾਬਕ ਪ੍ਰਮਾਤਮਾ ਦੀ ਬੁੱਕਲ ਵਿਚ ਤਾਂ ਸਾਰੇ ਮਨੁੱਖਾਂ ਸਮੇਤ ਸਾਰੀ ਕਾਇਨਾਤ ਹੈ। ਉਹ ਨਾਸਤਕਾਂ ਨੂੰ ਵੀ ਪਾਲਦਾ ਪਿਆਰਦਾ ਹੈ ਜੋ ਉਸ ਦੀ ਹੋਂਦ ਤੋਂ ਹੀ ਇਨਕਾਰੀ ਹਨ।

ਅਸੀਂ ਉਂਜ ਆਸਤਕ ਜਾਂ ਧਾਰਮਿਕ ਅਖਵਾਉਂਦੇ ਹਾਂ ਪਰ ਥੋੜ੍ਹੇ ਜਿਹੇ ਭਿੰਨ ਵਿਚਾਰਾਂ ਵਾਲੇ ਆਪਣਿਆਂ ਨੂੰ ਵੀ ਬੇਗਾਨੇ, ਬੁਰੇ ਅਤੇ ਦੁਸ਼ਮਣ ਗਰਦਾਨ ਕੇ ਆਪਣੇ ਦੁਸ਼ਮਣੀ ਭਰੇ ਬੋਲਾਂ ਦੀ ਤਪਸ਼ ਨਾਲ ਆਪਣੇ ਤੋਂ ਦੂਰ ਕਰਦੇ ਰਹਿੰਦੇ ਹਾਂ ਅਤੇ ਆਏ ਦਿਨ ਆਪਣੀ ਦੁਸ਼ਮਣੀ ਦੀਆਂ ਲਿਸਟਾਂ ਲੰਮੀਆਂ ਕਰਦੇ ਰਹਿੰਦੇ ਹਾਂ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਾਤਾ, ਪਿਤਾ, ਪੁੱਤਰ, ਜਾਇਦਾਦ, ਧਨ, ਦੌਲਤ ਭਾਵ ਸਭ ਕੁਝ ਗੁਆ ਲੈਣ ਮਗਰੋਂ ਵੀ ਔਰੰਗਜੇਬ ਨੂੰ ਭੇਜੇ ਬੋਲਾਂ ਨਾਲ ਉਸ ਦੇ ਅੰਦਰੋਂ ਦੁਸ਼ਮਣੀ ਨੂੰ ਹੂੰਝ ਸੁਟਿਆ ਸੀ ਅਤੇ ਉਸ ਨੂੰ ਪਛਤਾਵੇ ਦੇ ਭਾਵ ਨਾਲ ਭਰ ਦਿੱਤਾ ਸੀ। ਇਸ 'ਤੇ ਬਾਦਸ਼ਾਹ ਨੇ ਪੰਜਾਬ ਦੇ ਹੁਰਮਰਾਨਾਂ ਨੂੰ ਆਦੇਸ਼ ਦਿੱਤਾ ਸੀ ਕਿ ਉਹ ਗੁਰੂ ਨਾਲ ਵੈਰ ਨਾ ਕਮਾਉਣ।



Original with:
Jaswant Singh Zafar
Digitized by:
Panjab Digital Library

# ਨੀਅਤ ਨੂੰ ਮੁਰਾਦ

ਹਰ ਕਿਸੇ ਦੀ ਜ਼ਿੰਦਗੀ ਵਿੱਚ ਕੋਈ ਨਾ ਕੋਈ ਤੋਟ (ਕਮੀ) ਜ਼ਰੂਰ ਹੁੰਦੀ ਹੈ। ਕਿਸੇ ਨੂੰ ਮਾਪਿਆਂ ਦੀ ਜਾਂ ਸਿਆਣੇ ਮਾਪਿਆਂ ਦੀ, ਕਿਸੇ ਨੂੰ ਔਲਾਦ ਦੀ, ਕਿਸੇ ਨੂੰ ਚੰਗੀ ਔਲਾਦ ਦੀ, ਕਿਸੇ ਨੂੰ ਨੌਕਰੀ ਦੀ, ਕਿਸੇ ਨੂੰ ਚੰਗੀ ਨੌਕਰੀ ਦੀ, ਕਿਸੇ ਨੂੰ ਚੰਗੇ ਦੋਸਤ ਜਾਂ ਸਾਥੀ ਦੀ, ਕਿਸੇ ਨੂੰ ਚੰਗੇ ਮਹੌਲ ਦੀ, ਕਿਸੇ ਨੂੰ ਸਾਧਨਾਂ ਦੀ, ਕਿਸੇ ਨੂੰ ਚੰਗੇ ਰਿਸ਼ਤੇ ਦੀ। ਜੇ ਅਸੀਂ ਉਸ ਚੰਗੇ ਦੇ ਹੱਕਦਾਰ ਹੋਈਏ ਤਾਂ ਸਬੰਧਤ ਕਮੀ ਪ੍ਰਤੀ ਸਾਡਾ ਰਵੱਈਆ ਦੋ ਭਾਂਤ ਦਾ ਹੋ ਸਕਦਾ ਹੈ:

ਪਹਿਲਾ ਕਿ ਉਸ ਕਮੀ ਪ੍ਰਤੀ ਅਸੀ ਅਣਭੋਲ ਹੀ ਹੋਈਏ ਜਾਂ ਉਸ ਪ੍ਰਤੀ ਸਹਿਜ ਹੋਈਏ। ਭਾਵ ਉਹ ਕਮੀ ਸਾਨੂੰ ਕਦੀ ਰੜਕਦੀ ਨਾ ਹੋਵੇ। ਜੇ ਕਦੀ ਕਦਾਈਂ ਰੜਕਦੀ ਵੀ ਹੋਵੇ ਤਾਂ ਜਿੰਨਾਂ ਕੁਝ ਹੋਰ ਸਾਨੂੰ ਉਪਲੱਬਦ ਹੈ ਉਸ ਦੇ ਹਵਾਲੇ ਨਾਲ ਆਪਣੇ ਆਪ ਨੂੰ ਸ਼ੁਕਰਾਨੇ ਨਾਲ ਭਰੀ ਰੱਖੀਏ, ਆਪਣੀ ਦਿਲਚਸਪੀ ਜਾਂ ਫਰਜ਼ਾਂ ਵਾਲੇ ਕਾਰਜਾਂ ਵਿੱਚ ਆਪਣੇ ਆਪ ਨੂੰ ਜੀਅ-ਜਾਨ ਨਾਲ ਲੀਨ ਰੱਖੀਏ। ਇਸ ਤਰ੍ਹਾਂ ਕਮੀ ਕਾਰਨ ਪੈਦਾ ਹੋਇਆ ਖਲਾਅ ਖੂਬਸੂਰਤ ਬਦਲ ਨਾਲ ਭਰ ਜਾਂਦਾ ਹੈ ਅਤੇ ਸਾਨੂੰ ਹੋਰ ਤਰ੍ਹਾਂ ਨਾਲ ਮਾਲਾਮਾਲ ਕਰ ਦਿੰਦਾ ਹੈ।

ਦੂਸਰਾ, ਜੇ ਉਹ ਕਮੀ ਜਾਂ ਖਲਾਅ ਸਾਨੂੰ ਰੜਕਦੀ ਰਹੇ ਤਾਂ ਅਸੀ ਉਸ ਨੂੰ ਲੈ ਕੇ ਹਮੇਸ਼ਾ ਸ਼ਿਕਾਇਤ ਕਰਦੇ ਰਹੀਏ ਜਾਂ ਬੇਚਾਰੇ ਮਹਿਸੂਸ ਕਰਦੇ ਰਹੀਏ ਤਾਂ ਉਹ ਖਲਾਅ ਨਾਕਾਰਤਮਿਕਤਾ ਦੀ ਗੰਦਗੀ ਨਾਲ ਭਰ ਜਾਂਦਾ ਹੈ। ਉਥੇ ਹੋਰ ਕੋਈ ਬਦਲਵੀਂ ਸਿਹਤਮੰਦ ਚੀਜ ਨਹੀਂ ਆ ਸਕਦੀ। ਉਥੇ ਬੁਰੇ ਲੋਕਾਂ, ਵਿਚਾਰਾਂ ਜਾਂ ਆਦਤਾਂ ਦੀ ਜਗ੍ਹਾ ਬਣ ਸਕਦੀ ਹੈ। ਕਿਸੇ ਦੀ ਖੁਦਗਰਜੀ, ਧੋਖਾ, ਬੇਈਮਾਨੀ ਆਦਿ ਉਥੇ ਉਤਾਰਾ ਕਰ ਸਕਦੀ ਹੈ। ਸਾਡੇ ਕੋਲ ਹੋਰ ਅਣਗਿਣਤ ਬਰਕਤਾਂ ਦੀਆਂ ਜੋ ਸੰਭਾਵਨਾਵਾਂ ਹੁੰਦੀਆ ਹਨ ਉਹਨਾਂ ਤੋਂ ਵੀ ਮਹਿਰੂਮ ਰਹਿ ਸਕਦੇ ਹਾਂ।

ਪਹਿਲਾ, ਅਸੀਂ ਆਪਣੇ ਜੀਵਨ ਦੇ ਕਿਸੇ ਦੁੱਖ, ਗੰਭੀਰ ਮਸਲੇ ਜਾਂ ਕਮੀ 'ਤੇ ਮੁਸਕ੍ਰਾ ਕੇ ਜੀਵਨ ਵਿਚ ਅੱਗੇ ਵਧਦੇ ਹੋਏ ਵੱਡੀਆਂ ਪ੍ਰਾਪਤੀਆਂ ਕਰ ਸਕਦੇ ਹਾਂ। ਦੂਸਰਾ, ਆਪਣੀਆਂ ਉਪਲਬਦ ਚੰਗੇਰੀਆਂ ਸੰਭਾਵਨਾਵਾਂ ਦੀ ਮੌਜੂਦਗੀ ਦੇ ਬਾਵਜੂਦ ਵੀ ਪਰੇਸ਼ਾਨ ਰਹਿ ਸਕਦੇ ਹਾਂ। ਮਰਜੀ ਆਪੋ ਆਪਣੀ, ਰਵੱਈਆ ਆਪੋ ਆਪਣਾ।



Original with;
Jaswant Singh Zafar
Digitized by;
Panjab Digital Library

# ਗੈਰ ਹਾਜ਼ਰਾਂ ਨੂੰ ਹਾਜ਼ਰ ਅਤੇ ਹਾਜ਼ਰਾਂ ਨੂੰ ਗੈਰ ਹਾਜ਼ਰ ਕਰੀਏ

ਸਾਡੇ ਪੈਦਾ ਹੋਣ, ਪਾਲਣ ਪੋਸਣ, ਵੱਡੇ ਹੋਣ, ਪੜ੍ਹਾਈ ਲਿਖਾਈ ਤੇ ਸਿਖਲਾਈ ਤੋਂ ਇਲਾਵਾ ਹੋਰ ਵੀ ਅਣਗਿਣਤ ਕੰਮਾਂ ਵਿਚ ਅਣਗਿਣਤ ਲੋਕਾਂ ਨੇ ਸਾਡੇ ਜੀਵਨ-ਵਿਕਾਸ ਵਿਚ ਬਹੁਤ ਯੋਗਦਾਨ ਪਾਇਆ ਹੁੰਦਾ ਹੈ। ਜੀਵਨ ਦੇ ਵਿਭਿੰਨ ਖੇਤਰਾਂ ਵਿਚ ਵਿਭਿੰਨ ਪੜਾਵਾਂ ਜਾਂ ਮੌਕਿਆਂ 'ਤੇ ਅਣਗਿਣਤ ਲੋਕਾਂ ਨੇ ਸਾਡੀ ਕਿਸੇ ਨਾ ਕਿਸੇ ਰੂਪ ਵਿਚ ਸਹਾਇਤਾ ਕੀਤੀ ਹੁੰਦੀ ਹੈ। ਅਜਿਹੇ ਪਰਉਪਕਾਰੀ ਮੁਹੱਬਤੀ ਜੀਆਂ ਵਿਚੋਂ ਬਹੁਗਿਣਤੀ ਦਾ ਅਸੀਂ ਕਦੇ ਧੰਨਵਾਦ ਜਾਂ ਸ਼ੁਕਰੀਆ ਵੀ ਅਦਾ ਨਹੀਂ ਕੀਤਾ ਹੁੰਦਾ ਅਤੇ ਉਹਨਾਂ ਨੇ ਕਦੇ ਚਾਹਿਆ ਵੀ ਨਹੀਂ ਹੁੰਦਾ। ਬਹੁਤੇ ਸਾਨੂੰ ਭੁੱਲ੍ਹੇ ਵਿਸਰੇ ਹੁੰਦੇ ਹਨ, ਉਹਨਾਂ ਬਾਰੇ ਅਸੀਂ ਆਪਣੇ ਚਿੱਤ ਵਿਚ ਕੋਈ ਸੋਚ ਵਿਚਾਰ ਨਹੀਂ ਰੱਖਦੇ।

ਦੂਜੇ ਪਾਸੇ ਗਿਣਤੀ ਦੇ ਦੋ-ਚਾਰ ਲੋਕ ਹੁੰਦੇ ਹਨ ਜਿਹਨਾਂ ਨੇ ਜਾਂ ਜਿਹਨਾਂ ਕਰਕੇ ਸਾਡਾ ਕੋਈ ਨੁਕਸਾਨ ਹੋਇਆ ਹੁੰਦਾ, ਜਾਂ ਜਿਨ੍ਹਾਂ ਨਾਲ ਕੋਈ ਲਾਗ-ਲਾਟ, ਅਣ-ਬਣ, ਗੁੱਸਾ-ਰਾਜੀ, ਨਰਾਜ਼ਗੀ ਜਾਂ ਸ਼ਕਾਇਤ ਹੁੰਦੀ ਹੈ। ਸਾਡੇ ਅੰਦਰ ਇਹਨਾਂ ਬਾਰੇ ਹਰ ਵੇਲੇ ਚਿੱਤ-ਵਿਚਾਰ ਚੱਲਦੀ ਹੀ ਰਹਿੰਦੀ ਹੈ। ਦੂਜੇ ਸ਼ਬਦਾਂ ਵਿਚ, ਆਪਣੇ ਮਨ ਅਤੇ ਸੋਚਾਂ ਵਿਚ ਅਸੀਂ ਸਾਰੀ ਥਾਂ ਉਹਨਾਂ ਇੱਕਾ-ਦੁੱਕਾ ਲੋਕਾਂ ਨੂੰ ਦੇਈ ਰੱਖਦੇ ਹਾਂ ਜਿਹਨਾਂ ਨੂੰ ਅਸੀਂ ਨਾਪਸੰਦ ਕਰਦੇ ਹਾਂ। ਜਦ ਕਿ ਹੋਣਾ ਇਸ ਤੋਂ ਉਲਟ ਚਾਹੀਦਾ ਹੈ। ਸਾਡੇ ਅੰਦਰ ਭਲੇ ਲੋਕਾਂ ਅਤੇ ਉਹਨਾਂ ਦੀ ਭਲਾਈ ਬਾਰੇ ਮਨਬਚਨੀ ਚੱਲਦੀ ਰਹਿਣੀ ਚਾਹੀਦੀ ਹੈ।

ਮਨੋਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਬੁਰਿਆਂ ਦੀ ਬੁਰਾਈ ਬਾਰੇ ਵਿਚਾਰ ਕਰਦਿਆਂ ਅਸੀਂ ਆਪ ਬੁਰੇ ਹੋ ਜਾਂਦੇ ਹਾਂ। ਗੁਰੂ ਨਾਨਕ ਸਾਹਿਬ ਨੇ ਆਪਣੀ ਜਪੁ ਬਾਣੀ ਵਿਚ ਇਸ ਗੱਲ ਵੱਲ ਕਈ ਉਦਾਹਰਣਾ ਸਹਿਤ ਇਸ਼ਾਰਾ ਕੀਤਾ ਹੈ ਕਿ ਨੀਚ ਕਰਮ ਕਰਨ ਵਾਲਿਆਂ ਨੂੰ ਵਿਚਾਰਦਿਆਂ ਅਸੀਂ ਆਪ ਨੀਚ ਹੋ ਜਾਂਦੇ ਹਾਂ। ਸਿੱਖ ਅਰਦਾਸ ਦੀ ਇਕ ਗੱਲ ਮੈਨੂੰ ਬਹੁਤ ਪਾਵਨ ਲੱਗਦੀ ਹੈ ਕਿ ਇਸ ਵਿਚ ਪਿਆਰਿਆਂ ਸਚਿਆਰਿਆਂ ਦਾ ਧਿਆਨ ਧਰਨ ਨੂੰ ਕਿਹਾ ਗਿਆ ਹੈ, "ਬੁਰਿਆਂ ਨੂੰ ਟੱਕਰਨ ਜਾਂ ਸੋਧਣ" ਦੀ ਬਜਾਏ ਪਿਆਰਿਆਂ ਦਾ ਮਿਲਾਪ ਤੇ ਸਭ ਦਾ ਭਲਾ ਮੰਗਿਆ ਗਿਆ ਹੈ।





# ਸੌਖੀ ਖੇਲ ਪਰ ਬਹੁਤੇ ਫੇਲ

ਸਾਡੇ ਦਫ਼ਤਰ ਵਿਚ ਇਕ ਕਲਰਕ ਹੁੰਦੀ ਸੀ ਬਲਵਿੰਦਰ ਕੌਰ (ਬਦਲਿਆ ਹੋਇਆ ਨਾਂ)। ਉਹਨੇ ਲਵ ਮੈਰਿਜ ਕਰਵਾਈ ਹੋਈ ਸੀ। ਪਰ ਹੁਣ ਬੜੀ ਪਰੇਸ਼ਾਨ ਰਹਿੰਦੀ ਸੀ। ਇਕ ਦਿਨ ਸਵੇਰੇ ਸਵੇਰੇ ਆ ਕੇ ਕਹਿੰਦੀ ਕਿ ਛੁੱਟੀ ਲੈਣੀ ਹੈ, ਘਰ ਜਾਣਾ, ਬਲੱਡ ਪ੍ਰੈਸ਼ਰ ਵਧਿਆ ਹੋਇਆ। ਮੈਂ ਕਿਹਾ, "ਬਲਵਿੰਦਰ ਕੌਰ, ਛੁੱਟੀ ਤਾਂ ਤੂੰ ਭਾਵੇਂ ਕੱਲ੍ਹ ਦੀ ਵੀ ਲੈ ਲਾ ਪਰ ਇਹ ਤੇਰੇ ਬਲੱਡ ਪ੍ਰੈਸ਼ਰ ਦਾ ਪੱਕਾ ਇਲਾਜ ਨਹੀਂ। ਆਪਾਂ ਪੱਕਾ ਇਲਾਜ ਕਰਨ ਲਈ ਕੁਛ ਕਰੀਏ?" ਉਹ ਚੁੱਪ ਜਿਹੀ ਕਰ ਗਈ। ਸੋਚਦੀ ਹੋਣੀ ਕਿ ਸ਼ਾਇਦ ਮੈਂ ਓਹਨੂੰ ਤਲਾਕ ਤਲੂਕ ਦੀ ਸਲਾਹ ਦੇਊਂ। ਮੈਂ ਕਿਹਾ, "ਤੈਨੂੰ ਮੈਂ ਕਾਗ਼ਜ਼ ਤੇ ਇਕ ਗੇਮ ਜਿਹੀ ਖਿਡਾਉਂਦਾ ਹਾਂ, ਜੇ ਅਗਲੇ ਪੰਦਰਾਂ ਮਿੰਟ ਮੇਰੇ ਆਖੇ ਲੱਗ ਕੇ ਜੋ ਕਹਾਂ ਕਰੇਂਗੀ ਤਾਂ ਮੈਂ ਤੇਰੀ ਮੱਦਦ ਕਰ ਸਕਦਾ ਹਾਂ।" ਉਹ ਖੁਸ਼ੀ ਖੁਸ਼ੀ ਸਹਿਮਤ ਹੋ ਗਈ। ਉਸ ਨੂੰ ਇਕ ਦੋ ਸਵਾਲ ਪੁੱਛੇ ਤੇ ਗੇਮ ਵਿਚ ਨਾ ਛੱਡਣ ਦੀ ਸ਼ਰਤ ਰੱਖੀ। ਉਸ ਵਾਅਦਾ ਕੀਤਾ। ਇਕ ਕਾਪੀ ਮੰਗਵਾਈ, ਵਿਚਕਾਰੋਂ ਪਿੰਨ ਵਾਲੀ ਥਾਂ ਤੋਂ ਜੜੁੱਤ ਵਰਕਾ ਖੁੱਲ੍ਹਵਾਇਆ। ਮੈਂ ਉਸ ਨੂੰ ਕਿਹਾ ਕਿ ਮੈਂ ਤੇਰੇ ਤੋਂ ਇਸ ਤੇ ਕੁਝ ਲਿਖਣ ਨੂੰ ਕਹਾਂਗਾ ਪਰ ਜੋ ਲਿਖੇਂਗੀ ਮੈ ਉਹ ਪੜ੍ਹਾਂਗਾ ਜਾਂ ਪੁੱਛਾਂਗਾ ਨਹੀਂ, ਜੋ ਲਿਖੇਂਗੀ ਤੇਰੇ ਕੋਲ ਹੀ ਰਹੇਗਾ। ਉਸ ਨੂੰ ਇਹ ਗੱਲ ਵਧੀਆ ਲੱਗੀ ਤੇ ਅਸੀਂ ਗੇਮ ਸ਼ੁਰੂ ਕੀਤੀ।

ਉਸ ਨੂੰ ਕਿਹਾ ਕਿ ਖੱਬੇ ਪਾਸੇ ਸਫ਼ੇ ਦੇ ਵਿਚਾਲੇ ਨੰਬਰਵਾਰ ਘਰਵਾਲੇ ਦੀਆਂ ਉਹ ਬੁਰਾਈਆਂ ਜਾਂ ਔਗੁਣ ਲਿਖੇ ਜਿਸ ਕਰਕੇ ਉਹ ਪ੍ਰੇਸ਼ਾਨ ਹੈ। ਉਸ ਨੇ ਇਕ ਬੁਰਾਈ ਲਿਖ ਕੇ ਕਿਹਾ, "ਬੱਸ ਇਕ ਹੀ ਗੱਲ ਹੈ, ਬਾਕੀ ਤਾਂ ਸਭ ਵਧੀਆ।" ਮੈਂ ਉਸ ਨੂੰ ਕਿਹਾ ਕਿ ਇਕ ਬੁਰਾਈ ਦੇ ਕਰਕੇ ਬੰਦੇ ਵਿਚ ਕੁਝ ਹੋਰ ਬੁਰਾਈਆਂ ਆ ਜਾਂਦੀਆਂ ਹੁੰਦੀਆਂ, ਉਹ ਵੀ ਦੇਖੇ। ਉਸ ਨੇ ਦੋ ਗੱਲਾਂ ਹੋਰ ਲਿਖੀਆਂ। ਫਿਰ ਉਸ ਨੂੰ ਉਸ ਬੁਰਾਈ ਦਾ ਹਿੰਟ ਦਿੱਤਾ ਜੋ ਔਰਤਾਂ

Original with;
Jaswant Singh Zafar
Digitized by;
Panjab Digital Library



ਸਾਰੇ ਬੰਦਿਆਂ ਵਿਚ ਸਮਝਦੀਆਂ ਹਨ। ਇੰਞ ਉਸ ਦੇ ਪਤੀ ਦੇ ਚਾਰ ਨੁਕਸਾਂ ਜਾਂ ਬੁਰਾਈਆਂ ਦੀ ਸੂਚੀ ਬਣ ਗਈ।

ਫਿਰ ਉਸ ਨੂੰ ਕਿਹਾ ਕਿ ਸੱਜੇ ਪਾਸੇ ਵਾਲੇ ਸਫ਼ੇ 'ਤੇ ਪਤੀ ਦੇ ਗੁਣ ਜਾਂ ਚੰਗੀਆਂ ਗੱਲਾਂ ਲਿਖੇ। ਉਸ ਨੇ 5-7 ਗੱਲਾਂ ਲਿਖੀਆਂ। ਮੈਂ ਕਿਹਾ, "ਮੈਨੂੰ ਪੱਕਾ ਪਤਾ ਤੇਰੇ ਘਰ ਵਾਲੇ ਵਿਚ ਘੱਟੋ ਘੱਟ ਚਾਲੀ ਸਿਫ਼ਤਾਂ ਨੇ, ਤੂੰ ਪੂਰਾ ਧਿਆਨ ਮਾਰ ਕੇ ਇਮਾਨਦਾਰੀ ਨਾਲ ਸਾਰੀਆਂ ਲਿਖ।" ਉਸ ਦੀ ਸੂਚੀ ਵੀਹ ਬਾਈ ਤੱਕ ਪਹੁੰਚ ਗਈ। ਫਿਰ ਉਸ ਨੂੰ ਕੁਝ ਹਿੰਟ ਦਿੱਤੇ, ਜਿੰਦਗੀ ਦੇ ਹੋਰ ਖੇਤਰ ਦਿਖਾਏ। ਹੁਣ ਉਸ ਦੀ ਸੂਚੀ ਚਾਲੀ ਦੇ ਨੇੜ ਤੇੜ ਹੋ ਗਈ। ਫਿਰ ਉਹਨੂੰ ਪੁੱਛਿਆ," ਤੂੰ ਉਹ ਚੀਜ਼ਾਂ ਲਿਖ ਲਈਆਂ ਜਿਹਨਾਂ ਨੂੰ ਦੇਖ ਸੋਚ ਕੇ ਤੂੰ ਵਿਆਹ ਕਰਾਇਆ ਸੀ?" ਉਸ ਮੁਸਕ੍ਰਾ ਕੇ ਹੋਰ ਲਿਖਿਆ। ਇੰਞ ਕਰਦੇ ਕਰਾਉਂਦੇ, ਉਸ ਦੇ ਪਤੀ ਦੇ ਗੁਣਾਂ ਦੀ ਅੰਤਮ ਸੂਚੀ 46 ਤੱਕ ਪਹੁੰਚ ਗਈ।

"ਦੇਖ ਬਲਵਿੰਦਰ ਕੌਰ ਭੈਣੇ, ਤੇਰੇ ਮੁਤਾਬਕ ਤੇਰੇ ਘਰ ਵਾਲੇ ਵਿਚ 4 ਨੁਕਸ ਨੇ ਤੇ 46 ਸਿਫਤਾਂ ਹਨ। ਕੁਲ ਜੋੜ ਪੰਜਾਹ ਹੈ। ਸਾਰਿਆਂ ਨੂੰ ਦੋ 'ਤੇ ਗੁਣਾਂ ਕਰੀਏ ਤਾਂ ਤੇਰੇ ਘਰ ਵਾਲੇ ਦੇ ਤੇਰੇ ਮੁਤਾਬਕ 92% ਨੰਬਰ ਬਣਦੇ ਹਨ। ਤੂੰ, ਤੇਰੇ ਕਿਸੇ ਭੈਣ ਭਰਾ, ਕਿਸੇ ਰਿਸ਼ਤੇਦਾਰ, ਤੇਰੇ ਕਿਸੇ ਨਿਆਣੇ ਨੇ ਕਦੀ ਕਿਸੇ ਇਮਤਿਹਾਨ 'ਚੋਂ 92% ਨੰਬਰ ਲਏ? ਤੂੰ 92% ਨੰਬਰਾਂ ਵਾਲੇ ਭਲੇ ਮਾਨਸ ਦੇ ਰਿਪੋਟਰ ਕਾਰਡ ਵਿਚ ਰੋਜ਼ 'ਫੇਲ, ਫੇਲ' ਕਿਉਂ ਲਿਖਦੀ ਰਹਿੰਨੀ ਏਂ?" ਜਵਾਬ ਵਿਚ ਉਹ ਸਿਰਫ਼ ਮੁਸਕ੍ਰਾਈ।

ਕਹਾਣੀ ਅੱਗੇ ਹੋਰ ਵੀ ਹੈ। ਪਰ ਇਸ ਗੇਮ ਦੀ ਚਰਚਾ ਕਰਨੀ ਅਤੇ ਦੂਸਰਿਆਂ ਨੂੰ ਖਿਡਾਉਣੀ ਬਹੁਤ ਆਸਾਨ ਹੈ ਆਪ ਖੇਡਣੀ ਬਹੁਤ ਮੁਸ਼ਕਿਲ ਹੈ।

Original with;
Jaswant Singh Zafar
Digitized by;
Panjab Digital Library

# ਜੀਓ ਮੋਹਨ ਪਿਆਰੇ

ਓਦੋਂ ਮੈਂ ਇਕ ਵੱਡੇ ਦਫ਼ਤਰ ਵਿਚ ਦਰਮਿਆਨੇ ਅਫ਼ਸਰ ਵਜੋਂ ਤਾਇਨਾਤ ਸੀ। ਮੋਹਨ ਨਾਂ ਦਾ ਸਿਧਰਾ ਜਿਹਾ ਪਹਾੜੀਆ ਮੁੰਡਾ ਸੇਵਾਦਾਰ ਲੱਗਿਆ ਹੁੰਦਾ ਸੀ। ਪਰ ਪੱਕੀ ਸਰਕਾਰੀ ਨੌਕਰੀ ਹੋਣ ਕਰਕੇ ਵਾਹਵਾ ਸਿਧਰਾ ਹੋਣ ਦੇ ਬਾਵਜੂਦ ਓਹਦਾ ਵਿਆਹ ਹੋ ਗਿਆ। ਇਕ ਦਿਨ ਸਵੇਰੇ ਸਵੇਰੇ ਦੋ ਕਰਮਚਾਰੀ ਬਿਨਾ ਆਗਿਆ ਲਏ ਕਾਹਲੀ ਕਾਹਲੀ ਮੇਰੇ ਕਮਰੇ ਵਿਚ ਆ ਕੇ ਕਹਿਣ ਲੱਗੇ, “ਮੋਹਨ ਦੀ ਘਰਵਾਲੀ ਆਈ ਹੈ ਜੀ।” ਉਹਨਾਂ ਦੇ ਮਗਰ ਹੀ ਇਕ 18-20 ਸਾਲ ਦੀ ਗੋਰੀ ਤੇ ਮਲੂਕ ਜਹੀ ਕੁੜੀ ਆਈ, ਉਸ ਰੋਣਹਾਕੀ ਦੀਆਂ ਅੱਖਾਂ ਭਰੀਆਂ ਹੋਈਆਂ ਸਨ। ਉਸ ਦੇ ਮਗਰ ਹੋਰ ਬਹੁਤ ਸਾਰੇ ਕਰਮਚਾਰੀਆਂ ਦੀ ਧਾੜ ਆ ਵੜੀ। ਇਹਨਾਂ ਸਾਰਿਆਂ ਦੇ ਚਿਹਰਿਆਂ ’ਤੇ ਸ਼ਰਾਰਤੀ ਚਮਕ ਸੀ। ਕਮਰਾ ਲਗਪਗ ਭਰਿਆ ਹੋਇਆ ਸੀ। ਮੋਹਨ ਵੀ ਇਕ ਪਾਸੇ ਡਰਿਆ ਜਿਹਾ ਖੜ੍ਹਾ ਸੀ।

ਕੁੜੀ ਕਹਿਣ ਲੱਗੀ, “ਜੀ, ਇਹ ਮੈਨੂੰ ਬਹੁਤ ਮਾਰਦਾ।”

ਮੋਹਨ ਆਪਣੀ ਸਫ਼ਾਈ ਵਿਚ ਕੁਝ ਬੋਲਣ ਹੀ ਲੱਗਾ ਸੀ ਮੈਂ ਕੁੜੀ ਨੂੰ ਕਿਹਾ, “ਕੋਈ ਨਾ ਬੇਟਾ, ਮੈਂ ਏਸ ਨੂੰ ਚੰਗੀ ਤਰ੍ਹਾਂ ਸਮਝਾਵਾਂਗਾ, ਇਹ ਤੈਨੂੰ ਕਦੀ ਨਹੀਂ ਮਾਰੇਗਾ, ਤੂੰ ਹੁਣ ਘਰ ਜਾਹ।” ਮੋਹਨ ਹੋਰ ਡਰ ਗਿਆ। ਕੁੜੀ ਚੁੱਪ ਚਾਪ ਚਲੀ ਗਈ। ਬਾਕੀ ਭੀੜ ਆਪਣੇ ਆਪ ਨੂੰ ਠੱਗੀ ਠੱਗੀ ਮਹਿਸੂਸ ਕਰਨ ਲੱਗੀ। ਉਹ ਵੀ ਕਮਰੇ ’ਚੋਂ ਬਾਹਰ ਜਾਣ ਲੱਗੇ ਤਾਂ ਮੈਂ ਕਿਹਾ, “ਮੋਹਨ ਦੀ ਘਰ ਵਾਲੀ ਤਾਂ ਆਪਣਾ ਦੁੱਖ ਦੱਸਣ ਆਈ ਸੀ, ਦੱਸ ਕੇ ਜਾ ਰਹੀ ਹੈ। ਤੁਸੀਂ ਸਭ ਕਿਉਂ ਆਏ ਸੀ? ਆਪੋ ਆਪਣਾ ਕਾਰਨ ਸੋਚ ਕੇ ਦੁਪਹਿਰ ਤੱਕ ਮੈਨੂੰ ਦੱਸਿਓ।”



Panjab Digital Library

ਸਿਰਫ਼ ਇਕ ਬਾਬੂ ਦੱਸਣ ਆਇਆ, "ਮੈਂ ਸੋਚਿਆ ਜੀ, ਤੁਸੀਂ ਮੋਹਨ ਦੀ ਘਰਵਾਲੀ ਦੀ ਗੱਲ ਸੁਣ ਕੇ ਮੋਹਣ ਨਾਲ ਕੁਝ ਸ਼ੁਗਲ ਮੁਗਲ ਲਾਓਗੇ, ਸਭ ਦਾ ਮਨੋਰੰਜਨ ਹੋਏਗਾ।" ਜੇ ਦੱਸਦੇ ਤਾਂ ਬਾਕੀਆਂ ਦਾ ਵੀ ਸ਼ਾਇਦ ਏਹੀ ਜੁਆਬ ਹੁੰਦਾ ਕਿ ਤਮਾਸ਼ਾ ਵੇਖਣ ਆਏ ਸਨ। ਮੇਰੇ ਮਨ ਵਿਚ ਬੜੇ ਸਾਲ ਇਹ ਸਵਾਲ ਰੜਕਦਾ ਰਿਹਾ ਕਿ ਸਾਨੂੰ ਦੂਸਰਿਆਂ ਦਾ ਤਮਾਸ਼ਾ ਜਾਂ ਬੇਇਜ਼ਤੀ ਹੁੰਦੀ ਦੇਖ ਕੇ ਜਾਂ ਟੌਂਟ ਕਰਕੇ ਸੁਆਦ ਕਿਓਂ ਆਉਂਦਾ ਹੈ? ਫਿਰ ਮਨੋਵਿਗਿਆਨ ਦੀ ਕਿਸੇ ਕਿਤਾਬ ਵਿਚ ਪੜ੍ਹਿਆ ਤਾਂ ਪਤਾ ਲੱਗਾ:

ਬੀਤੇ ਸਮੇਂ ਵਿਚ ਖਾਸਕਰ ਸਾਡੇ ਬਚਪਨ ਵਿਚ ਕਈ ਵਾਰ ਸਾਡਾ ਅਜਿਹਾ ਮਜ਼ਾਕ ਉਡਿਆ ਜਾਂ ਬੇਇਜ਼ਤੀ ਹੋਈ ਹੁੰਦੀ ਹੈ, ਜਿਸ ਨੂੰ ਚੁੱਪ ਚਾਪ ਸਹਿਣ ਕਰਨ ਤੋਂ ਬਿਨਾਂ ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਹੁੰਦਾ। ਬੇਬਸੀ ਦੇ ਅਜਿਹੇ ਜ਼ਖ਼ਮਾਂ ਦੇ ਸਾਡੇ ਅਚੇਤ ਮਨ 'ਤੇ ਨਿਸ਼ਾਨ ਰਹਿ ਜਾਂਦੇ ਹਨ। ਬਾਅਦ ਵਿਚ ਜਦ ਅਸੀਂ ਕਿਸੇ ਦਾ ਮਜ਼ਾਕ ਉਡਦਾ ਜਾਂ ਬੇਇਜ਼ਤੀ ਹੁੰਦੀ ਦੇਖਦੇ ਜਾਂ ਖ਼ੁਦ ਕਰਦੇ ਹਾਂ ਤਾਂ ਸਾਡੇ ਇਹਨਾਂ ਪੁਰਾਣੇ ਅਤੇ ਅਦਿਖ ਜ਼ਖਮਾਂ ਨੂੰ ਬੜਾ ਆਰਾਮ ਆਉਂਦਾ ਹੈ। ਇਹ ਰਾਹਤ ਸਾਨੂੰ ਖੁਸ਼ੀ ਦਿੰਦੀ ਹੈ।

ਮੋਹਨ ਦੀ ਘਰ ਵਾਲੀ ਦੇ ਜਾਣ ਮਗਰੋਂ ਮੈਂ ਮੋਹਨ ਨਾਲ ਉਸ ਵਿਸ਼ੇ ਜਾਂ ਘਟਨਾ ਬਾਰੇ ਗੱਲ ਨਹੀਂ ਕੀਤੀ। ਮੇਰੇ ਬਦਲਣ ਮਗਰੋਂ ਮੋਹਨ ਦਾ ਮੇਰੇ ਨਾਲ ਸਾਹਮਣਾ ਹੋਇਆ ਤਾਂ ਉਹ 'ਸਾਬ ਸਲਾਮ ਕਰਕੇ ਰਸਤਾ ਛੱਡ ਕੇ ਇਕ ਪਾਸੇ ਹੋ ਕੇ ਖੜ੍ਹਾ ਹੋ ਗਿਆ। ਬਰਾਬਰੋਂ ਲੰਗਣ ਵੇਲੇ ਕਹਿੰਦਾ, "ਸਾਹਿਬ ਜੀ, ਹੁਣ ਮੇਰੀ ਘਰ ਵਾਲੀ ਬਹੁਤ ਖੁਸ਼ ਰਹਿੰਦੀ ਹੈ।"

ਮੈਂ ਸੋਚਦਾਂ ਕਿ ਸਿਧਰਾ ਮੋਹਨ ਕਿੰਨਾ ਸਿਆਣਾ ਤੇ ਪੜ੍ਹੇ ਲਿਖੇ ਬਾਬੂ ਕਿੰਨੇ ਸਿਧਰੇ।



Panjab Digital Library



# ਮੈਨੂੰ ਇਓਂ ਲਗਦਾ

ਜਿਓਂ ਜਿਓਂ ਅਸੀਂ ਆਪਣੀ ਜੀਵਨ ਯਾਤਰਾ ਵਿਚ ਅੱਗੇ ਵਧਦੇ ਹਾਂ ਸੁਭਾਅ, ਮਹੌਲ, ਅਨੁਭਵ, ਮੇਲ-ਮਿਲਾਪ, ਘਟਨਾਵਾਂ ਆਦਿ ਕਰਕੇ ਸਾਡੇ ਕਈ ਵਿਚਾਰ, ਵਿਸ਼ਵਾਸ, ਨਜ਼ਰੀਏ, ਮਾਨਤਾਵਾਂ, ਧਾਰਨਾਵਾਂ, ਪਸੰਦ-ਨਾਪਸੰਦ ਆਦਿ ਬਹੁਤ ਪੱਕ ਜਾਂਦੇ ਹਨ। ਸਾਡੇ ਲਈ ਇਹ ਸਾਰੇ ਸੁਪਰ ਸੱਚ ਬਣ ਕੇ ਸਾਡੇ ਸਵੈ ਦਾ ਅਨਿੱਖੜਵਾਂ ਅੰਗ ਬਣ ਜਾਂਦੇ ਹਨ। ਇਹਨਾਂ ਸਾਰਿਆਂ ਲਈ ਸਾਂਝਾ ਸ਼ਬਦ ਹੈ ਬਲੀਫ ਸਿਸਟਮ (Belief System)। ਫਿਲਹਾਲ ਅੰਗਰੇਜ਼ੀ ਦੇ ਬਲੀਫ ਸਿਸਟਮ ਦਾ ਮੈਨੂੰ ਢੁੱਕਵਾਂ ਪੰਜਾਬੀ ਬਦਲ ਨਹੀਂ ਸੁਝ ਰਿਹਾ। ਵਿਸ਼ਵਾਸ-ਲੜੀ, ਵਿਸ਼ਵਾਸ ਤੰਤਰ ਜਾਂ ਵਿਸ਼ਵਾਸ ਪ੍ਰਬੰਧ ਕਹਿ ਕੇ ਕੰਮ ਚਲਾਇਆ ਜਾ ਸਕਦਾ ਹੈ।

ਸਾਡਾ ਬਲੀਫ ਸਿਸਟਮ ਸਾਡਾ ਅਚੇਤ ਰੂਪ ਵਿਚ ਗ੍ਰਹਿਣ ਕੀਤਾ ਸਭ ਤੋਂ ਮਹੱਤਵ ਪੂਰਨ ਹਾਸਲ ਹੁੰਦਾ ਹੈ। ਹੌਲ਼ੀ ਹੌਲ਼ੀ ਅਸੀਂ ਆਪਣੇ ਬਲੀਫ ਸਿਸਟਮ ਦੇ ਖੋਲ ਵਿਚ ਰਹਿਣ ਲੱਗਦੇ ਹਾਂ ਜਾਂ ਕਹਿ ਲਓ ਕਿ ਬਲੀਫ ਸਿਸਟਮ ਹੀ ਸਾਡੀ ਸਮੁੱਚੀ ਸ਼ਖ਼ਸੀਅਤ ਬਣ ਜਾਂਦਾ ਹੈ, ਅਸੀਂ ਆਪਣੇ ਬਲੀਫ ਸਿਸਟਮ ਕਰਕੇ ਜਾਣੇ ਜਾਣ ਲੱਗਦੇ ਹਾਂ। ਸਾਡੇ ਬਲੀਫ ਸਿਸਟਮ ਦਾ ਸਾਰਾ ਕੁਝ ਸਹੀ ਜਾਂ ਸੱਚ ਨਹੀਂ ਹੁੰਦਾ ਪਰ ਸਾਨੂੰ ਲਗਦਾ ਅਟੱਲ ਸਚਾਈ ਵਾਂਗ ਹੈ। ਉਸ ਸਚਾਈ ਦੇ ਹੱਕ ਵਿਚ ਪੱਕੀਆਂ ਗਵਾਹੀਆਂ ਜਾਂ ਸਬੂਤ ਵੀ ਅਸੀਂ ਸਾਂਭੇ ਹੋਏ ਹੁੰਦੇ ਹਨ। ਦੂਸਰੇ ਦੇ ਬਲੀਫ ਸਿਸਟਮ ਦੇ ਨੁਕਸ ਸਾਨੂੰ ਝੱਟ ਦਿਖਾਈ ਦੇ ਜਾਂਦੇ ਹਨ ਪਰ ਆਪਣੇ ਨਹੀਂ ਪਤਾ ਲਗਦੇ ਹੁੰਦੇ। ਸਾਡਾ ਕੋਈ ਕਰੀਬੀ ਵੀ ਸਾਡੇ ਬਲੀਫ ਸਿਸਟਮ ਨਾਲ ਛੇੜ ਛਾੜ ਕਰਕੇ ਇਸ ਨੂੰ ਬਦਲਨਾ ਚਾਹੇ ਤਾਂ ਸਾਡੇ ਲਈ ਬਰਦਾਸ਼ਤ ਕਰਨਾ ਔਖਾ ਹੁੰਦਾ ਹੈ। ਕਈ ਵਾਰ ਤਾਂ ਅਸੀਂ ਆਪਣੇ ਬਲੀਫ ਸਿਸਟਮ ਵਿਚ ਤਬਦੀਲੀ ਕਰਨ ਦੀ ਬਜਾਏ ਸਬੰਧ ਹੀ ਬਦਲ ਲੈਂਦੇ ਹਾਂ। ਸਾਡੇ ਬਲੀਫ ਸਿਸਟਮ ਦੀਆਂ ਕਈ ਗੱਲਾਂ (ਧਾਰਨਾਵਾਂ) ਕਰਕੇ ਕਈ ਵਾਰ ਸਾਡਾ ਲਗਾਤਾਰ ਨੁਕਸਾਨ ਵੀ ਹੋ ਰਿਹਾ ਹੁੰਦਾ ਹੈ ਫਿਰ ਵੀ ਅਸੀਂ ਉਹਨਾਂ 'ਤੇ ਸ਼ੰਕਾ ਜਾਂ ਕਿੰਤੂ ਕੀਤੇ ਬਗੈਰ ਉਹਨਾਂ ਨੂੰ ਘੁੱਟ ਕੇ ਫੜੀ ਰੱਖਦੇ ਹਾਂ।

ਆਪਣੇ ਨਿੱਜ (ਸਰੀਰ, ਮਨ, ਸੁਭਾਅ, ਪਿਛਲੇ ਜਨਮ ਆਦਿ) ਬਾਰੇ ਸਾਡਾ ਗਲਤ ਭਾਂਤ ਦਾ ਬਲੀਫ ਸਿਸਟਮ ਬਹੁਤ ਹਾਨੀਕਾਰਕ ਸਿੱਧ ਹੋ ਸਕਦਾ ਹੈ। ਬਲੀਫ ਸਿਸਟਮ ਵੱਖਰੀ ਵੱਖਰੀ ਤਰ੍ਹਾਂ ਦੇ ਹੋਣ ਕਰਕੇ ਅਕਸਰ ਵਿਆਹੁਤਾ, ਪ੍ਰੇਮ ਜਾਂ ਦੋਸਤਾਨਾ ਸਬੰਧਾਂ ਵਿਚ ਫਿੱਕ ਪੈ ਜਾਂਦੇ ਹਨ। ਸਿਆਣੇ ਜੋੜੇ ਇਕ ਦੂਜੇ ਦੇ ਬਲੀਫ ਸਿਸਟਮ ਨਾਲ ਛੇੜ ਛਾੜ ਕਰਨ ਦੀ ਲੋੜ ਨਹੀਂ ਸਮਝਦੇ। ਮਹੱਬਤ ਦਾ ਬੇਹੱਦ ਗਹਿਰਾ ਸਬੰਧ ਹੀ ਕਿਸੇ ਦੇ ਗਲਤ ਬਲੀਫ ਸਿਸਟਮ ਵਿਚ ਸੋਧ ਕਰ ਸਕਦਾ ਹੈ।

ਚੰਗੇਰੀ ਅਤੇ ਸੁਧਾਰ ਦੀ ਦਿਸ਼ਾ ਵਿਚ ਰਹਿਣ ਵਾਲੀ ਗਤੀਸ਼ੀਲ ਜੀਵਨ ਤੋਰ ਲਈ ਸਾਨੂੰ ਪ੍ਰਾਪਤ ਹੋ ਰਹੇ ਨਤੀਜਿਆਂ ਦੇ ਆਧਾਰ ਤੇ ਆਪਣੇ ਬਲੀਫ ਸਿਸਟਮ ਨੂੰ ਲਗਾਤਾਰ ਚੈਕ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਸ ਵਿਚ ਸਮੇਂ ਸਮੇਂ ਸੋਧ ਸੁਧਾਈ ਕਰਦੇ ਰਹਿਣਾ ਚਾਹੀਦਾ ਹੈ। ਆਪਣੇ ਉਪੀਨੀਅਨ ਨੂੰ ਆਪਣਾ ਉਪੀਨੀਅਨ ਹੀ ਸਮਝਣਾ ਚਾਹੀਦਾ ਹੈ ਪਰਮ ਸੱਚ ਮੰਨਣ ਦੀ ਗਲਤੀ ਨਹੀਂ ਕਰਨੀ ਚਾਹੀਦੀ। ਅਪਣੇ ਉਪੀਨੀਅਨ ਨੂੰ ਸਚਾਈ ਸਮਝਣਾ ਦੁਨੀਆਂ ਦਾ ਸਭ ਤੋਂ ਵੱਡਾ ਅੰਧ ਵਿਸ਼ਵਾਸ ਹੈ।

Original with:
Jaswant Singh Zafar
Digitized by:
Panjab Digital Library

# ਮਨ ਇਕ ਐਂਪਲੀਫਾਇਰ

ਮਨੁੱਖੀ ਮਨ ਦੀ ਹੋਂਦ, ਮਹੱਤਵ ਜਾਂ ਕਾਰਜ ਵਿਧੀ ਨੂੰ ਸਮਝਣ ਲਈ ਇਸ ਨੂੰ ਵੱਖ ਵੱਖ ਚੀਜ਼ਾਂ ਨਾਲ ਤੁਲਨਾਇਆ ਜਾਂਦਾ ਹੈ। ਮੈਨੂੰ ਲੱਗਦਾ ਹੈ ਕਿ ਮਨ ਇਕ ਐਂਪਲੀਫਾਇਰ ਵਾਂਗ ਵੀ ਹੈ। ਐਂਪਲੀਫਾਇਰ ਇਸ ਵਿਚ ਆਉਂਦੀ ਆਵਾਜ਼ (ਮਾਈਕ ਵਗੈਰਾ ਤੋਂ) ਨੂੰ ਵੱਡੀ ਜਾਂ ਉੱਚੀ ਕਰਕੇ ਬਾਹਰ ਕੱਢਦਾ ਹੈ ਜੋ ਸਾਨੂੰ ਸਪੀਕਰ ਵਿਚੋਂ ਸੁਣਦੀ ਹੈ। ਕਈ ਵਾਰ ਕਿਸੇ ਸਮਾਗਮ ਦੇ ਸ਼ੁਰੂ ਹੋਣ ਵੇਲੇ ਜਦ ਸਾਊਂਡ ਸਿਸਟਮ ਲਗਾਇਆ ਜਾ ਰਿਹਾ ਹੁੰਦਾ ਹੈ ਤਾਂ ਇਸ ਵਿਚੋਂ ਬੜੀ ਉੱਚੀ ਚੀਕ ਦੀ ਆਵਾਜ਼ ਆਉਂਦੀ ਹੈ।

ਮਾਈਕ ਵਿਚ ਜਦ ਕੋਈ ਬੋਲ ਨਹੀਂ ਵੀ ਰਿਹਾ ਹੁੰਦਾ ਤਾਂ ਐਂਪਲੀਫਾਇਰ ਦੀ ਆਪਣੀ ਇਕ ਹਲਕੀ ਜਿਹੀ ਗੂੰਜ (Humming) ਹੁੰਦੀ ਹੈ ਜੋ ਸਪੀਕਰ ਦੇ ਨੇੜੇ ਹੋਣ 'ਤੇ ਸਾਨੂੰ ਸੁਣਾਈ ਦਿੰਦੀ ਹੈ। ਇਹ ਨਿੱਕੀ ਆਵਾਜ਼ ਹਮੇਸ਼ਾ ਚਲਦੀ ਰਹਿੰਦੀ ਹੈ। ਸਾਡੇ ਮਨ ਵਿਚ ਵੀ ਸਾਡੇ ਜਿਉਂਦੇ ਜੀਅ ਕੋਈ ਨਾ ਕੋਈ ਵਿਚਾਰ ਹਮੇਸ਼ਾ ਚੱਲਦਾ ਹੀ ਰਹਿੰਦਾ ਹੈ। ਜਾਗਦਿਆਂ ਮਨ ਦੇ ਚੇਤਨ ਭਾਗ ਵਿਚ ਚਲਦੇ ਵਿਚਾਰਾਂ ਦਾ ਤਾਂ ਗੌਰ ਕਰਨ ਤੇ ਪਤਾ ਲੱਗ ਜਾਂਦਾ ਹੈ ਪਰ ਅਚੇਤ ਮਨ ਸੁੱਤੇ ਪਿਆਂ 'ਤੇ ਵੀ ਇਸ ਆਹਰੇ ਲੱਗਾ ਹੀ ਰਹਿੰਦਾ ਹੈ। ਜੇਕਰ ਚਲਦੇ ਸਾਉਂਡ ਸਿਸਟਮ ਦੇ ਮਾਈਕ ਨੂੰ ਇਸਦੇ ਸਪੀਕਰ ਦੇ ਅੱਗੇ ਕਰ ਦੇਈਏ ਤਾਂ ਇਸ ਦੀ ਗੂੰਜ ਐਂਪਲੀਫਾਇਰ ਦੇ ਵਿਚੀਂ ਲੰਘ ਕੇ ਉੱਚੀ ਹੋ ਜਾਂਦੀ ਹੈ। ਇਹ ਉੱਚੀ ਆਵਾਜ਼ ਸਪੀਕਰ ਅਤੇ ਮਾਈਕ ਵਿਚੋਂ ਵਾਰ ਵਾਰ ਲੰਘ ਕੇ ਹੋਰ ਤੋਂ ਹੋਰ ਉੱਚੀ ਹੋਈ ਜਾਂਦੀ ਹੈ ਅਤੇ ਇਕ ਸੈਕਿੰਡ ਤੋਂ ਪਹਿਲਾਂ ਹੀ ਭਿਆਨਕ ਚੀਕ ਬਣ ਜਾਂਦੀ ਹੈ। ਇਸੇ ਤਰ੍ਹਾਂ ਅਸੀਂ ਕਿਸੇ ਨੈਗੇਟਿਵ ਵਿਚਾਰ ਨੂੰ ਆਪਣੇ ਮਨ ਵਿਚੋਂ ਵਾਰ ਵਾਰ ਲੰਘਾਉਂਦੇ ਜਾਈਏ, ਉਹ ਵਿਚਾਰ ਭਾਵੇਂ ਕਿੰਨਾ ਹੀ ਮਾਮੂਲੀ ਕਿਉਂ ਨਾ ਹੋਵੇ, ਸਾਡੇ ਮਨ ਦਾ ਐਂਪਲੀਫਾਇਰ ਉਸ ਨੂੰ ਥੋੜ੍ਹੇ ਸਮੇਂ ਵਿਚ ਹੀ ਬਹੁਤ ਭਿਆਨਕ



ਅਤੇ ਡਰਾਉਣਾ ਬਣਾ ਲੈਂਦਾ ਹੈ ਅਤੇ ਅਸੀਂ ਬਹੁਤ ਢਹਿੰਦੀ ਕਲਾ (ਡਿਪਰੈਸ਼ਨ) ਵਿਚ ਜਾ ਸਕਦੇ ਹਾਂ। ਜਦ ਮਨ ਨੂੰ ਇਹ ਸ਼ੋਰ ਏਨਾ ਗ੍ਰੱਸ ਲੈਂਦਾ ਹੈ ਕਿ ਤਾਂ ਹੋਰ ਸਭ ਚੰਗਾ ਦਿਸਣਾ ਜਾਂ ਸੁਣਨਾ ਬੰਦ ਹੀ ਹੋ ਜਾਂਦਾ ਹੈ ਤਾਂ ਕਈ ਵਾਰ ਬੰਦਾ ਆਤਮ ਹੱਤਿਆ ਤੱਕ ਕਰ ਲੈਂਦਾ ਹੈ।

ਸਾਊਂਡ ਸਿਸਟਮ ਵਾਲੇ ਇਸ ਆਪੇ ਬਣੀ ਚੀਕ ਜਾਂ ਸ਼ੋਰ ਨੂੰ ਬੰਦ ਕਰਨ ਲਈ ਮਾਈਕ ਜਾਂ ਸਪੀਕਰ ਦੀ ਦਿਸ਼ਾ ਬਦਲ ਦਿੰਦੇ ਹਨ (ਕਿਸੇ ਇਕ ਦਾ ਮੂੰਹ ਦੂਜੇ ਪਾਸੇ ਕਰ ਦਿੰਦੇ ਹਨ) ਤਾਂ ਕਿ ਐਂਪਲੀਫਾਇਰ ਵਿਚੋਂ ਵਾਰ ਵਾਰ ਲੰਘਦੀ ਇਕੋ ਆਵਾਜ਼ ਵਿਚ ਬਰੇਕ ਪੈ ਜਾਵੇ। ਇਸੇ ਤਰ੍ਹਾਂ ਢਹਿੰਦੀ ਕਲਾ ਜਾਂ ਡਿਪਰੈਸ਼ਨ ਗ੍ਰਸਤ ਬੰਦੇ ਦੇ ਮਨ ਵਿਚ ਵਾਰ ਵਾਰ ਲੰਘਦੇ ਨੈਗੇਟਿਵ ਵਿਚਾਰ ਦੀ ਲੜੀ ਨੂੰ ਤੋੜਨ ਦੀ ਲੋੜ ਹੁੰਦੀ ਹੈ। ਕਰਮ ਯੋਗ ਵਾਲਿਆਂ ਦਾ ਕਹਿਣਾ ਹੈ ਕਿ ਇਹ ਸਥਿਤੀ ਵਿਹਲੇ ਬੰਦਿਆਂ ਨੂੰ ਜ਼ਿਆਦਾ ਘੇਰਦੀ ਹੈ। ਇਸ ਲਈ ਬੰਦੇ ਨੂੰ ਹਮੇਸ਼ਾ ਕੋਈ ਨਾ ਕੋਈ ਕੰਮ ਕਰਦੇ ਰਹਿਣਾ ਚਾਹੀਦਾ ਹੈ। ਧਿਆਨ ਯੋਗ ਵਾਲੇ ਦੱਸਦੇ ਹਨ ਕਿ ਨੈਗੇਟਿਵ ਵਿਚਾਰ ਨੂੰ ਭਿਆਨਕ ਰੂਪ ਧਾਰਨ ਤੋਂ ਰੋਕਣ ਲਈ ਆਪਣਾ ਧਿਆਨ (ਮਨ) ਆਪਣੇ ਸੁਆਸਾਂ 'ਤੇ ਲਗਾ ਲੈਣਾ ਚਾਹੀਦਾ। ਮਨ ਦੇ ਐਂਪਲੀਫਾਇਰ ਨਾਲ ਜੁੜੇ ਮਾਈਕ ਤੇ ਸਪੀਕਰ ਦੀ ਦਿਸ਼ਾ ਬਦਲਨ ਲਈ ਪੋਜ਼ਟਿਵ ਵਿਚਾਰਾਂ ਵਾਲਿਆਂ ਦੀ ਸੁਹਬਤ (ਸਤਿ ਸੰਗਤ) ਕਰਨਾ, ਦੋਸਤਾਂ ਨਾਲ ਹੱਸਣਾ ਅਤੇ ਬੱਚਿਆਂ ਨਾਲ ਖੇਡਣਾ ਵੀ ਬਹੁਤ ਕਾਰਗਰ ਤਰੀਕੇ ਹਨ।



## ਸੱਚ-ਝੂਠ

ਮੈਂ ਨਵੇਂ ਦਫ਼ਤਰ ਵਿੱਚ ਤੈਨਾਤ ਹੋਇਆ ਸੀ। ਦੋ ਕੁ ਦਿਨ ਮਹੌਲ ਦੇਖਣ ਤੋਂ ਬਾਅਦ ਮੈਂ ਆਪਣੇ ਕਮਰੇ ਵਿੱਚ ਇੱਕ ਵਰਕੇ 'ਤੇ ਲਿਖ ਕੇ ਲਾ ਦਿੱਤਾ, "ਮੇਰੇ ਕੋਲ ਕਿਸੇ ਦੀ ਚੁਗਲੀ ਨਾ ਕੀਤੀ ਜਾਵੇ, ਜੇ ਕਦੀ ਮੈਂ ਕਰਾਂ ਤਾਂ ਟੋਕ ਕੇ ਰੋਕ ਦਿੱਤਾ ਜਾਏ।" ਕੁਝ ਦਿਨ ਤਾਂ ਸਾਰਿਆ ਨੇ ਔਖੇ ਸੌਖੇ ਕੱਟੇ। ਫਿਰ ਇੱਕ ਦਿਨ ਇੱਕ ਸੀਨੀਅਰ ਸਟਾਫ ਮੈਂਬਰ ਬੀਬੀ ਕਹਿੰਦੀ, "ਐਕਸੀਅਨ ਸਾਹਿਬ, ਫਿਰ ਤੁਸੀਂ ਕਹਿਣਾ ਚੁਗਲੀ ਕਰਦੀ ਹੈ---।" ਮੈਂ ਕਿਹਾ," ਜੇ ਇਹ ਗੱਲ ਹੈ ਤਾਂ ਨਾ ਕਰੋ।"

ਕਹਿਣ ਲੱਗੀ, "ਪਰ ਜੀ, ਇਹ ਸਚਾਈ ਹੈ। ਉਹ ਫਲਾਨੀ ਅੱਜ ਫੇਰ ਲੇਟ ਆਈ ਹੈ।"

ਜ਼ਿਆਦਾਤਰ ਹਰ ਚੁਗਲੀ ਤੇ ਨਿੰਦਿਆ ਸਚਾਈ ਹੀ ਹੁੰਦੀ ਹੈ। ਕਰਨ ਵਾਲੇ ਮੁਤਾਬਕ ਤਾਂ ਸੌ ਫੀਸਦੀ ਸਚਾਈ ਹੁੰਦੀ ਹੈ। ਤੱਥਾਤਮਕ ਤੌਰ ਤੇ ਹਰ ਚੁਗਲੀ ਨਿੰਦਿਆ ਬਿਲਕੁਲ ਦਰੁਸਤ ਹੁੰਦੀ ਹੈ, ਜਾਣੀ ਪੂਰੀ ਤਰ੍ਹਾਂ ਸੱਚ ਹੁੰਦੀ ਹੈ। ਪਰ ਖੋਟ ਤਾਂ ਉਦੇਸ਼ ਅਤੇ ਮਨਸ਼ਾ ਵਿੱਚ ਹੁੰਦੀ ਹੈ। ਨਿੰਦਿਆ ਤੇ ਚੁਗਲੀ ਉਹ ਸੱਚ ਹੁੰਦਾ ਹੈ ਜਿਸ ਦੇ ਬੋਲਣ ਪਿੱਛੇ ਉਦੇਸ਼ ਸ਼ੁਭ ਨਹੀਂ ਹੁੰਦਾ। ਨਿੰਦਾ ਚੁਗਲੀ ਪਿੱਛੇ ਉਦੇਸ਼ ਆਪਣੇ ਆਪ ਨੂੰ ਚੰਗਾ, ਵੱਡਾ, ਸੱਚਾ ਆਦਿ ਅਤੇ ਦੂਸਰੇ ਨੂੰ ਘਟੀਆ, ਨੀਵਾਂ, ਝੂਠਾ ਆਦਿ ਦਰਸਾਉਣਾ ਹੁੰਦਾ ਹੈ। ਇਹ ਚੰਗੇ ਆਚਾਰ ਦਾ ਲੱਛਣ ਨਹੀਂ। ਮਹਾਰਾਜ ਨੇ ਆਚਾਰ ਨੂੰ ਸੱਚ ਨਾਲੋਂ ਵੱਧ ਮਹੱਤਵ ਦਿੱਤਾ ਹੈ।

ਅਜਿਹੇ ਸੱਚ ਨਾਲੋਂ ਸਾਡੇ ਵੱਡੇ ਪਰਿਵਾਰਾਂ ਦੀਆਂ ਦਾਦੀਆਂ ਪੜਦਾਦੀਆ ਦੇ ਝੂਠ ਕਿਤੇ ਚੰਗੇ ਅਤੇ ਪਵਿੱਤਰ ਸਨ ਜਿਹਨਾਂ ਨਾਲ ਉਹ ਸਾਰੇ ਘਰ ਪਰਿਵਾਰ ਨੂੰ ਜੋੜੀ ਰੱਖਦੀਆਂ ਸਨ। ਉਹਨਾਂ ਦੇ ਝੂਠਾਂ ਦਾ ਉਦੇਸ਼ ਸ਼ੁਭ ਹੁੰਦਾ ਸੀ। ਸਾਡੇ ਸੱਚ ਬਹੁਤ ਜ਼ਹਿਰੀਲੇ ਹਨ ਜੋ ਇੱਕ ਦੂਜੇ ਨਾਲੋਂ ਤੋੜਕੇ ਨਫ਼ਰਤ, ਈਰਖਾ, ਝਗੜਾ ਆਦਿ ਵਧਾਉਂਦੇ ਹਨ।

ਮੈਂ ਉਸ ਬੀਬੀ ਨੂੰ ਕਿਹਾ, "ਆਪਾਂ ਪਤਾ ਕਰੀਏ ਕੇ ਉਸ ਫਲਾਨੀ ਨੂੰ ਘਰ ਦੀ ਅਜਿਹੀ ਕਿਹੜੀ ਸਮੱਸਿਆ ਹੈ ਜਿਸ ਕਰਕੇ ਉਹ ਲੇਟ ਆਉਂਦੀ ਹੈ। ਨਾਲੇ ਪਤਾ ਕਰਕੇ ਮੈਨੂੰ ਦੱਸਿਓ ਕਿ ਆਪਾਂ ਸਾਰੇ ਉਸ ਦੀ ਕੀ ਮੱਦਦ ਕਰ ਸਕਦੇ ਹਾਂ?"

ਸਾਰਾ ਸਟਾਫ ਸਮਝ ਗਿਆ ਕਿ ਇਸ ਨਵੇਂ ਐਕਸੀਅਨ ਕੋਲ 'ਸੱਚ' ਬੋਲਣ ਦਾ ਕੋਈ ਫਾਇਦਾ ਨਹੀਂ। ਆਪਣਾ ਹੀ ਕੰਮ ਵਧਾਉਣ ਵਾਲੀ ਗੱਲ ਹੈ।



*Original with;*
Jaswant Singh Zafar
*Digitized by;*
Panjab Digital Library



Original with:
Jaswant Singh Zafar
Digitized by:
Panjab Digital Library

## ਲਫ਼ਜ਼ਾਂ ਦਾ ਜਾਦੂ

ਸੰਨ 1997-98 ਵਿਚ ਮੈਂ ਸ. ਅਮਰਜੀਤ ਸਿੰਘ ਗਰੇਵਾਲ ਦੇ ਮੈਗਜ਼ੀਨ ਪੰਜ ਦਰਿਆ ਲਈ ਕਾਰਟੂਨਿੰਗ ਅਤੇ ਸਕੈਚਿੰਗ ਕਰਦਾ ਹੁੰਦਾ ਸੀ। ਇਕ ਹਲਕਾ ਫੁਲਕਾ ਜਿਹਾ ਕਾਲਮ ਵੀ ਲਿਖਦਾ ਸੀ। ਇਕ ਦਿਨ ਅਸੀਂ ਇਕੱਠੇ ਕਿਤੇ ਜਾ ਰਹੇ ਸੀ। ਚਲਦੀਆਂ ਗੱਲਾਂ ਵਿਚ ਮੈਂ ਉਹਨਾਂ ਨੂੰ ਕਿਹਾ ਕਿ ਫਲਾਨੀ ਤਰ੍ਹਾਂ ਦੀ ਕਵਿਤਾ ਪੰਜਾਬੀ ਵਿਚ ਨਹੀਂ ਲਿਖੀ ਜਾ ਰਹੀ। ਮੈਨੂੰ ਉਸ ਤਰ੍ਹਾਂ ਦੀ ਕਵਿਤਾ ਨਾਲ ਹੀ ਰੱਜ ਆਉਂਦਾ ਪਰ ਇਸ ਦੀ ਬੜੀ ਕਮੀ ਹੈ।

ਉਹ ਕਹਿਣ ਲੱਗੇ, "ਇਸ ਤਰ੍ਹਾਂ ਦੀ ਪੰਜਾਬੀ ਵਿਚ ਕਵਿਤਾ ਲਿਖ ਸਕਣ ਵਾਲਾ ਜੋ ਕਵੀ ਹੈ ਓਹ ਅੱਜ ਕੱਲ੍ਹ ਕਵਿਤਾ ਲਿਖਦਾ ਨਹੀਂ, ਹੋਰ ਕੰਮਾਂ ਵਿਚ ਪਿਆ ਰਹਿੰਦਾ।"

ਮੈਂ ਉਸ ਕਵੀ ਦਾ ਨਾਂ ਪੁੱਛਿਆ ਤਾਂ ਕਹਿਣ ਲੱਗੇ, "ਉਸ ਦਾ ਨਾਂ ਹੈ ਜਸਵੰਤ ਜ਼ਫ਼ਰ।"

ਬਾਕੀ ਸਫ਼ਰ ਅਸੀਂ ਪੂਰਨ ਖਾਮੋਸ਼ੀ ਨਾਲ ਕੀਤਾ, ਦੋਵੇਂ ਬਿਲਕੁਲ ਨਹੀਂ ਬੋਲੇ। ਇਸ ਤੋਂ ਦੋ-ਤਿੰਨ ਸਾਲ ਬਾਅਦ ਮੇਰੀ ਕਵਿਤਾ ਦੀ ਦੂਸਰੀ ਕਿਤਾਬ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਛਪੀ। ਇਸ ਕਿਤਾਬ ਨੇ ਕਵਿਤਾ ਦੇ ਪਾਠਕਾਂ ਦਾ ਬੜਾ ਰੱਜ ਕਰਾਇਆ। ਇਸ ਦੀਆਂ ਆਖਰੀ ਸਤਰਾਂ ਹਨ-

ਮੈਂ ਤਾਂ ਤੁਹਾਡੇ ਲਫ਼ਜ਼ਾਂ ਦਾ ਜਾਦੂ ਹਾਂ
ਤੁਸੀਂ ਕਿਹਾ ਤਾਂ ਮੈਂ ਹੋ ਗਿਆ
ਤੁਸੀਂ ਕਹੋਗੇ ਮੈਂ ਹੋ ਜਾਵਾਂਗਾ

ਇਹ ਸਤਰਾਂ ਹਰ ਬੱਚੇ ਵਲੋਂ ਆਪਣੇ ਮਾਪਿਆਂ ਅਤੇ ਅਧਿਆਪਕਾਂ ਲਈ ਹਨ। ਮੇਰਾ ਵਿਸ਼ਵਾਸ ਬਣ ਗਿਆ ਕਿ ਬੱਚਿਆਂ ਨੂੰ ਗਧੇ, ਉੱਲੂ, ਸ਼ੇਰ, ਬਾਂਦਰ, ਸੋਹਣੇ, ਬਿੱਜੂ, ਕਮਾਲ, ਸਿਆਣੇ, ਨਲਾਇਕ, ਬੀਬੇ, ਹੁਸ਼ਿਆਰ, ਤਕੜੇ, ਜਿੰਮੇਵਾਰ ਜਾਣੀ ਜੋ ਵੀ ਕਿਹਾ ਜਾਏਗਾ ਉਹ ਬਣ ਜਾਣਗੇ।

## ਸ਼ਬਦ ਅਤੇ ਜੀਵਨ ਸਿਰਜਨਾ

ਮਨੁੱਖੀ ਜੀਵਨ ਵਿਚ ਭਾਸ਼ਾ ਜਾਂ ਬੋਲੀ ਸਿਰਫ਼ ਸੰਚਾਰ ਲਈ ਹੀ ਨਹੀਂ ਹੁੰਦੀ, ਇਹ ਮਨੁੱਖੀ ਜੀਵਨ ਦੇ ਅਣਗਿਣਤ ਪਹਿਲੂਆਂ ਦੀ ਸਿਰਜਕ ਹੈ। ਸੂਚਨਾ-ਸੰਚਾਰ ਤਾਂ ਪਸ਼ੂ-ਪੰਛੀ ਵੀ ਕਰ ਲੈਂਦੇ ਹਨ। ਸਾਡੇ ਵਡਾਰੂਆਂ ਨੇ ਸ਼ਬਦ ਨੂੰ ਬ੍ਰਹਮ ਕਿਹਾ ਹੈ। ਅਧਿਆਤਮਕ ਅਤੇ ਧਾਰਮਿਕ ਮੁਹਾਵਰੇ ਵਿਚ ਅਸੀਂ ਇਸ ਨੂੰ ਸ੍ਰਿਸ਼ਟੀ ਰਚਨਾ ਨਾਲ ਸਬੰਧਤ ਹੀ ਸਮਝਦੇ ਰਹਿੰਦੇ ਹਾਂ। ਅਸਲ ਵਿਚ ਸਾਡੇ ਜੀਵਨ ਦੇ ਅਣਗਿਣਤ ਪਹਿਲੂ ਸਾਡੇ ਵਲੋਂ ਵਰਤੀ ਜਾਂਦੀ ਭਾਸ਼ਾ ਦੁਆਰਾ ਸਿਰਜੇ ਹੋਏ ਹਨ।

ਜੇ ਅਸੀਂ ਆਪਣੀ ਮਰਜੀ ਦਾ ਬੋਲਦੇ ਹਾਂ ਤਾਂ ਅਸੀਂ ਆਪਣੀ ਮਰਜੀ ਦੀ ਜ਼ਿੰਦਗੀ ਸਿਰਜਦੇ ਹਾਂ ਜੇ ਸਾਨੂੰ 'ਬੋਲਣਾ' ਪੈ ਰਿਹਾ ਹੈ' ਤਾਂ ਅਸੀਂ ਜ਼ਿੰਦਗੀ ਦੁਆਰਾ ਘਸੀਟੇ ਜਾ ਰਹੇ ਹਾਂ। ਜੇ ਅਸੀਂ ਸੁਣਨਾ ਵੀ ਆਪਣੀ ਮਰਜੀ ਦਾ ਪੈਦਾ ਕਰ ਲਿਆ ਹੈ ਤਾਂ ਸਾਡੀ ਜੀਵਨ ਸਿਰਜਣਾ ਉੱਚੇ ਪੱਧਰ ਦੀ ਹੈ ਪਰ ਜੇ ਸਾਨੂੰ ਹਮੇਸ਼ਾ ਕੁਝ 'ਹੋਰ ਹੀ' ਸੁਣਨਾ ਪੈ ਰਿਹਾ ਹੈ ਤਾਂ ਅਸੀਂ ਜੂਨ-ਕਟੀ ਕਰ ਰਹੇ ਹਾਂ। ਸੁਰਜੀਤ ਪਾਤਰ ਇਹ ਕਥਨ ਅਕਸਰ ਦੁਹਰਾਉਂਦੇ ਹੁੰਦੇ ਹਨ ਕਿ ਅਸੀਂ ਸਿਰਫ਼ ਅੰਨ-ਪਾਣੀ ਦੇ ਹੀ ਨਹੀਂ ਬਣੇ ਹੁੰਦੇ ਸਗੋਂ ਬੋਲ-ਬਾਣੀ ਦੇ ਵੀ ਬਣੇ ਹੋਏ ਹਾਂ।

ਸਫ਼ਲ ਲੋਕਾਂ ਦੇ ਜੀਵਨ ਵਿਚ ਭਾਸ਼ਾ ਦੀ ਵਰਤੋਂ ਭੂਤ ਕਾਲ ਵਿਚ ਹੋਏ ਅਨੁਭਵ ਅਨੁਸਾਰ ਨਹੀਂ ਸਗੋਂ ਭਵਿੱਖ ਦੇ ਨਿਰਮਾਣ ਦੀ ਇੱਛਾ ਅਨੁਸਾਰ ਹੁੰਦੀ ਹੈ। ਕਿਸੇ ਦਾ ਜੀਵਨ ਪੱਧਰ ਉਸ ਦੇ ਰੁਤਬੇ-ਅਹੁਦੇ, ਧੰਨ-ਪਦਾਰਥ, ਕਾਰ-ਕੋਠੀ, ਜ਼ਮੀਨ-ਜਾਇਦਾਦ ਆਦਿ ਨਾਲ ਨਹੀਂ ਸਗੋਂ ਉਸ ਵਲੋਂ ਬੋਲੇ ਅਤੇ ਸੁਣੇ ਜਾਣ ਵਾਲੀ ਭਾਸ਼ਾ ਦੇ ਪੱਧਰ ਨਾਲ ਹੀ ਆਂਕਿਆ ਜਾ ਸਕਦਾ ਹੈ।

ਵਿਆਹੁਤਾ ਜੀਵਨ ਦੇ ਪੱਧਰ ਸਬੰਧੀ ਇਕ ਉਦਾਹਰਣ ਹੈ। ਇਕ ਸ਼ਹਿਰ ਵਿਚ ਇਕ ਸ਼ਾਮ ਦਸ ਕੁ ਦੋਸਤ ਇਕ ਪਾਰਟੀ 'ਤੇ ਇਕੱਠੇ ਹੋਏ। ਦੇਰ ਰਾਤ ਪਈ ਸਭ ਆਪੋ ਆਪਣੇ ਘਰਾਂ ਨੂੰ ਚੱਲਣ ਲੱਗੇ। ਸਭ ਨੂੰ ਇਸ ਗੱਲ ਦਾ ਪਤਾ ਸੀ ਕਿ ਉਹਨਾਂ ਦੇ ਘਰਾਂ ਦੇ ਗੇਟ ਖੁੱਲ੍ਹੇ ਹੋਣਗੇ। ਫਿਰ ਵੀ ਸਾਰਿਆਂ ਨੇ ਆਪੋ-ਆਪਣੇ ਘਰੀਂ ਆਪਣੀਆਂ ਪਤਨੀਆਂ ਨੂੰ ਇਕੋ ਜਿਹਾ ਮੈਸੇਜ ਦਿੱਤਾ:



Originals with:
Jaswant Singh Zafar
Digitized by:
Panjab Digital Library

"ਹੁਣ ਚੱਲਣ ਲੱਗਿਆ ਹਾਂ। ਬਾਹਰਲਾ ਗੇਟ ਖੁੱਲ੍ਹਾ ਈ ਹੈ?"

ਇਕ ਦੀ ਪਤਨੀ ਨੇ ਇਹ ਪੜ੍ਹ ਤਾਂ ਲਿਆ ਪਰ ਇਸ ਦਾ ਕੋਈ ਜੁਆਬ ਨਹੀਂ ਦਿੱਤਾ।

ਦੂਸਰੇ ਨੂੰ ਜੁਆਬ ਮਿਲਿਆ, "ਸ਼ਾਇਦ"

ਤੀਸਰੀ ਨੇ ਪੜ੍ਹਿਆ, "ਆਹੋ, ਤੁਹਾਨੂੰ ਪਤਾ ਤਾਂ ਹੈ"

ਚੌਥੇ ਨੂੰ, "ਹਾਂ ਜੀ"

ਪੰਜਵੇਂ ਨੂੰ ਜੁਆਬ ਮਿਲਿਆ, "ਵੈਲਕਮ ਡੀਅਰ"

ਛੇਵੇਂ ਦੇ ਹਿੱਸੇ ਆਇਆ, "ਗੇਟ? ਡਾਰਲਿੰਗ ਏਨੇ ਲੇਟ?"

ਸੱਤਵੇਂ ਦੀ ਪਤਨੀ ਨੇ ਕਿਹਾ, "ਜਾਨ, ਗੇਟ ਵੀ ਖੁੱਲ੍ਹਾ ਤੇ ਬਾਹਵਾਂ ਵੀ।"

ਇਸ ਤਰ੍ਹਾਂ ਹੋਰਾਂ ਨੂੰ ਵੀ ਵੱਖਰੇ-ਵੱਖਰੇ ਜੁਆਬ ਮਿਲੇ। ਇਹਨਾਂ ਵੱਖ-ਵੱਖ ਜੁਆਬਾਂ ਤੋਂ ਸਾਰਿਆਂ ਦੇ ਵਿਆਹੁਤਾ ਜੀਵਨ ਦੇ ਪੱਧਰ ਦਾ ਚਾਰਟ ਜਾਂ ਗਰਾਫ ਤਿਆਰ ਹੋ ਸਕਦਾ ਹੈ। ਇਹ ਜੁਆਬ ਵੱਖ-ਵੱਖ ਅਨੁਭਵਾਂ ਅਤੇ ਸੁਭਾਵਾਂ ਕਰਕੇ ਵੱਖ-ਵੱਖ ਹੋਣਗੇ ਜਾਂ ਕਹਿ ਲਓ ਕਿ ਚੰਗੇ ਮਾੜੇ ਹਰ ਜੁਆਬ ਦੀ ਆਪੋ-ਆਪਣੀ ਜਸਟੀਫਿਕੇਸ਼ਨ ਹੋਵੇਗੀ। ਪਰ ਮਹੱਤਵਪੂਰਨ ਅਤੇ ਦਿਲਚਸਪ ਇਹ ਹੈ ਕਿ ਇਹ ਵੱਖਰੇ-ਵੱਖਰੇ ਜੁਆਬ ਇਹਨਾਂ ਜੋੜਿਆਂ ਲਈ ਆਉਣ ਵਾਲੇ ਵਕਤ ਵਿਚ ਵੱਖਰੀ-ਵੱਖਰੀ ਤਰ੍ਹਾਂ ਦੇ ਪਲਾਂ, ਘੰਟਿਆਂ, ਦਿਨਾਂ, ਮਹੀਨਿਆਂ ਅਤੇ ਸਾਲਾਂ ਦੇ ਨਿਰਮਾਣਕਾਰ ਹਨ।

ਬੀਤੇ ਦੇ ਅਸਰ ਤੋਂ ਰਹਿਤ ਵਧੀਆ ਭਵਿੱਖ ਦਾ ਨਿਰਮਾਣ ਸਹੀ ਭਾਸ਼ਾ ਚੋਣ ਨਾਲ ਹੀ ਕੀਤਾ ਜਾ ਸਕਦਾ ਹੈ।



Original with: Jaswant Singh Zafar
Panjab Digital Library

## ਦੀਰਘ ਰੋਗ ਦਾ ਇਲਾਜ

ਸਾਡੇ ਮਨ ਵਿਚ ਹਮੇਸ਼ਾ ਕੋਈ ਉਧੇੜ-ਬੁਣ ਜਾਂ ਢਾਹ-ਭੰਨ ਚੱਲਦੀ ਹੀ ਰਹਿੰਦੀ ਹੈ। ਜਿਉਂਦੇ ਬੰਦੇ ਦੇ ਸੁੱਤੇ ਪਏ ਮਨ ਦੇ ਅਚੇਤ ਭਾਗ ਵਿਚ ਵੀ ਕੁਛ ਨਾ ਕੁਛ ਸੋਚ ਵਿਚਾਰ ਚੱਲਦੀ ਹੀ ਰਹਿੰਦੀ ਹੈ। ਕੁਝ ਚੰਗਾ ਜਾਂ ਮੰਦਾ ਕਰਨ ਬਾਰੇ, ਕੁਝ ਹਾਸਲ ਕਰਨ ਬਾਰੇ, ਕਿਸੇ ਦਾ ਨੁਕਸਾਨ ਕਰਨ ਬਾਰੇ, ਕਿਸੇ ਨਾਲ ਸਬੰਧ ਜੋੜਨ ਬਾਰੇ, ਕਿਤੇ ਜਾਣ ਬਾਰੇ, ਕੁਝ ਨਵਾਂ ਜਾਨਣ ਬਾਰੇ, ਕਿਸੇ ਨੂੰ ਕੁਝ ਕਹਿਣ ਬਾਰੇ, ਕੋਈ ਯੋਜਨਾ, ਕੋਈ ਸਕੀਮ, ਕੋਈ ਸਾਜ਼ਿਸ਼, ਕੋਈ ਵਿਚਾਰ, ਕੋਈ ਟਿੱਪਣੀ ਆਦਿ ਸਾਡੇ ਅੰਦਰ ਬੇਰੋਕ ਚਲਦੀ ਰਹਿੰਦੀ ਹੈ। ਜੇ ਇਹ ਟਿਕ ਟਿਕਾਅ ਵਿਚ ਚੱਲੇ ਤਾਂ ਠੀਕ ਹੈ ਪਰ ਜੇ ਅੰਦਰ ਸੋਚਾਂ ਦੀ ਘੜਮੱਸ ਬਹੁਤ ਵਧ ਜਾਵੇ ਤਾਂ ਸਾਡੇ ਅੰਦਰਲੇ ਹਾਰਡ ਵੇਅਰ ਨੂੰ ਇਸ ਦੀ ਝਾਲ ਝੱਲਣੀ ਔਖੀ ਹੋ ਜਾਂਦੀ ਹੈ। ਪ੍ਰੋਸੈਸਰ ਠੀਕ ਕੰਮ ਨਹੀਂ ਕਰਦਾ। ਸਾਡੇ ਕਰਨ ਨਾਲੋਂ ਜੇ ਸਾਡਾ ਸੋਚਣਾ ਵਧ ਜਾਵੇ ਤਾਂ ਅਸੀਂ ਚਿੜਚਿੜੇ ਹੋ ਜਾਂਦੇ ਹਾਂ। ਸੋਚਾਂ ਦੇ ਢੇਰ ਲਾਉਣ ਨਾਲੋਂ ਬਿਹਤਰ ਹੈ ਕਿ ਕੁਝ ਕਰਨ ਦਾ ਨਿਸਚਾ ਕੀਤਾ ਜਾਵੇ ਅਤੇ ਉਸ ਨੂੰ ਕਰਮ ਵਿਚ ਲਿਆ ਕੇ ਸਿਰੇ ਲਾਇਆ ਭਾਵ ਜਿੱਤ ਤੱਕ ਅਪੜਿਆ ਜਾਵੇ। ਇਸ ਨੂੰ ਕਰਮ ਯੋਗ ਕਿਹਾ ਗਿਆ ਹੈ।

ਸਾਡੇ ਅੰਦਰ ਚਲਦੀ ਮਨ ਬਚਨੀ ਦੇ ਹਰੇਕ ਫਿਕਰੇ ਵਿਚ ਜੇਕਰ ਮੈਂ, ਮੇਰਾ, ਮੈਨੂੰ ਸ਼ਬਦ ਆ ਜਾਣ ਤਾਂ ਸਮਝੋ ਡਿਪਰੈਸ਼ਨ ਨਾਂ ਦੀ ਬਿਮਾਰੀ ਵੱਟ ’ਤੇ ਪਈ ਹੈ। ਇਸ਼ਕ ਉਹਨਾਂ ਲਈ ਸੱਚੀਂ ਪੱਲੇ ਕੱਖ ਨਾ ਛੱਡਣ ਵਾਲਾ ਰੋਗ ਬਣ ਜਾਂਦਾ ਜਿਹਨਾਂ ਅੰਦਰ ਇਸ ਦੇ ਨਤੀਜੇ ਵਜੋਂ ਹਮੇਸ਼ਾਂ ਇਸ ਤਰ੍ਹਾਂ ਦੇ ਵਾਕ ਅੰਸ਼ ਡੇਰਾ ਲਾ ਲੈਂਦੇ ਹਨ: ਮੈਂ ਚਾਹੁੰਨਾਂ, ਮੇਰੇ ਸੁਪਨੇ, ਮੇਰੀ ਜ਼ਿੰਦਗੀ, ਮੇਰੀ ਇੱਛਾ, ਮੇਰਾ ਪਿਆਰ, ਮੇਰੀ ਖੁਸ਼ੀ, ਮੇਰੇ ਵਿਚਾਰ, ਮੇਰਾ ਨੁਕਸਾਨ, ਮੈਂ ਕੀਤਾ, ਮੈਂ ਦਿੱਤਾ, ਮੈਨੂੰ ਚੰਗਾ ਲਗਦਾ, ਮੇਰੀ ਕੁਰਬਾਨੀ, ਮੇਰਾ ਦਿਲ, ਮੈਂ ਸੋਚਦਾਂ ਆਦਿ ਆਦਿ। ਜ਼ੁਬਾਨ ਨਾਲ ਬਹੁਤਾ “ਮੈਂ, ਮੈਨੂੰ, ਮੇਰਾ” ਆਦਿ ਕਰਨ ਵਾਲਾ ਬਾਹਰੋਂ ਟੁੱਟ ਜਾਂਦਾ, ਉਸ ਨਾਲ ਜੁੜਨਾ ਕੋਈ ਪਸੰਦ ਨਹੀਂ ਕਰਦਾ। ਪਿਆਰ ਕਰਨਾ ਤਾਂ ਦੂਰ ਦੀ ਗੱਲ ਉਸ ਨਾਲ



Original work: Jaswant Singh Zafar
Digitized by: Panjab Digital Library

ਕੋਈ ਬੈਠਣਾ ਉੱਠਣਾ ਵੀ ਪਸੰਦ ਨਹੀਂ ਕਰਦਾ। ਇਸ਼ਕ ਓਹੀ ਅਤੇ ਓਦੋਂ ਤੱਕ ਆਨੰਦਮਈ ਹੈ ਜਿਥੇ ਅੰਦਰ ਬਾਹਰ "ਉਹ ਜਾਂ ਤੂੰ" ਦੀ ਧੁੰਨ ਹੋਵੇ। ਅਧਿਆਤਮ ਦੀ ਸ਼ਬਦਾਵਲੀ ਵਿਚ "ਮੈਂ ਮੈਂ" ਦੀ ਧੁੰਨ ਨੂੰ ਹਊਮੈ ਅਤੇ "ਤੂੰ" ਜਾਂ "ਉਹ" ਦੀ ਧੁੰਨ ਨੂੰ ਨਾਮੁ ਕਿਹਾ ਗਿਆ ਹੈ। ਇਹ ਪ੍ਰੇਮ ਭਗਤੀ ਜਾਂ ਭਗਤੀ ਯੋਗ ਹੈ।

ਮਨ ਅੰਦਰ ਚਲਦੀ "ਮੈਂ ਮੈਂ" ਜ਼ੁਬਾਨ ਨਾਲ ਬੋਲੀ ਜਾਂਦੀ "ਮੈਂ ਮੈਂ" ਤੋਂ ਕਿਤੇ ਵੱਧ ਖਤਰਨਾਕ ਹੈ। ਬੰਦਾ ਅੰਦਰੋਂ ਬਾਹਰੋਂ ਦੋਵੇਂ ਤਰ੍ਹਾਂ ਟੁੱਟ ਜਾਂਦਾ ਹੈ। ਅੰਦਰ ਚਲਦੀ ਮੈਂ ਮੈਂ ਬੰਦੇ ਨੂੰ ਚੰਗਾ ਸੋਚਣ, ਸਮਝਣ, ਦੇਖਣ, ਕਰਨ ਤੋਂ ਵਾਂਝਾ ਕਰ ਦਿੰਦੀ ਹੈ। ਅੰਦਰ ਚਲਦੀ ਮੈਂ ਮੈਂ ਨੂੰ ਇਕ ਤਾਂ ਕੋਈ ਰੋਕਣ ਟੋਕਣ ਵਾਲਾ ਨਹੀਂ ਹੁੰਦਾ, ਇਹ ਅੱਗੇ ਤੋਂ ਅੱਗੇ ਵਧਦੀ ਤੁਰੀ ਜਾਂਦੀ ਹੈ। ਦੂਸਰਾ, ਸਿਆਣੇ ਤੋਂ ਸਿਆਣੇ ਬੰਦੇ ਨੂੰ ਆਪ ਚਮੇੜੇ ਇਸ ਰੋਗ ਦੀ ਛੇਤੀ ਕੀਤੇ ਭਿਣਖ ਵੀ ਨਹੀਂ ਪੈਂਦੀ। ਮਨ ਨੂੰ ਲਗਾਤਾਰ ਬੋਲੀ ਜਾਣ ਤੋਂ ਚੁੱਪ ਤਾਂ ਕੋਈ ਕਰਾ ਨਹੀਂ ਸਕਦਾ। ਇਸ ਨੂੰ ਮੈਂ ਮੈਂ ਤੋਂ ਹਟਾ ਕੇ ਦੂਜੇ ਪਾਸੇ ਲਾਇਆ ਜਾ ਸਕਦਾ ਹੈ। ਇਸ ਦੀ ਰਫਤਾਰ ਧੀਮੀ ਕੀਤੀ ਜਾ ਸਕਦੀ ਹੈ। ਕਿਸੇ ਸ਼ਬਦ, ਕਿਸੇ ਬਿੰਦੂ, ਕਿਸੇ ਗਤੀਵਿਧੀ ਤੇ ਕੇਂਦਰਤ ਕਰ ਕੇ ਅਜਿਹਾ ਕੀਤਾ ਜਾ ਸਕਦਾ ਹੈ। ਇਹ ਧਿਆਨਯੋਗ ਹੈ।

ਗੁਰੂ ਜਨਾ ਨੇ ਮਨ ਵੱਸ ਕਰਨ ਨੂੰ ਪੂਰਨ ਕ੍ਰਿਪਾ ਦੀ ਸਥਿਤੀ ਕਿਹਾ ਹੈ।



# ਡਿੱਗੀ ਖੋਤੀ 'ਤੋਂ, ......

ਕੋਈ ਵਿਅਕਤੀ ਕਿਸੇ ਵੀ ਉਮਰ ਵਿਚ ਇਛਾਵਾਂ ਤੋਂ ਰਹਿਤ ਨਹੀਂ ਹੋ ਸਕਦਾ। ਕਿਸੇ ਦੀਆਂ ਸਾਰੀਆਂ ਇਛਾਵਾਂ ਕਦੀ ਪੂਰੀਆਂ ਵੀ ਨਹੀਂ ਹੋ ਸਕਦੀਆਂ। ਮਨੋ ਵਿਸ਼ਲੇਸ਼ਕਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਸਾਡੇ ਅਰਧ ਚੇਤਨ ਮਨ ਜਾਂ ਅਚੇਤ ਮਨ ਵਿਚ ਪਈਆਂ ਅਧੂਰੀਆਂ ਖਾਹਿਸ਼ਾਂ ਹੀ ਸਾਡੇ ਗੁੱਸੇ ਦਾ ਕਾਰਨ ਬਣਦੀਆਂ ਹਨ। ਜਦ ਅਸੀਂ ਕਿਸੇ ਬੰਦੇ ਨਾਲ ਕਿਸੇ ਗੱਲੋਂ ਗੁੱਸੇ ਹੁੰਦੇ ਹਾਂ ਤਾਂ ਅਸਲ ਵਿਚ ਉਹ ਬੰਦਾ ਜਾਂ ਗੱਲ ਸਾਡੇ ਗੁੱਸੇ ਦਾ ਕਾਰਨ ਨਹੀਂ ਹੁੰਦੀ, ਕਾਰਨ ਤਾਂ ਅਚੇਤ ਮਨ ਵਿਚ ਪਈਆਂ ਅਪੂਰਤ ਖਾਹਿਸ਼ਾਂ ਜਾਂ ਇਛਾਵਾਂ ਹੁੰਦੀਆਂ ਹਨ। ਅਚੇਤ ਮਨ ਵਿਚਲੀ ਲੁਪਤ ਨਿਰਾਸ਼ਾ ਗੁੱਸੇ ਜਾਂ ਕਰੋਧ ਦਾ ਪ੍ਰਗਟ ਰੂਪ ਧਾਰਨ ਲਈ ਬਹਾਨੇ ਲੱਭਦੀ ਰਹਿੰਦੀ ਹੈ। ਜਿਹਨਾਂ ਦੀ ਉਮਰ ਵਧਣ ਨਾਲ ਅਪੂਰਤ ਖਾਹਿਸ਼ਾਂ ਦੀ ਸੂਚੀ ਲੰਮੀ ਹੁੰਦੀ ਰਹਿੰਦੀ ਹੈ ਉਹ ਬੁਢਾਪੇ ਵਿਚ ਜ਼ਿਆਦਾ ਖਿਝਦੇ ਖਪਦੇ ਹਨ।

ਗੁੱਸੇ ਜਾਂ ਕਰੋਧ ਦੇ ਪ੍ਰਗਟਾਵੇ ਨਾਲ ਅਸੀਂ ਆਪਣੇ ਘਰ ਪਰਿਵਾਰ ਅਤੇ ਆਲੇ ਦੁਆਲੇ ਦਾ ਮਹੌਲ ਖਰਾਬ ਕਰ ਲੈਂਦੇ ਹਾਂ, ਆਪਣੇ ਰਿਸ਼ਤਿਆਂ ਤੇ ਸਬੰਧਾਂ 'ਤੇ ਬੁਰਾ ਅਸਰ ਪਾ ਲੈਂਦੇ ਹਾਂ। ਇਸ ਨੂੰ ਅੰਦਰ ਦਬਾਅ ਲੈਣਾ ਵੀ ਗੁੱਸੇ ਦਾ ਕੋਈ ਇਲਾਜ ਨਹੀਂ। ਗੁੱਸੇ ਨੂੰ ਅੰਦਰ ਦਬਾਅ ਕੇ ਅਸੀਂ ਆਪਣੇ ਤਨ ਮਨ ਅੰਦਰਲੇ ਮਹੌਲ ਨੂੰ ਤਬਾਹ ਕਰ ਲੈਂਦੇ ਹਾਂ, ਆਪਣੇ ਅੰਦਰੂਨੀ ਪ੍ਰਬੰਧ ਨੂੰ ਤਹਿਸ ਨਹਿਸ ਕਰ ਲੈਂਦੇ ਹਾਂ। ਸਾਡੀ ਪਾਚਨ ਪ੍ਰਣਾਲੀ, ਦਿਲ ਅਤੇ ਦਿਮਾਗ 'ਤੇ ਮਾਰੂ ਅਸਰ ਪੈਂਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੇ ਗੁੱਸੇ ਦਾ ਇਜ਼ਹਾਰ ਅਤੇ ਗੁੱਸੇ ਨੂੰ ਅੰਦਰ ਦਬਾਉਣਾ ਦੋਵੇਂ ਠੀਕ ਨਹੀਂ ਤਾਂ ਇਸ ਦਾ ਇਲਾਜ ਕਿਵੇਂ ਕੀਤਾ ਜਾਵੇ? ਸਭ ਤੋਂ ਪਹਿਲਾਂ ਤਾਂ ਗੁੱਸਾ ਆਉਣ ਬਾਰੇ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਮੇਰੇ ਗੁੱਸੇ ਦਾ ਮੂਲ ਕਾਰਨ ਕੁਝ ਹੋਰ ਨਹੀਂ ਸਗੋਂ ਮੇਰੀਆਂ ਅਪੂਰਨ ਖਾਹਿਸ਼ਾਂ ਹਨ। ਇਸ ਹਕੀਕਤ ਨੂੰ ਆਪਣੇ ਚਿੱਤ ਵਿਚ ਬਿਠਾਉਣ



Original with
Digitized by Panjab Digital Library

ਲਈ ਯੋਗ-ਧਿਆਨ ਅਭਿਆਸ ਸਹਾਇਤਾ ਕਰ ਸਕਦਾ ਹੈ। ਦੂਸਰਾ, ਇਸ ਸਚਾਈ ਨੂੰ ਦਿਲੋਂ ਮੰਨਿਆਂ ਜਾਵੇ ਕਿ ਆਪਣੀਆਂ ਇਛਾਵਾਂ ਦੀ ਪੂਰਤੀ ਲਈ ਉਹਨਾਂ ਦੇ ਹਾਣ ਮੇਲ ਦਾ ਯਤਨ ਅਤੇ ਮਿਹਨਤ ਬੰਦੇ ਨੇ ਖ਼ੁਦ ਹੀ ਕਰਨੀ ਹੁੰਦੀ ਹੈ, (ਨਿਸਚੇ ਕਰ ਅਪਨੀ ਜੀਤ ਕਰੋਂ)। ਭਾਵ ਆਪਣੀਆਂ ਅਧੂਰੀਆਂ ਇਛਾਵਾਂ ਦੀ ਪੂਰਤੀ ਨਾ ਹੋਣ 'ਤੇ ਉਸ ਲਈ ਹੋਰ ਲੋਕਾਂ ਜਾਂ ਹਾਲਤਾਂ ਨੂੰ ਜਿੰਮੇਵਾਰ ਠਹਿਰਾਉਣ ਵਾਲਾ ਸੌਖਾ ਢੰਗ ਅਖ਼ਤਿਆਰ ਨਾ ਕੀਤਾ ਜਾਵੇ। ਤੀਸਰਾ, ਜੋ ਕੁਝ ਸਾਨੂੰ ਹਾਸਲ ਹੈ ਉਸ ਲਈ ਮਨ ਵਿਚ ਸ਼ੁਕਰਾਨਾ ਭਾਵ ਰੱਖਣਾ ਚਾਹੀਦਾ ਹੈ। ਸਬਰ ਸੰਤੋਖ ਦੀ ਚਾਹਤ ਵਾਲੀ ਪ੍ਰਾਰਥਨਾ ਬਹੁਤ ਲਾਭਕਾਰੀ ਹੋ ਸਕਦੀ ਹੈ। ਸੰਤੋਖੀ ਬੰਦੇ ਗੁੱਸੇਖ਼ੋਰ ਨਹੀਂ ਹੁੰਦੇ।

ਸਮੇਂ ਦੇ ਨਾਲ ਸਾਡੇ ਭਾਈਚਾਰੇ ਦੀਆਂ ਖਾਹਿਸ਼ਾਂ ਜਿਸ ਤੇਜ਼ੀ ਨਾਲ ਵਧੀਆਂ ਹਨ ਉਹਨਾਂ ਦੀ ਪੂਰਤੀ ਲਈ ਉਸ ਅਨੁਪਾਤ ਵਿਚ ਲੋੜੀਂਦੇ ਵਸੀਲਿਆਂ, ਮਹੌਲ ਅਤੇ ਉਦਮ ਦੀ ਗੈਰਹਾਜ਼ਰੀ ਇਸ ਨੂੰ ਬਹੁਤ ਗੁੱਸੇਖ਼ੋਰਾ ਬਣਾ ਰਹੀ ਹੈ। ਪੰਜਾਬੀ ਨੌਜਵਾਨਾਂ ਵਿਚ ਗੁੱਸੇ, ਕ੍ਰੋਧ ਅਤੇ ਮਾਰਾ-ਮਾਰੀ ਨਾਲ ਭਰੇ ਗੀਤਾਂ ਦਾ ਹੱਦੋਂ ਵੱਧ ਪਾਪੂਲਰ ਹੋਣਾ ਇਸੇ ਗੱਲ ਦਾ ਸੂਚਕ ਹੈ।

ਸੋਸ਼ਲ ਮੀਡੀਆ 'ਤੇ ਗਾਲੀ ਗਲੋਚ ਜਾਂ ਮੰਦ ਭਾਸ਼ਾ ਰਾਹੀਂ ਗੁੱਸੇ ਦਾ ਪ੍ਰਗਟਾਵਾ ਮੁੱਖ ਤੌਰ ਤੇ ਓਹੀ ਸੱਜਣ ਕਰਦੇ ਹਨ ਜਿਹਨਾਂ ਨੇ ਆਪਣੇ ਜੀਵਨ ਵਿਚ ਕੁਝ ਖਾਸ ਹਾਸਲ ਨਹੀਂ ਕੀਤਾ, ਕੋਈ ਮੁਕਾਮ ਨਹੀਂ ਬਣਾ ਸਕੇ। ਇਹਨਾਂ ਨੂੰ ਹਮਦਰਦੀ ਦੇ ਪਾਤਰ ਸਮਝਿਆ ਜਾਣਾ ਚਾਹੀਦਾ ਹੈ। ਗੁਰਬਾਣੀ ਵਿਚ ਭਲਿਆਂ ਨੂੰ ਕਿਹਾ ਗਿਆ ਹੈ ਕਿ ਉਹ ਬੁਰਿਆਂ ਦੀ ਪੀੜ ਪਛਾਨਣ।





Original with;
Jaswant Singh Z
Digitized by;

# ਸੰਕਟ ਕਰੇ ਅਸਲ ਨੂੰ ਪ੍ਰਗਟ

ਗੁਣ ਅਤੇ ਔਗੁਣ ਸਾਰਿਆਂ ਵਿਚ ਹੁੰਦੇ ਹਨ, ਇਹਨਾਂ ਦਾ ਅਨੁਪਾਤ ਵੱਖਰਾ ਵੱਖਰਾ ਹੋ ਸਕਦਾ। ਆਮ ਹਾਲਤਾਂ ਜਾਂ ਆਮ ਦਿਨਾਂ ਵਿਚ ਸਾਰੇ ਥੋੜ੍ਹੇ ਬਹੁਤੇ ਫ਼ਰਕ ਨਾਲ ਇਕੋ ਜਿਹੇ ਲੱਗਦੇ ਹਨ। ਪਰ ਸੰਕਟ ਦੇ ਸਮੇਂ ਸਭ ਦੇ ਸੁਭਾਅ ਅਤੇ ਚਰਿੱਤਰ ਦੀ ਵਿਭਿੰਨਤਾ ਬੜੇ ਉਘੜਵੇਂ ਰੂਪ ਵਿਚ ਨਸ਼ਰ ਹੁੰਦੀ ਹੈ। ਆਮ ਦਿਨਾਂ ਵਿਚ ਅਸੀਂ ਆਪਣੇ ਸੁਭਾਅ ਜਾਂ ਵਿਅਕਤੀਤਵ ’ਤੇ ਜਿਹੜਾ ਗਿਲਾਫ਼ ਚਾੜ੍ਹੀ ਰੱਖਦੇ ਹਾਂ ਦੁੱਖ ਜਾਂ ਸੰਕਟ ਵੇਲੇ ਉਹ ਉਤਰ ਜਾਂਦਾ ਹੈ। ਉਦਾਹਰਣ ਦੇ ਤੌਰ ’ਤੇ, ਤੁਸੀਂ ਕਿੰਨੇ ਕੁ ‘ਮਿੱਠਬੋਲੜੇ ਗੁਰਮੁਖ ਪਿਆਰੇ’ ਹੋ ਇਹ ਤਾਂ ਓਦੋਂ ਪਤਾ ਲੱਗਦਾ ਹੈ ਜਦੋਂ ਸੜਕ ’ਤੇ ਕਿਸੇ ਦੀ ਕਾਰ ਜਾਣੇ-ਅਣਜਾਣੇ ਵਿਚ ਤੁਹਾਡੀ ਕਾਰ ਨਾਲ ਛੂਹ ਜਾਂਦੀ ਹੈ। ਅਕਸਰ ਬਹਾਦਰ ਹੋਣ ਦੀ ਫੀਲਿੰਗ ਲੈਣ ਜਾਂ ਪ੍ਰਭਾਵ ਦੇਣ ਵਾਲੇ ਬੰਦੇ ਦੁੱਖ ਸਿਰ ਪੈਣ ਤੇ “ਮਰ ਗਏ ਮਰ ਗਏ” ਜਾਂ “ਲੁੱਟੇ ਗਏ” ਕਰਦੇ ਦੇਖੇ ਜਾ ਸਕਦੇ ਹੈ। ਇਸ ਤੋਂ ਉਲਟ ਸੰਕਟ ’ਚੋਂ ਲੰਘਣ ਨਾਲ ਸਧਾਰਨ ਲੱਗਦੇ ਬੰਦੇ ਦੇ ਅਸਧਾਰਨ ਗੁਣ ਉਘੜਵੇਂ ਰੂਪ ਵਿਚ ਪ੍ਰਗਟ ਹੁੰਦੇ ਹਨ। ਸੰਕਟ ਵੇਲੇ ਚਰਿੱਤਰ ਉਘੜਨ ਵਾਲੀ ਗੱਲ ਬੰਦਿਆਂ ਦੇ ਨਾਲ ਨਾਲ ਭਾਈਚਾਰਿਆਂ, ਅਦਾਰਿਆਂ, ਕੌਮਾਂ ਜਾਂ ਸਰਕਾਰਾਂ ’ਤੇ ਵੀ ਬਰਾਬਰ ਲਾਗੂ ਹੁੰਦੀ ਹੈ। ਭਾਵ ਵਿਅਕਤੀਗਤ ਸੰਕਟ ਵਾਂਗ ਅਜਿਹਾ ਸਮੂਹਿਕ ਸੰਕਟ ਵੇਲੇ ਵੀ ਹੁੰਦਾ ਹੈ।

ਕੋਵਿਡ ਸੰਕਟ ਦੀ ਆਮਦ ਨਾਲ ਬਹੁਤੇ ਲੋਕਾਂ ਨੂੰ ਆਪਣੇ ਜਮ੍ਹਾਂਖੋਰੀ, ਮੁਨਾਫ਼ਾਖੋਰੀ, ਖੁਦਗਰਜ਼ੀ ਆਦਿ ਵਾਲੇ ਸੁਭਾਅ ਦਾ ਪ੍ਰਦਰਸ਼ਨ ਕਰਨ ਦਾ ਖੁੱਲ੍ਹਾ ਮੌਕਾ ਮਿਲਿਆ। ਪਰਉਪਕਾਰੀਆਂ ਦੇ ਪਰਉਪਕਾਰ ਵੀ ਭਰਵੇਂ ਰੂਪ ਵਿਚ ਸਾਹਮਣੇ ਆਏ। ਕਿਹੜੀ ਸਰਕਾਰ ਜਾਂ ਪਾਰਟੀ ਨੂੰ ਆਪਣਾ ਜਾਂ ਆਪਣੇ ਲੋਕਾਂ ਦਾ ਕਿੰਨਾ ਕੁ ਫਿਕਰ ਹੈ ਸਭ ਸਾਹਮਣੇ ਆ ਗਿਆ, ਕੋਈ ਓਹਲਾ ਪਰਦਾ ਨਹੀਂ ਰਿਹਾ। ਇਸ ਸਮੇਂ ਦੌਰਾਨ ਭਾਰਤ ਵਿਚ ਵੱਧ ਦਰਜ ਹੋਏ ਘਰੇਲੂ ਹਿੰਸਾ ਦੇ ਕੇਸਾਂ ਅਤੇ ਸਾਧਨਹੀਣ ਮਜ਼ਦੂਰਾਂ ਦੀ ਹਜ਼ਾਰਾਂ ਮੀਲਾਂ ਦੀ ਪੈਦਲ ਹਿਜਰਤ ਨੇ ਸਾਡੇ ਦੇਸ਼ ਦੇ ਲਿੰਗ-ਪਾੜੇ ਅਤੇ ਵਰਗ-ਪਾੜੇ ਨੂੰ ਨਸ਼ਰ ਕੀਤਾ। ਪੰਜਾਬ ਵਿਚ ਪੰਜਾਬੀ ਐਨ. ਆਰ. ਆਈਜ਼ ਵਲੋਂ ਅਤੇ ਫਿਰ ਭਾਰਤ ਵਿਚ ਬਾਹਰੋਂ ਆਏ ਮੁਸਲਮਾਨਾਂ ਵਲੋਂ ਕਰੋਨਾ ਲੈ ਕੇ ਆਉਣ ਦੀ ਗੱਲ ਫੈਲਾ ਕੇ ਗੋਦੀ ਮੀਡੀਆ ਨੇ ਆਪਣੇ ਬਾਰੇ ਇਹ ਨਸ਼ਰ ਕੀਤਾ ਕਿ ਉਹ ਕਿੰਨਾ ਫਿਰਕੂ ਅਤੇ ਜ਼ਹਿਰੀਲਾ ਹੈ।

ਅਸੀਂ ਕੋਈ ਆਮ ਆਦਮੀ ਹੋਈਏ ਜਾਂ ਖਾਸ, ਕੋਈ ਅਦਾਰਾ ਹੋਈਏ ਜਾਂ ਭਾਈਚਾਰਾ, ਕੋਈ ਸੰਪ੍ਰਦਾ ਹੋਈਏ ਜਾਂ ਕੌਮ, ਅਸਲ ਵਿਚ ਅਸੀਂ ਉਹ ਹਾਂ ਜੋ ਅਸੀਂ ਕਿਸੇ ਮੁਸ਼ਕਲ, ਦੁੱਖ ਜਾਂ ਸੰਕਟ ਵੇਲੇ ਹੁੰਦੇ ਹਾਂ।

*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by:*
Panjab Digital Library

# ਸਕੂਟਰ ਦੀ ਚਾਬੀ

ਕਿਸੇ ਨੂੰ ਸਮਝਾਉਣ, ਸਿਖਾਉਣ ਜਾਂ ਪ੍ਰੇਰਨਾ ਕਰਨ ਲਈ ਉਦਾਹਰਣ ਬਣਨਾ ਚੰਗੀ ਗੱਲ ਹੈ ਪਰ ਆਪਣੀ ਉਦਾਹਰਣ ਦੇਣਾ ਠੀਕ ਨਹੀਂ ਰਹਿੰਦਾ। ਉਦਾਹਰਣ ਹਮੇਸ਼ਾ ਆਪਣੇ ਘੇਰੇ ਤੋਂ ਬਿਲਕੁਲ ਬਾਹਰਲੇ ਜਾਂ ਆਪ ਤੋਂ ਵੱਡੇ ਬੰਦੇ ਦੀ ਦਿਓ। ਆਪਣੀ ਉਦਾਹਰਣ ਦੇਣ ਨਾਲ ਉਲਟ ਅਸਰ ਹੀ ਹੁੰਦਾ ਹੈ। ਸਾਹਮਣੇ ਵਾਲਾ ਤੁਹਾਡਾ ਕਿੰਨਾ ਵੀ ਕਰੀਬੀ ਹੋਵੇ ਪ੍ਰੇਰਨਾ ਜਾਂ ਸੇਧ ਲੈਣ ਦੀ ਬਜਾਏ ਤੁਰੰਤ ਤੁਹਾਡੇ ਨੁਕਸ ਜਾਂ ਖਾਮੀਆਂ ਲੱਭਣ ਲਈ ਰੁਚਿਤ ਹੋ ਜਾਂਦਾ ਹੈ ਅਤੇ ਤੁਹਾਡੇ ਵਲੋਂ ਦਿੱਤੀ ਗਈ ਚੰਗੀ ਉਦਾਹਰਣ ਦਾ ਹਿਸਾਬ ਬਰਾਬਰ ਕਰਕੇ ਤੁਹਾਡੇ ਹੱਥ ਫੜਾਉਂਦਾ ਹੈ।

ਵਿਵੇਕ ਜਦੋਂ ਨਰਸਰੀ ਵਿਚ ਪੜ੍ਹਦਾ ਸੀ ਤਾਂ ਮੈਂ ਉਹਨੂੰ ਸਕੂਟਰ ਅੱਗੇ ਖੜ੍ਹਾ ਕਰਕੇ ਸਕੂਲ ਛੱਡਣ ਜਾਂਦਾ ਸੀ। ਪਰ ਰੋਜ਼ ਸਵੇਰੇ ਉਹਦੀ ਕੋਈ ਨਾ ਕੋਈ ਚੀਜ਼ ਜਿਵੇਂ ਰਬੜ, ਪੈਂਸਲ, ਕਾਪੀ ਆਦਿ ਗਵਾਚੀ ਰਹਿੰਦੀ ਸੀ। ਲੱਭਦਿਆਂ ਲੇਟ ਹੋ ਜਾਣਾ। ਇਕ ਦਿਨ ਰਸਤੇ ਵਿਚ ਮੈਂ ਕਿਹਾ, "ਵਿਵੇਕ ਸਿੰਘ, ਤੂੰ ਯਾਰ ਆਪਣੀ ਹਰੇਕ ਚੀਜ਼ ਦੀ ਜਗ੍ਹਾ ਪੱਕੀ ਕਰ। ਹਰੇਕ ਚੀਜ਼ ਨੂੰ ਉਹਦੀ ਪੱਕੀ ਥਾਂ ਤੇ ਰੱਖਿਆ ਕਰ ਅਤੇ ਲੋੜ ਵੇਲੇ ਉਥੋਂ ਹੀ ਚੱਕ ਲਿਆ ਕਰ।" ਮੇਰੇ ਤੋਂ ਆਪਣੀ ਉਦਾਹਰਣ ਦੇਣੋਂ ਰਹਿ ਨਹੀਂ ਹੋਇਆ, "ਦੇਖ ਮੈਂ ਰੋਜ਼ ਸ਼ਾਮ ਨੂੰ ਸਕੂਟਰ ਇਕੋ ਥਾਂ 'ਤੇ ਖੜ੍ਹਾ ਕਰਦਾ ਹਾਂ, ਸਵੇਰ ਨੂੰ ਲੱਭਣਾ ਨਹੀਂ ਪੈਂਦਾ, ਉਥੋਂ ਝੱਟ ਪੱਟ ਚੁੱਕ ਕੇ ਚੱਲ ਪਈਦਾ ਹੈ।"

ਉਹ ਮੈਨੂੰ ਬੜੇ ਹੀ ਅਰਾਮ ਨਾਲ ਕਹਿੰਦਾ, "ਨਹੀਂ, ਸਕੂਟਰ ਦੀ ਚਾਬੀ ਤਾਂ ਤੁਸੀਂ ਕਈ ਵਾਰ ਲੱਭਦੇ ਹੁੰਨੇਂ ਓ।"

ਮੇਰੇ ਮਗਜ਼ ਅੰਦਰਲਾ ਲਾਟੂ ਜਗਿਆ। ਮੈਨੂੰ ਕਹਿਣਾ ਪਿਆ, "ਠੀਕ ਹੈ, ਮੈਂ ਵੀ ਚਾਬੀ ਰੱਖਣ ਦੀ ਪੱਕੀ ਥਾਂ ਬਣਾਉਂਦਾ ਹਾਂ।"

ਇਸ ਤੋਂ ਬਾਅਦ ਅਸੀਂ ਸਾਰੀਆਂ ਚਾਬੀਆਂ ਟੰਗਣ ਦੀ ਪੱਕੀ ਥਾਂ ਬਣਾਈ।

ਇਸ ਤੋਂ ਮੈਂ ਹੋਰ ਵੀ ਗੱਲ ਸਿੱਖੀ ਕਿ ਜਿਹੜੀ ਸਿੱਖਿਆ ਅਸੀਂ ਦੂਸਰਿਆਂ ਨੂੰ ਦਿੰਦੇ ਹਾਂ ਉਸ ਦੀ ਸਭ ਤੋਂ ਵੱਧ ਲੋੜ ਸਾਨੂੰ ਖੁਦ ਨੂੰ ਹੁੰਦੀ ਹੈ।

*Original with;*
Jaswant Singh Zafar
*Digitized by;*
Panjab Digital Library

# ਬੇਵਕੂਫੀ ਦੀ ਕੋਈ ਹੱਦ ਹੋਣੀ ਚਾਹੀਦੀ

ਸਾਡੇ ਜੀਵਨ ਨਾਲ ਸਬੰਧਤ ਸਭ ਤੋਂ ਅਨਮੋਲ ਚੀਜ਼ਾਂ ਸਾਨੂੰ ਮੁਫ਼ਤ ਵਿਚ ਮਿਲੀਆਂ ਹੁੰਦੀਆਂ ਹਨ। ਅਨਮੋਲ ਹੋਣ ਕਰਕੇ ਸਾਨੂੰ ਜਿੰਨੀ ਵੱਧ ਇਹਨਾਂ ਦੀ ਕਦਰ ਹੋਣੀ ਚਾਹੀਦੀ ਹੈ, ਮੁਫ਼ਤ ਵਿੱਚ ਮਿਲੀਆਂ ਹੋਣ ਕਰਕੇ ਅਸੀਂ ਇਨ੍ਹਾਂ ਦੀ ਓਨੀ ਹੀ ਬੇਕਦਰੀ ਕਰਦੇ ਹਾਂ। ਇੰਝ ਜੀਵਨ ਲਈ ਅਤਿ ਮਹੱਤਵ ਪੂਰਨ ਚੀਜ਼ਾਂ ਨੂੰ ਜਾਂ ਤਾਂ ਅਸੀਂ ਗਵਾ ਹੀ ਲੈਂਦੇ ਹਾਂ ਜਾਂ ਨਸ਼ਟ ਜਾਂ ਬਰਬਾਦ ਕਰ ਲੈਂਦੇ ਹਾਂ। ਹੋ ਸਕਦਾ ਇਹ ਦੁਨੀਆਂ ਭਰ ਦੇ ਮਨੁੱਖਾਂ ਦੀ ਫਿਤਰਤ ਹੋਵੇ। ਪਰ ਸਾਡੇ (ਪੰਜਾਬੀਆਂ) ਵਿਚ ਇਹ ਪ੍ਰਵਿਰਤੀ ਕੁਝ ਜ਼ਿਆਦਾ ਹੀ ਪ੍ਰਬਲ ਨਜ਼ਰ ਆਉਂਦੀ ਹੈ।

"ਪਹਿਲਾ ਪਾਣੀ ਜੀਉ ਹੈ", ਪਾਣੀ ਤੋਂ ਬਿਨਾ ਜੀਵਨ ਹੋ ਨਹੀਂ ਸਕਦਾ। ਹੁਣ ਤੱਕ ਦੀ ਖੋਜ ਮੁਤਾਬਿਕ ਪਾਣੀ ਸਿਰਫ਼ ਸਾਡੇ ਗ੍ਰਹਿ ਭਾਵ ਧਰਤੀ 'ਤੇ ਹੀ ਹੈ। ਲਿਹਾਜ਼ਾ ਜੀਵਨ ਵੀ ਸਿਰਫ਼ ਧਰਤੀ 'ਤੇ ਹੀ ਹੈ। ਸਾਡੀ ਹੋਂਦ ਦਾ ਆਧਾਰ ਪਾਣੀ ਹੈ। ਸਾਰੀਆਂ ਸਭਿਅਤਾਵਾਂ ਦਾ ਜਨਮ ਦਰਿਆਵਾਂ ਦੇ ਕੰਢਿਆਂ ਤੇ ਹੋਇਆ। ਪੰਜਾਬ ਦਾ ਤਾਂ ਨਾਂ ਇਸ ਦੇ ਦਰਿਆਵਾਂ ਕਰਕੇ ਹੈ। ਬਰਫਾਂ ਦੇ ਪਿਘਲਾਅ ਨਾਲ ਹਿਮਾਲਾ ਪਰਬਤ ਤੋਂ ਸਿੱਧਾ ਸ਼ੁੱਧ ਤੇ ਸਵੱਛ ਜਲ ਪੰਜਾਬ ਨੂੰ ਪ੍ਰਾਪਤ ਹੁੰਦਾ ਹੈ। ਪਰ ਲਾਪਰਵਾਹੀ ਤੇ ਬੇਕਦਰੀ ਤਹਿਤ ਅਸੀਂ ਆਪਣੇ ਦਰਿਆਵਾਂ ਨੂੰ ਜ਼ਹਿਰਾਂ ਵਰਗੇ ਜ਼ਹਿਰੀਲੇ ਤੇ ਗੰਦਗੀ ਵਰਗੇ ਗੰਦੇ ਕਰ ਲਿਆ ਹੈ। ਨਤੀਜਾ, ਧਰਤੀ ਹੇਠਲਾ ਪਾਣੀ ਵੀ ਪੀਣ ਯੋਗ ਨਹੀਂ ਰਹਿਣ ਦਿੱਤਾ।

"ਸਾਚੇ ਤੇ ਪਵਨਾ ਭਇਆ"। ਹਵਾ ਕੁਦਰਤ ਦੀ ਪਹਿਲੀ ਰਚਨਾ ਜਾਂ ਦੇਣ ਹੈ। ਸਾਡੇ ਪ੍ਰਾਣ ਹਵਾ ਕਰਕੇ ਹਨ। ਪਰ ਹਵਾ ਦੀ ਦਾਤ ਮੁਫ਼ਤ ਮਿਲੀ ਹੋਣ ਕਰਕੇ ਅਸੀਂ ਆਪਣਾ 'ਵਿਕਾਸ' ਕਰਦਿਆਂ ਹਵਾ ਨੂੰ ਸਾਹ ਲੈਣ ਜੋਗੀ ਨਹੀਂ ਰਹਿਣ ਦਿੱਤਾ।

ਦੂਸਰੀਆਂ ਬੋਲੀਆਂ ਸਾਨੂੰ ਖ਼ਰਚ ਖੇਚਲ ਕਰਕੇ ਸਿੱਖਣੀਆਂ ਪੈਂਦੀਆਂ ਹਨ, ਉਹਨਾਂ ਦੀ ਪਹਿਲਾਂ ਵਿਆਕਰਨ ਸਿੱਖਣੀ ਪੈਂਦੀ ਹੈ। ਫੀਸਾਂ ਤਾਰ ਕੇ ਪੜ੍ਹੇ ਲਿਖੇ ਬੰਦੇ ਹੀ ਦੂਸਰੀ ਬੋਲੀ ਸਿੱਖ ਸਕਦੇ ਹਨ। ਮਾਂ ਬੋਲੀ ਆਪਣੇ ਮਹੌਲ 'ਚੋਂ ਮੁਫ਼ਤੋ ਮੁਫ਼ਤੀ ਸਿੱਖ ਲਈ ਜਾਂਦੀ ਹੈ। ਦੁਨੀਆਂ ਦੇ ਤਮਾਮ ਅਨਪੜ੍ਹ ਇਥੋਂ ਤੱਕ ਕਿ ਮੰਦਬੁੱਧੀ ਵੀ ਆਪਣੀ ਮਾਂ ਬੋਲੀ ਠੀਕ ਬੋਲ ਲੈਂਦੇ ਹਨ। ਮੁਫ਼ਤ ਵਿੱਚ ਦਾਤ ਵਾਂਗ ਮਿਲੀ ਮਾਂ ਬੋਲੀ ਦੀ ਸਾਨੂੰ ਕਿੰਨੀ ਕੁ ਕਦਰ ਹੈ, ਇਹ ਆਪਾਂ ਸਾਰਿਆਂ ਨੂੰ ਪਤਾ ਹੀ ਹੈ।

ਔਲਾਦ ਦੇ ਮੁਕਾਬਲੇ ਮਾਪੇ, ਤਰੱਕੀ ਦੇ ਮੁਕਾਬਲੇ ਵਿਰਾਸਤ, ਜੋੜ-ਤੋੜ ਸਬੰਧਾਂ ਦੇ ਮੁਕਾਬਲੇ ਰੂਹਾਨੀ ਤੇ ਖ਼ੂਨ ਦੇ ਰਿਸ਼ਤੇ ਸਾਨੂੰ ਬਿਲਕੁਲ ਮੁਫ਼ਤ ਵਿੱਚ ਮਿਲਦੇ ਹਨ। ਆਪਣੇ ਬਜ਼ੁਰਗਾਂ, ਵਿਰਾਸਤ ਅਤੇ ਰਿਸ਼ਤਿਆਂ ਪ੍ਰਤੀ ਸਾਡਾ ਕੀ ਰਵੱਈਆ ਹੈ, ਦੱਸਣ ਦੀ ਲੋੜ ਨਹੀਂ, ਸਭ ਨੂੰ ਇਸਦਾ ਪਤਾ ਹੀ ਹੈ।



*Original with;*
Jaswant Singh Zafar
*Digitized by;*
Panjab Digital Library

## ਲਾਲਸਾ ਰੋਗ

ਜੇ ਮੈਂ ਅਫ਼ਸਰ ਹਾਂ, ਤੇ ਮੈਨੂੰ ਪੈਸੇ ਦੀ ਲਾਲਸਾ ਹੈ,

ਜੇ ਮੈਂ ਸਮਾਜ ਸੇਵੀ ਜਾਂ ਸਮਾਜ ਸੁਧਾਰਕ ਹਾਂ ਤੇ ਮੈਨੂੰ ਪੈਸੇ ਅਤੇ ਪ੍ਰਸਿੱਧੀ ਦੀ ਲਾਲਸਾ ਹੈ,

ਅਤੇ ਜੇ ਮੈਂ ਲੋਕਾਂ ਦਾ ਨੇਤਾ ਹਾਂ ਤੇ ਮੈਨੂੰ ਪੈਸੇ ਪ੍ਰਸਿੱਧੀ ਅਤੇ ਪਾਵਰ ਦੀ ਲਾਲਸਾ ਹੈ,

ਤਾਂ ਸਮਾਜ ਦੇਸ਼ ਅਤੇ ਲੋਕਾਂ ਨੂੰ ਮੇਰਾ ਫਾਇਦਾ ਘੱਟ ਤੇ ਨੁਕਸਾਨ ਜ਼ਿਆਦਾ ਹੈ। ਮੇਰੇ ਹੋਣ ਨਾਲੋਂ ਮੇਰਾ ਨਾ ਹੋਣਾ ਚੰਗਾ ਹੋਣਾ ਸੀ। ਲੋੜਾਂ ਵਧ ਕੇ ਲਾਲਸਾ ਤੇ ਭੁੱਖ ਵਧ ਕੇ ਹੋਏ ਰੋਗ। ਭੁੱਖ ਬਹੁਤਾ ਹਾਸਲ ਕਰ ਲੈਣ ਨਾਲ ਨਹੀਂ, ਸਬਰ ਅਤੇ ਸ਼ੁਕਰ ਨਾਲ ਪੂਰੀ ਹੁੰਦੀ ਹੈ। ਪੈਸੇ, ਪਾਵਰ ਅਤੇ ਪ੍ਰਸੰਸਾ ਦੀ ਭੁੱਖ ਵੱਡੇ ਵੱਡਿਆਂ ਨੂੰ ਬੌਣੇ ਕਰੀ ਰੱਖਦੀ ਹੈ। ਭੁੱਖਿਆਂ ਤੋਂ ਭਲਾਈ ਦੀ ਆਸ ਨਹੀਂ ਕੀਤੀ ਜਾ ਸਕਦੀ।

ਹਰ ਭਾਈਚਾਰੇ ਸਮਾਜ ਜਾਂ ਦੇਸ਼ ਵਿਚ ਅੱਗੇ ਵਧਣ ਜਾਂ ਤਰੱਕੀ ਕਰਨ ਦੀ ਅਥਾਹ ਸ਼ਕਤੀ ਹੁੰਦੀ ਹੈ, ਪਰ ਇਹ ਸਾਰੀ ਸ਼ਕਤੀ ਪੈਸਾ, ਪਾਵਰ ਅਤੇ ਪ੍ਰਸੰਸਾ ਦੀ ਖੋਹਾ ਖਿੱਚੀ ਲਈ ਵਰਤੀ ਜਾਣ ਲੱਗ ਜਾਵੇ ਤਾਂ ਉਸ ਭਾਈਚਾਰੇ, ਸਮਾਜ ਜਾਂ ਦੇਸ਼ ਦਾ ਪਛੜਨਾ ਨਿਸਚਿਤ ਹੁੰਦਾ ਹੈ। ਇਸ ਭੁੱਖ ਦੇ ਹੁੰਦਿਆਂ ਭ੍ਰਿਸ਼ਟਾਚਾਰ ਤੋਂ ਮੁਕਤੀ ਨਹੀਂ ਮਿਲ ਸਕਦੀ। ਇਸ ਭੁੱਖ ਦਾ ਇਲਾਜ ਕੀਤੇ ਬਿਨਾਂ ਕੋਈ ਸਿਫਤੀ ਤਬਦੀਲੀ ਨਹੀਂ ਵਾਪਰ ਸਕਦੀ, ਕੋਈ ਇਨਕਲਾਬ ਨਹੀਂ ਆ ਸਕਦਾ।



Original with;
Jaswant Singh Zafar
Digitized by;
Panjab Digital Library

# ਮਨੁੱਖੀ ਅਬਾਦੀ

ਈਸਾ ਕਾਲ ਵਿਚ ਧਰਤੀ 'ਤੇ ਮਨੁੱਖਾਂ ਦੀ ਕੁੱਲ ਵਸੋਂ ਸਤਾਰਾਂ ਕਰੋੜ ਦੇ ਕਰੀਬ ਸੀ ਜੋ ਦਸ ਸਦੀਆਂ ਵਿਚ ਵਧ ਕੇ ਡਿਉਢੀ ਹੋ ਗਈ। ਭਾਵ ਸੰਨ 1000 ਈ. ਵਿਚ ਧਰਤੀ 'ਤੇ ਮਨੁੱਖੀ ਅਬਾਦੀ 25 ਕਰੋੜ ਸੀ। ਅਗਲੀਆਂ ਪੰਜ ਸਦੀਆਂ ਵਿਚ ਇਹ ਫਿਰ ਡੇਢ ਗੁਣਾ ਵਧ ਗਈ। ਭਾਵ ਗੁਰੂ ਨਾਨਕ ਕਾਲ ਵਿਚ ਧਰਤੀ 'ਤੇ ਮਨੁੱਖੀ ਅਬਾਦੀ 42 ਕਰੋੜ ਨੂੰ ਪਹੁੰਚ ਗਈ। ਅਗਲੀਆਂ ਚਾਰ ਸਦੀਆਂ ਵਿਚ ਤਾਂ ਇਹ ਵਧ ਕੇ ਲਗਪਗ ਚਾਰ ਗੁਣਾ ਹੋ ਗਈ। ਇੰਝ 1900 ਈ. ਵਿਚ ਧਰਤੀ 'ਤੇ ਵਸਦੇ ਮਨੁੱਖਾਂ ਦੀ ਗਿਣਤੀ 160 ਕਰੋੜ ਦੇ ਕਰੀਬ ਹੋ ਗਈ ਜੋ ਅਗਲੀ ਅੱਧੀ ਸਦੀ ਵਿਚ ਹੀ ਡੇਢ ਗੁਣਾ ਹੋਰ ਵਧ ਗਈ। ਇੰਝ ਸੰਨ 1950 ਵਿਚ ਇਹ ਅੰਕੜਾ 240 ਕਰੋੜ ਨੂੰ ਪਹੁੰਚ ਗਿਆ। ਅਗਲੇ ਪੰਜਾਹ ਸਾਲਾਂ ਵਿਚ ਤਾਂ ਇਹ ਵਾਧਾ ਢਾਈ ਗੁਣਾਂ ਤੋਂ ਵੀ ਜ਼ਿਆਦਾ ਹੋਇਆ। ਇੰਝ ਵੀਹਵੀਂ ਸਦੀ ਪੂਰੀ ਹੋਣ 'ਤੇ ਮਨੁੱਖੀ ਅਬਾਦੀ ਨੇ 600 ਕਰੋੜ ਦਾ ਅੰਕੜਾ ਪਾਰ ਕਰ ਲਿਆ। ਇਹ ਵਾਧਾ ਸਮੇਂ ਸਮੇਂ ਅਨੇਕਾਂ ਮਹਾਂਮਾਰੀਆਂ ਅਤੇ ਜੰਗਾਂ ਯੁੱਧਾਂ ਵਿਚ ਮਨੁੱਖਾਂ ਦੇ ਵੱਡੀ ਪੱਧਰ 'ਤੇ ਮਾਰੇ ਜਾਣ ਦੇ ਬਾਵਜੂਦ ਹੋਇਆ।

ਇੱਕੀਵੀ ਸਦੀ ਦੇ ਪਿਛਲੇ ਵੀਹਾਂ ਸਾਲਾਂ ਵਿਚ ਮਨੁੱਖ ਜਾਤੀ ਨੇ ਹੋਰ ਬਹੁਤ ਸਾਰੀਆਂ ਪ੍ਰਾਪਤੀਆਂ ਦੇ ਨਾਲ ਨਾਲ ਆਪਣੀ ਅਬਾਦੀ ਵਿਚ 160 ਕਰੋੜ ਦਾ ਵਾਧਾ ਦਰਜ ਕੀਤਾ ਹੈ। ਅੱਜ ਕੱਲ੍ਹ ਧਰਤੀ 'ਤੇ ਵਸਦੀ ਮਨੁੱਖੀ ਅਬਾਦੀ 770 ਕਰੋੜ ਦੇ ਕਰੀਬ ਦੱਸੀ ਜਾਂਦੀ ਹੈ।

ਉਨ੍ਹੀਵੀਂ ਸਦੀ ਵਿਚ ਜਦ ਮਨੁੱਖੀ ਅਬਾਦੀ ਨੇ ਸੌ ਕਰੋੜ ਦਾ ਅੰਕੜਾ ਪਾਰ ਕੀਤਾ ਸੀ ਤਾਂ ਜਰਮਨ ਚਿੰਤਕ ਨੀਤਸ਼ੇ ਨੇ ਕਿਹਾ ਸੀ, "ਸਰੀਰ ਵਾਂਗ ਧਰਤੀ ਦੀ ਵੀ ਚਮੜੀ ਹੈ ਜੋ ਬਹੁਤ ਗੰਭੀਰ ਰੂਪ ਵਿਚ ਰੋਗੀ ਹੈ, ਇਸ ਰੋਗ ਦੇ ਕੀੜੇ ਦਾ ਨਾਂ ਹੈ, ਮਨੁੱਖ।"



Digitized by Panjab Digital Library

# ਪੰਜਾਬੀ ਕਵਿਤਾ ਅਤੇ ਪ੍ਰਧਾਨ ਮੰਤਰੀ

ਪੰਡਤ ਜਵਾਹਰ ਲਾਲ ਨਹਿਰੂ ਅਤੇ ਸ੍ਰੀ ਲਾਲ ਬਹਾਦਰ ਸ਼ਾਸਤਰੀ ਦੀ ਪ੍ਰਸੰਸਾ ਅਤੇ ਆਦਰ ਵਿਚ ਲਿਖੀਆਂ ਪੰਜਾਬੀ ਕਵੀਆਂ ਦੀਆਂ ਕਈ ਰਚਨਾਵਾਂ ਮਿਲਦੀਆਂ ਹਨ।

ਇੰਦਰਾ ਗਾਂਧੀ ਤੇ ਆ ਕੇ ਇਹ ਰੁਝਾਨ ਉਲਟਾ ਹੋ ਗਿਆ। ਪੰਜਾਬੀ ਵਿਚ ਸਿਰਫ਼ ਉਸਦੇ ਖਿਲਾਫ ਲਿਖੀਆਂ ਕਵਿਤਾਵਾਂ ਹੀ ਮਿਲਦੀਆਂ ਹਨ। ਰਾਜੀਵ ਗਾਂਧੀ ਵੇਲੇ ਵੀ ਉਸਦੇ ਖਿਲਾਫ ਹੀ ਕਵਿਤਾਵਾਂ ਸਾਹਮਣੇ ਆਈਆਂ।

ਉਸ ਤੋਂ ਬਾਅਦ ਵੀ. ਪੀ. ਸਿੰਘ, ਸ੍ਰੀ ਪੀ. ਵੀ. ਨਰਸਿਮਾ ਰਾਓ, ਸ੍ਰੀ ਦੇਵਗੌੜਾ, ਸ੍ਰੀ ਇੰਦਰ ਕੁਮਾਰ ਗੁਜਰਾਲ, ਸ੍ਰੀ ਅਟੱਲ ਬਿਹਾਰੀ ਬਾਜਪੇਈ ਅਤੇ ਡਾ. ਮਨਮੋਹਨ ਸਿੰਘ ਪ੍ਰਤੀ ਪੰਜਾਬੀ ਕਵਿਤਾ ਲਗਪਗ ਉਦਾਸੀਨ (ਨਿਊਟਰਲ) ਹੀ ਰਹੀ।

ਸ੍ਰੀ ਨਰਿੰਦਰ ਮੋਦੀ ਦਾ ਪੰਜਾਬੀ ਕਵਿਤਾ ਵਿਚ ਜੋ ਮਾਣ ਤਾਣ ਹੋਇਆ ਉਹ ਸਾਰਿਆਂ ਨੂੰ ਪਤਾ ਹੀ ਹੈ। ਦਿੱਲੀ ਵਿਚ ਚੱਲਿਆ ਕਿਸਾਨ ਅੰਦੋਲਨ ਇਕ ਵਿਅਕਤੀ ਵਿਰੁੱਧ ਰਿਕਾਰਡ ਕਵਿਤਾਵਾਂ ਲਿਖੇ ਜਾਣ ਦਾ ਕਾਰਨ ਬਣਿਆਂ।

ਆਪਣਾ ਰਾਜਸੀ ਦਬ-ਦਬਾ ਕਾਇਮ ਰੱਖਣ ਲਈ ਸ੍ਰੀਮਤੀ ਇੰਦਰਾ ਗਾਂਧੀ ਜਿਸ ਤਰ੍ਹਾਂ ਦੀ ਨੀਅਤ ਅਤੇ ਨੀਤੀਆਂ ਦੀ ਧਾਰਨੀ ਸੀ, ਸ੍ਰੀ ਨਰਿੰਦਰ ਮੋਦੀ ਉਸੇ ਦੀ ਸਿਖਰ ਹਨ।



# ਆਸਤਿਕਤਾ - ਨਾਸਤਿਕਤਾ

ਦੌਰਾ ਤਾਂ ਕਿਸੇ ਤਰ੍ਹਾਂ ਦਾ ਵੀ ਪਿਆ ਚੰਗਾ ਨਹੀਂ, ਸਹਿਜ ਹੀ ਠੀਕ ਹੁੰਦਾ। ਜੇ ਨਾਸਤਿਕਤਾ ਦਾ ਦੌਰਾ ਪਿਆ ਮਾੜਾ ਤਾਂ ਧਰਮ ਦਾ ਦੌਰਾ ਵੀ ਠੀਕ ਨਹੀਂ। ਕਈ ਵਾਰ ਕੋਈ ਨਾਸਤਿਕ ਬੰਦਾ ਆਸਤਕਾਂ ਜਾਂ ਧਾਰਮਿਕ ਬੰਦਿਆਂ ਨੂੰ ਉਜੱਡ ਗੰਵਾਰ ਸਮਝ ਕੇ ਜ਼ਾਹਰਾ ਤੌਰ 'ਤੇ ਜਾਂ ਮਨ ਵਿਚ ਬੁਰਾ ਭਲਾ ਕਹਿੰਦਾ ਅਤੇ ਨਫ਼ਰਤ ਕਰਦਾ ਰਹਿੰਦਾ। ਫਿਰ ਅਚਾਨਕ ਉਸ ਨੂੰ ਅਜਿਹੇ 'ਆਤਮ ਗਿਆਨ' ਦੀ ਪ੍ਰਾਪਤੀ ਹੋ ਜਾਂਦੀ ਹੈ ਕਿ ਉਹ ਆਸਤਕ ਹੋ ਕੇ ਨਾਸਤਕਾਂ ਨੂੰ ਗਾਲ੍ਹਾਂ ਕੱਢ ਕੇ ਨਫ਼ਰਤ ਦਾ ਪ੍ਰਗਟਾਵਾ ਕਰਨ ਲੱਗ ਜਾਂਦਾ।

ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਗਾਲ੍ਹਾਂ ਤਾਂ ਗਾਲ੍ਹਾਂ ਹੀ ਹੁੰਦੀਆਂ ਚਾਹੇ ਸੱਜੇ ਪਾਸੇ ਨੂੰ ਮੂੰਹ ਕਰਕੇ ਕੱਢੀਆਂ ਜਾਣ ਤੇ ਚਾਹੇ ਖੱਬੇ ਪਾਸੇ ਨੂੰ। ਗਾਲ੍ਹਾਂ ਕੱਢਣ ਨਾਲ ਵੀ ਸੱਜੇ ਨੇ ਸੱਜਾ ਹੀ ਰਹਿਣਾ ਹੁੰਦਾ ਅਤੇ ਖੱਬੇ ਨੇ ਖੱਬਾ।

ਵੈਸੇ ਸੱਜਾ ਤੇ ਖੱਬਾ ਇਕੱਠੇ ਹੀ ਹੁੰਦੇ ਹਨ, ਦੋਹਾਂ ਵਿਚਾਲੇ ਸਾਡੀ 'ਮੈਂ' ਫਸੀ ਹੋਈ ਹੁੰਦੀ ਹੈ। ਨਫ਼ਰਤ ਜਾਂ ਗਾਲ੍ਹ ਇਸ 'ਮੈਂ' ਦਾ ਕੋਝਾ ਪ੍ਰਗਟਾਵਾ ਹੈ। ਚੰਗੇਰਾ ਫਰਕ ਤਾਂ ਓਦੋਂ ਹੀ ਪੈਂਦਾ ਜਦ ਆਸਤਕ ਨੂੰ ਨਾਸਤਕਾਂ ਨਾਲ ਵੀ ਆਪਣਿਆਂ ਵਰਗਾ ਪਿਆਰ ਹੋਵੇ ਅਤੇ ਨਾਸਤਕ ਨੂੰ ਆਸਤਕ ਵੀ ਪਿਆਰੇ ਭਰਾਵਾਂ ਵਾਂਗ ਦਿਖਾਈ ਦਿੰਦੇ ਹੋਣ।

ਜਦੋਂ ਰੱਬ ਅਤੇ ਧਰਮ ਬਾਰੇ ਆਸਤਕਾਂ ਅਤੇ ਨਾਸਤਕਾਂ ਦਰਮਿਆਨ ਬਹਿਸ ਚਲਦੀ ਹੈ ਤਾਂ ਆਮ ਤੌਰ ਤੇ ਨਾਸਤਕ ਆਸਤਕਾਂ ਨੂੰ ਗਧੇ ਸਮਝਦੇ ਹਨ ਅਤੇ ਆਸਤਕ ਨਾਸਤਕਾਂ ਨੂੰ ਬਾਂਦਰ ਸਮਝਦੇ ਹਨ। ਵੈਸੇ, ਗਧਾ ਅਤੇ ਬਾਂਦਰ ਦੋਨੋਂ ਬੜੇ ਪਿਆਰੇ ਪ੍ਰਾਣੀ ਹਨ ਅਤੇ ਮਨੁੱਖ ਦੇ ਚਿਰ-ਕਾਲ ਤੋਂ ਸਾਥੀ ਹਨ। ਪਰ ਨਾਸਤਕ ਆਸਤਕਾਂ ਨਾਲ ਆਦਰ ਭਾਵ ਨਾਲ ਪੇਸ਼ ਆਉਣ ਅਤੇ ਆਸਤਕ ਨਾਸਤਕਾਂ ਪ੍ਰਤੀ ਹਮਦਰਦੀ ਭਾਵ ਰੱਖਣ ਤਾਂ ਦੋਨੋਂ ਆਪੋ ਆਪਣਾ ਖੇਮਾ ਮਜ਼ਬੂਤ ਕਰਨ ਵਿਚ ਸਫ਼ਲ ਹੋ ਸਕਦੇ ਹਨ।



Original with:
Jaswant Singh Zafar
Digitized by;
Panjab Digital Library

# ਇਰਾਨੀ ਸਮਾਨਤਾਵਾਂ

1989 ਵਿਚ ਜਦ ਮੈਂ ਨੌਕਰੀ ਕਰਨ ਲੱਗਾ ਤਾਂ ਪਹਿਲੇ ਮਹੀਨੇ ਦੀ ਤਨਖਾਹ ਨਾਲ ਫਿਲਿਪਸ ਦਾ ਟੂ ਇਨ ਵੰਨ ਸਾਊਂਡ ਸਿਸਟਮ ਖ੍ਰੀਦਿਆ। ਨਾਲ ਹੀ ਉਸਤਾਦ ਅਮਜਦ ਅਲੀ ਖਾਨ ਦੇ ਸਰੋਦ ਵਾਦਨ ਦੀਆਂ ਐਚ. ਐਮ. ਵੀ. ਦੀਆਂ ਕੁਝ ਕੈਸਟਾਂ ਖ੍ਰੀਦੀਆਂ। ਮੈਨੂੰ ਸਰੋਦ ਸੁਣਨਾ ਬਹੁਤ ਚੰਗਾ ਲੱਗਦਾ ਸੀ। ਇਕ ਸਿਆਣੇ ਨੇ ਦੱਸਿਆ ਕਿ ਸਰੋਦ ਆਪਣੇ ਬਾਬਿਆਂ ਦੀ ਰਬਾਬ ਦਾ ਕਲਾਸੀਕਲ ਰੂਪ ਹੈ। ਰਬਾਬ ਦੀ ਟੁਣਕਾਰ ਮੈਨੂੰ ਦਿਲ ਦੀ ਧੜਕਣ ਵਾਂਗ ਲੱਗਦੀ ਹੈ। ਯੂ ਟਿਊਬ 'ਤੇ ਰਬਾਬ ਦਾ ਲਿੰਕ ਲੱਭਦਾ ਹਾਂ ਤਾਂ ਬਹੁਤੇ ਲਿੰਕ ਇਰਾਨੀ ਰਬਾਬ ਵਾਦਕਾਂ ਦੇ ਮਿਲਦੇ ਹਨ। ਇਹਨਾਂ ਨੂੰ ਸੁਣਦਿਆਂ ਸੁਣਦਿਆਂ ਹੋਰ ਇਰਾਨੀ ਸੰਗੀਤ ਵੀ ਬਹੁਤ ਸੁਣਿਆਂ ਹੈ। ਇਹ ਮੇਰੇ ਦਿਲ ਨੂੰ ਦੁਨੀਆਂ ਦੇ ਕਿਸੇ ਵੀ ਹੋਰ ਸੰਗੀਤ ਨਾਲੋਂ ਵਧੇਰੇ ਤਰੰਗਤ ਕਰਦਾ ਹੈ। ਇਰਾਨੀ ਸੰਗੀਤ ਦੀਆਂ ਧੁਨਾਂ ਅਣਸੁਣੇ ਪੰਜਾਬੀ ਗੀਤਾਂ ਦੀਆਂ ਤਰਜ਼ਾਂ ਲੱਗਦੀਆਂ ਹਨ। ਮੱਧਮ ਆਵਾਜ਼ ਵਿਚ ਇਰਾਨੀ ਗੀਤ ਸੁਣਦਿਆਂ ਲਗਦਾ ਹੈ ਜਿਵੇਂ ਸਮਝ ਨਾ ਆ ਰਹੇ ਪੰਜਾਬੀ ਗਾਣੇ ਸੁਣਦੇ ਹੋਈਏ।

ਹੇਠ ਲਿਖੀਆਂ ਚੀਜ਼ਾਂ ਇਰਾਨ ਵਿਚ ਵੀ ਇਹਨਾਂ ਨਾਵਾਂ ਨਾਲ ਹੀ ਜਾਣੀਆਂ ਜਾਂਦੀਆਂ ਹਨ: ਆਤਸ਼ਬਾਜੀ, ਆਚਾਰ, ਅਨਾਰ, ਅਫ਼ੀਮ, ਅਮਰੂਦ, ਆਲ੍ਹਣਾ, ਆਲੂਬੁਖਾਰਾ, ਇਲਾਇਚੀ, ਸਰਕਾਰ, ਸਵਾਲ, ਸਿਰਕਾ, ਸਿਪਾਹੀ, ਹਦਵਾਣਾ, ਹਫ਼ਤਾ, ਜੋਸ਼, ਕੰਗਾਲ, ਕੰਬਲ, ਕਾਰਖਾਨਾ, ਕਿਸਾਨ, ਕੁੱਪ, ਕੌਲੀ, ਖੀਰਾ, ਖੁਰਾਕ, ਗੱਚਕ, ਗੱਤਕਾ, ਗਰਦਨ, ਗੀਤ, ਗੁੰਬਦ, ਗੁਲਾਬ, ਘੁੱਗੀ, ਚੱਪਲ, ਚਮਚਾ, ਛੱਜ, ਜਲੂਸ, ਜੰਗਲ, ਜਾਦੂ, ਤੰਬੂ, ਤਨਖ਼ਾਹ, ਤੀਰ, ਤੇਜ਼ਾਬ, ਦੇਗ, ਤੇਗ, ਦਰਖ਼ਤ, ਦਰਜ਼ੀ, ਦਰਬਾਰ, ਦਰਵਾਜ਼ਾ, ਦੁਕਾਨ, ਦੂਰਬੀਨ, ਦੋਸਤ, ਨਗ, ਨਮੂਨਾ, ਨਿਹੰਗ, ਨਮਕ, ਨੋਕ, ਨੇਜਾ, ਪਹਿਰੇਦਾਰ, ਯਾਰ, ਯੱਕਾ, ਮੋਮ, ਮੇਜ਼, ਮੋਰਚਾ, ਮੁਰਦਾ। ਇਹ ਸੂਚੀ ਅਜੇ ਹੋਰ ਬਹੁਤ ਲੰਮੀ ਹੈ ਜੋ ਪਰਮਿੰਦਰ ਸੋਢੀ ਦੀ ਕਿਤਾਬ 'ਮੇਰਾ ਸ਼ਬਦਕੋਸ਼' ਵਿਚ ਦੇਖੀ ਜਾ ਸਕਦੀ ਹੈ।

ਕਦੀ ਧਿਆਨ ਨਾਲ ਦੇਖਣਾ ਈਰਨੀ ਵੀਡੀਓਜ਼ ਵਿਚਲੀਆਂ ਬੀਬੀਆਂ ਦੇ ਨੈਣ ਨਕਸ਼ ਖੂਬਸੂਰਤ ਪੰਜਾਬੀ ਮਟਿਆਰਾਂ ਨਾਲ ਕਿੰਨੇ ਮਿਲਦੇ ਜੁਲਦੇ ਹਨ।

ਮੈਨੂੰ ਇਰਾਨ ਦੇ ਕੌਮੀ ਝੰਡੇ ਵਿਚਲੇ ਨਿਸ਼ਾਨ ਨੂੰ ਦੇਖ ਕੇ ਬੜੀ ਹੈਰਾਨੀ ਹੋਈ ਕਿ ਇਹ ਦੋ ਕਿਰਪਾਨਾਂ, ਖੰਡੇ ਤੇ ਚੱਕਰ ਵਾਲੇ ਖਾਲਸਾਈ ਨਿਸ਼ਾਨ ਨਾਲ ਕਿੰਨਾ ਮਿਲਦਾ ਜੁਲਦਾ ਹੈ!!



Original with
Jaswant Singh Zafar
Digitized by
Panjab Digital Library

## ਸ਼ਬਦਾਂ ਨੂੰ ਸੰਖੇਪਦੇ ਹੋਏ

ਸਭ ਬੋਲੀਆਂ ਦੇ ਬੋਲਣਹਾਰੇ ਆਪਣੀ ਸਹੂਲਤ ਲਈ ਜਾਂ ਆਦਤ ਵੱਸ ਆਪਣੀ ਬੋਲੀ ਦੇ ਸ਼ਬਦਾਂ ਨੂੰ ਸੰਖੇਪਦੇ ਹਨ। ਅਸੀਂ ਵੀ ਪੰਜਾਬੀ ਸ਼ਬਦਾਂ ਨੂੰ ਸੰਖੇਪਿਆ ਹੈ, ਦੋ ਜਾਂ ਤਿੰਨ ਸ਼ਬਦਾਂ ਨੂੰ ਜੋੜ ਕੇ ਵੀ ਅਤੇ ਇਕੱਲੇ ਸ਼ਬਦਾਂ ਨੂੰ ਵੀ। ਮਾਝੇ ਵਾਲੇ 'ਇਸ ਤਰ੍ਹਾਂ' ਨੂੰ ਏਤਰਾਂ, ਮਾਲਵੇ ਵਾਲੇ 'ਇਕ ਵੇਰਾਂ' ਨੂੰ ਕੇਰਾਂ, ਦੁਆਬੇ ਵਾਲੇ 'ਖ਼ਬਰ ਨਹੀਂ' ਨੂੰ ਖਬਨੀਂ ਅਤੇ ਸਾਰੇ ਪੰਜਾਬ ਵਾਲੇ 'ਸਤਿ ਸ੍ਰੀ ਅਕਾਲ' ਨੂੰ ਸਾਸਰੀਕਾਲ ਦੇ ਰੂਪ ਵਿਚ ਸੰਖੇਪਦੇ ਹਨ। ਮੈਂ ਵੀ ਏਥੇ 'ਸੰਖੇਪ ਕਰਦੇ' ਦੀ ਥਾਂ ਸੰਖੇਪਦੇ ਸ਼ਬਦ ਵਰਤਿਆ ਹੈ। ਸ਼ਬਦਾਂ ਨੂੰ ਸੰਖੇਪਣ ਦੀਆਂ ਵਿਧੀਆਂ ਅਤੇ ਰਿਵਾਜ਼ ਕੁਝ ਸਾਂਝੇ ਅਤੇ ਕੁਝ ਇਲਾਕਿਆਂ ਜਾਂ ਭਾਈਚਾਰਿਆਂ ਦੇ ਹਿਸਾਬ ਨਾਲ ਵੱਖ ਵੱਖ ਹਨ। ਭਾਵ ਪੰਜਾਬੀ ਸ਼ਬਦਾਂ ਨੂੰ ਸੰਖੇਪਣ ਦੇ ਕੁਝ ਪੈਟਰਨ ਵਿਆਪਕ ਅਤੇ ਕੁਝ ਇਲਾਕਾਈ ਹਨ।

ਦੁਆਬੇ ਦੇ ਜਿਸ ਇਲਾਕੇ ਨਾਲ ਮੇਰਾ ਸਬੰਧ ਹੈ ਉਥੇ ਇਕੱਲੇ ਸ਼ਬਦਾਂ ਨੂੰ ਸੰਖੇਪਣ ਦੇ ਹੇਠ ਲਿਖੇ ਪੈਟਰਨ ਹਨ:

1. ਜਿਥੇ ਪਹਿਲੇ ਅੱਖਰ ਨੂੰ ਸਿਹਾਰੀ ਅਤੇ ਦੂਜੇ ਸਥਾਨ 'ਤੇ ਊੜਾ ਹੋਵੇ: ਇਸ ਦੇ ਅੱਗੋਂ ਤਿੰਨ ਸਬ-ਪੈਟਰਨ ਹਨ:

   a) ਦੂਜੇ ਸਥਾਨ ਦੇ ਊੜੇ ਨੂੰ ਹੋੜਾ ਜਾਂ ਔਂਕੁੜ ਹੋਵੇ ਤਾਂ ਪਹਿਲੇ ਅੱਖਰ ਨੂੰ ਲੱਗੀ ਸਿਹਾਰੀ ਬਦਲ ਕੇ ਲਾਂ (ਲਾਮ) ਬਣ ਜਾਂਦੀ ਹੈ ਅਤੇ ਊੜਾ ਆਪਣੇ ਹੋੜੇ ਜਾਂ ਔਂਕੁੜ ਸਮੇਤ ਅਲੋਪ ਹੋ ਜਾਂਦਾ ਹੈ।

   ਘਿਉ – ਘੇ    ਪਿਉ - ਪੇ

   ਦਿਉ – ਦੇ    ਸਿਉ - ਸੇ

   ਦਿਉਰ – ਦੇਰ    ਲਿਉੜ - ਲੇੜ

   ਨਿਓਲ਼ – ਨੇਲ਼    ਰਿਓੜੀਆਂ- ਰੇੜੀਆਂ

   b) ਦੂਜੇ ਸਥਾਨ ਦੇ ਹੋੜਾ ਜਾਂ ਔਂਕੁੜ ਵਾਲੇ ਊੜੇ ਉੱਤੇ ਬਿੰਦੀ ਹੋਵੇ ਤਾਂ ਪਹਿਲੇ ਅੱਖਰ ਨੂੰ ਲੱਗੀ ਸਿਹਾਰੀ ਬਦਲ ਕੇ ਲਾਂ (ਲਾਮ) ਬਣ ਜਾਂਦੀ ਹੈ ਅਤੇ ਉੜਾ ਆਪਣੇ ਹੋੜੇ ਜਾਂ ਔਂਕੁੜ ਸਮੇਤ ਅਲੋਪ ਹੋ ਜਾਂਦਾ ਹੈ ਪਰ ਇਸ ਦੀ ਬਿੰਦੀ ਪਹਿਲੇ ਅੱਖਰ ਦੀ ਲਾਂ (ਲਾਮ) ਨਾਲ ਜਾ ਲੱਗਦੀ ਹੈ।

   ਨਿਉਂਦਾ – ਨੇਂਦਾ    ਸਿਉਂਕ - ਸੇਂਕ

   ਪਿਉਂਦ - ਪੇਂਦ

   c) ਦੂਜੇ ਸਥਾਨ ਦੇ ਊੜੇ ਨੂੰ ਦੁਲੈਂਕੜ ਹੋਵੇ ਤਾਂ ਪਹਿਲੇ ਅੱਖਰ ਨੂੰ ਲੱਗੀ ਸਿਹਾਰੀ ਬਦਲ ਕੇ ਬਿਹਾਰੀ ਬਣ ਜਾਂਦੀ ਹੈ ਅਤੇ ਉੜਾ ਆਪਣੇ ਦੁਲੈਂਕੜ ਸਮੇਤ ਅਲੋਪ ਹੋ ਜਾਂਦਾ ਹੈ।

   ਜਿਊਣਾ – ਜੀਣਾ    ਸਿਊਣ - ਸੀਣ

*Original with;*
Jaswant Singh Zafar
*Digitized by;*
Panjab Digital Library


Courtesy with
Jaswant Singh Zafar
Digitized by
Panjab Digital Library

ਤਿਊੜੀ - ਤੀੜੀ

2. ਬਹੁਤ ਥਾਈਂ ਜਿਥੇ ਤੱਤੇ ਤੋਂ ਬਾਅਦ ਰਾਰਾ ਆਉਂਦਾ ਹੈ ਉਥੇ ਰਾਰਾ ਅਲੋਪ ਹੋ ਜਾਂਦਾ ਹੈ ਅਤੇ ਰਾਰੇ ਨਾਲ ਲੱਗੀ ਲਗ ਮਾਤਰ ਤੱਤੇ ਨਾਲ ਜਾ ਲਗਦੀ ਹੈ।

| | |
|---|---|
| ਤਰਕਾਲਾਂ – ਤਕਾਲਾਂ | ਤਰਖਾਣ - ਤਖਾਣ |
| ਦਾਤਰ – ਦਾਤ | ਦਾਤਰੀ - ਦਾਤੀ |
| ਵੱਤਰ – ਵੱਤ | ਪੁੱਤਰ -ਪੁੱਤ |
| ਪੋਤਰਾ – ਪੋਤਾ | ਦੋਹਤਰਾ - ਦੋਹਤਾ |

3. ਕਈ ਦੋ ਅੱਖਰੇ ਸ਼ਬਦਾਂ ਵਿਚ ਪਹਿਲਾ ਅੱਖਰ ਆਪਣੀ ਲਗ ਮਾਤਰ ਸਮੇਤ ਲੋਪ ਹੋ ਜਾਂਦਾ ਹੈ ਕੇਵਲ ਮਗਰਲੇ ਨਾਲ ਕੰਮ ਚਲਾ ਲਿਆ ਜਾਂਦਾ। ਕਦੀ ਕਦੀ ਮਗਰਲਾ ਅਲੋਪ ਹੁੰਦਾ ਹੈ।

| | |
|---|---|
| ਵਿੱਚੀਂ – ਚੀਂ | ਵਿਚੋਂ - ਚੋਂ |
| ਉੱਤੋਂ – ਤੋਂ | ਵਿਚ - ਚ |
| ਨਹੀਂ – ਨੀਂ | ਫੇਰ - ਫੇ |

4. ਕਈ ਸ਼ਬਦਾਂ ਦਾ ਅਗਲਾ ਐੜਾ ਜਾਂ ਈੜੀ ਬੋਲਣ ਵਿਚ ਨਹੀਂ ਲਿਆਂਦੇ ਜਾਂਦੇ।

| | |
|---|---|
| ਅਸਮਾਨ – ਸਮਾਨ | ਇਕਰਾਰ - ਕਰਾਰ |
| ਅਠਾਰਾਂ – ਠਾਰਾਂ | ਅਠਾਈ - ਠਾਈ |
| ਅਠੱਤੀ – ਠੱਤੀ | ਅਠਾਹਟ - ਠਾਹਟ |
| ਇਤਬਾਰ – ਤਬਾਰ | ਇਕੱਠ - ਕੱਠ |
| ਇਕੱਲਾ – ਕੱਲਾ | ਅਸਥਾਨ - ਸਥਾਨ |
| ਅਨਾਰ – ਨਾਰ | ਇਲਾਕਾ - ਲਾਕਾ |

ਇਹਨਾਂ ਵਿਚੋਂ ਕੋਈ ਪੈਟਰਨ ਜਾਂ ਉਦਾਹਰਣ ਹੋਰ ਇਲਾਕਿਆਂ ਵਿਚ ਵੀ ਪਾਏ ਜਾਂਦੇ ਹੋਣਗੇ। ਪਰ ਉਹਨਾਂ ਦੇ ਇਹਨਾਂ ਤੋਂ ਵੱਖਰੇ ਆਪਣੇ ਹੋਰ ਪੈਟਰਨ ਅਤੇ ਉਦਾਹਰਣਾ ਵੀ ਹੋਣਗੀਆਂ।

# ਉੱਨੀ ਇੱਕੀ ਦਾ ਫਰਕ

ਬੈਂਤ ਪੰਜਾਬੀ ਦਾ ਸਭ ਤੋਂ ਵੱਧ ਮਕਬੂਲ ਛੰਦ ਹੈ। ਹਾਫਿਜ਼ ਬਰਖੁਰਦਾਰ ਨੇ ਸੱਸੀ ਪੁੰਨੂੰ ਅਤੇ ਯਸੂਫ ਜ਼ੁਲੈਖਾਂ ਕਿੱਸੇ ਬੈਂਤ ਛੰਦ ਵਿਚ ਲਿਖੇ। ਅਹਿਮਦ ਗੁੱਜਰ, ਮੁਕਬਲ, ਵਾਰਿਸ ਸ਼ਾਹ, ਹਾਸ਼ਮ ਸ਼ਾਹ ਅਤੇ ਅਹਿਮਦ ਯਾਰ ਨੇ ਕਿੱਸਾ ਹੀਰ ਰਾਂਝਾ ਬੈਂਤ ਛੰਦ ਵਿਚ ਲਿਖਿਆ। ਅਹਿਮਦ ਯਾਰ ਨੇ ਕਿੱਸਾ ਸੱਸੀ ਪੁੰਨੂ ਵੀ ਬੈਂਤ ਛੰਦ ਵਿਚ ਲਿਖਿਆ। ਕਾਦਰਯਾਰ ਦਾ ਕਿੱਸਾ ਪੂਰਨ ਭਗਤ ਅਤੇ ਫ਼ਜ਼ਲ ਸ਼ਾਹ ਦਾ ਕਿੱਸਾ ਸੋਹਣੀ ਮਹੀਂਵਾਲ ਵੀ ਬੈਂਤ ਛੰਦ ਵਿਚ ਹਨ। ਇਹਨਾਂ ਤੋਂ ਇਲਾਵਾ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਨੇ ਵੀ 'ਦਸ਼ਮੇਸ਼ ਪ੍ਰਕਾਸ਼', 'ਬਾਬਾ ਬੰਦਾ ਬਹਾਦਰ' ਆਦਿ ਮਹਾਂ-ਕਾਵਿ ਇਸੇ ਛੰਦ ਵਿਚ ਰਚੇ। ਹੋਰ ਵੀ ਅਨੇਕਾਂ ਪੰਜਾਬੀ ਕਵੀਆਂ ਨੇ ਮਣਾਂ-ਮੂੰਹੀਂ ਕਾਵਿ ਇਸ ਛੰਦ ਵਿਚ ਰਚਿਆ। ਇਹ ਛੰਦ ਪੰਜਾਬੀ ਸੁਭਾਅ, ਪੰਜਾਬੀ ਦੀਆਂ ਉਚਾਰ ਧੁਨੀਆਂ ਅਤੇ ਜੀਭ ਸਮੇਤ ਸਾਡੇ ਦੂਸਰੇ ਉਚਾਰ ਤੰਤੂਆਂ ਦੇ ਸਭ ਤੋਂ ਵੱਧ ਅਨੁਕੂਲ ਹੈ। ਪਹਿਲਾਂ ਪਿੰਡਾਂ ਵਿਚ ਅਲਗੋਜ਼ੇ ਜਾਂ ਤੂੰਬੀ ਵਜਾਉਣ ਦੇ ਸ਼ੌਕੀਨਾਂ ਵਾਂਗ ਬੈਂਤਬਾਜ਼ੀ ਕਰਨ ਵਾਲੇ ਵੀ ਆਮ ਸਨ।

ਬੈਂਤ ਇਕ ਮਾਤ੍ਰਿਕ ਛੰਦ ਹੈ। ਇਕ ਤੁਕ 40 ਮਾਤਰਾਂ ਦੀ ਹੁੰਦੀ ਹੈ, ਅਰਧ ਵਿਸ਼ਰਾਮ 20 ਮਾਤਰਾ ਤੇ ਆਉਂਦਾ ਹੈ। ਭਾਵ ਪੂਰੀ ਸਤਰ 20+20=40 ਮਾਤਰਾ ਦੀ ਬਣਦੀ ਹੈ। ਅਰਧ ਵਿਸ਼ਰਾਮ 20 ਦੀ ਬਜਾਏ 19 ਜਾਂ 21 ਮਾਤਰਾ ਬਾਅਦ ਵੀ ਆ ਜਾਏ ਤਾਂ ਇਸ ਨੂੰ ਨੁਕਸ ਨਹੀਂ ਮੰਨਿਆਂ ਜਾਂਦਾ। ਦੂਜੇ ਸ਼ਬਦਾਂ ਵਿਚ ਕਿਸੇ ਤੁਕ ਦਾ ਅਗਲਾ ਜਾਂ ਪਿਛਲਾ ਅੱਧ 20 ਦੀ ਬਜਾਏ 19 ਜਾਂ 21 ਮਾਤਰਾ ਦਾ ਵੀ ਚਲਦਾ ਹੈ, ਜਾਣੀ ਉਂਨੀ-ਇੱਕੀ ਦੇ ਫਰਕ ਨੂੰ ਬਹੁਤਾ ਫਰਕ ਨਹੀਂ ਮੰਨਿਆਂ ਜਾਂਦਾ।

ਦੂਸਰਾ, ਮੱਧਕਾਲ ਦੇ ਉਸਤਾਦ ਸ਼ਾਇਰ ਖਾਸ ਕਰਕੇ ਮੁਸਲਿਮ ਸ਼ਾਇਰ ਆਪਣਾ ਪੰਜਾਬੀ ਕਲਾਮ ਫਾਰਸੀ ਲਿੱਪੀ (ਉਰਦੂ ਵਾਲੀ) ਵਿਚ ਲਿਖਦੇ ਸਨ। ਫਾਰਸੀ ਲਿੱਪੀ ਅਤੇ ਗੁਰਮੁਖੀ ਲਿੱਪੀ ਦੀਆਂ ਲਗਾਂ ਮਾਤਰਾਂ ਦਾ ਫਰਕ ਹੈ। ਇਹਨਾਂ ਦੇ ਕਲਾਮ ਦਾ ਗੁਰਮੁਖੀ ਲਿੱਪੀ ਵਿਚ ਲਿੱਪੀਆਂਤਰ ਕਰਨ ਵਾਲੇ ਸਿਆਣੇ ਲੋਕਾਂ ਨੇ ਇਸ ਗੱਲ ਦਾ ਖਿਆਲ ਰੱਖਿਆ ਕਿ



Original with:
Jaswant Singh Zafar
Digitized by:
Panjab Digital Library

ਲਿੱਪੀਆਂਤਰ ਕਰਨ ਸਮੇਂ ਉਚਾਰਨ ਵੀ ਠੀਕ ਰੱਖਿਆ ਜਾਵੇ ਅਤੇ ਗੁਰਮੁਖੀ ਲਗਾਂ ਮਾਤਰਾਂ ਵੀ ਇਸ ਤਰ੍ਹਾਂ ਵਰਤੀਆਂ ਜਾਣ ਕਿ ਇਹਨਾਂ ਮਹਾਨ ਰਚਨਾਕਾਰਾਂ ਦੀਆਂ 20+20 ਮਾਤਰਾਂ ਵਾਲੀਆਂ ਤੁਕਾਂ ਵਿਚ ਉੱਨੀ ਜਾਂ ਇੱਕੀ ਤੋਂ ਵੱਧ ਫਰਕ ਨਾ ਪਵੇ।

ਇਸ ਗੱਲ ਤੇ ਵਿਚਾਰ ਕਰਦਿਆਂ ਮੈਨੂੰ ਲੱਗਾ ਕਿ ਪੰਜਾਬੀ ਵਿਚ 'ਉੱਨੀ ਇੱਕੀ ਦਾ ਫਰਕ' ਵਾਲਾ ਮੁਹਾਵਰਾ, ਜਿਸਦਾ ਭਾਵ ਹੈ ਮਾਮੂਲੀ ਫਰਕ ਜਾਂ ਨਾ ਗੌਲਣਯੋਗ ਫਰਕ, ਇਥੋਂ ਹੀ ਬਣਿਆਂ ਹੈ।

ਵਾਰਿਸ ਸ਼ਾਹ ਵਲੋਂ ਹੀਰ ਦੀ ਸਿਫਤ ਵਿਚ ਲਿਖੇ ਬੰਦ ਦੀਆਂ ਕੁਝ ਸਤਰਾਂ ਦਾ ਅਨੰਦ ਮਾਣੋ ਅਤੇ ਬੈਂਤ ਛੰਦ ਵਿਚਲੇ ਉੱਨੀ ਇੱਕੀ ਦੇ ਫਰਕ ਨੂੰ ਦੇਖੋ:

ਹੋਠ ਸੁਰਖ਼ ਯਾਕੂਤ ਜਿਉਂ ਲਾਲ ਚਮਕਣ, **(3+3+5+3+3+4=21 ਮਾਤਰਾ)**
ਥੋਡੀ ਸੇਬ ਵਲਾਇਤੀ ਸਾਰ ਵਿੱਚੋਂ। **(4+3+6+3+4=20 ਮਾਤਰਾ)**
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ, **(3+4+2+3+1+3+4=20 ਮਾਤਰਾ)**
ਦਾਣੇ ਨਿਕਲੇ ਹੁਸਨ ਅਨਾਰ ਵਿੱਚੋਂ। **(4+4+3+4+4=19 ਮਾਤਰਾ)**
ਬਾਹਾਂ ਵੇਲਣੇ ਵੇਲੀਆਂ ਗੁਨ੍ਹ ਮੱਖਣ, **(4+5+6+2+4=21 ਮਾਤਰਾ)**
ਛਾਤੀ ਸੰਗਮਰਮਰ ਗੰਗ ਧਾਰ ਵਿੱਚੋਂ। **(3+3+2+2+3+3+4=20 ਮਾਤਰਾ)**
ਸ਼ਾਹ ਪਰੀ ਦੀ ਭੈਣ ਪੰਚ ਫੂਲ ਰਾਣੀ, **(3+3+2+3+3+3+4=21 ਮਾਤਰਾ)**
ਗੁਝੀ ਰਹੇ ਨਾ ਹੀਰ ਹਜ਼ਾਰ ਵਿੱਚੋਂ। **(3+3+2+3+4+5=20 ਮਾਤਰਾ)**
ਲੰਕ ਬਾਗ ਦੀ ਪਰੀ ਕਿ ਇੰਦਰਾਨੀ, **(3+3+2+3+1+7=19 ਮਾਤਰਾ)**
ਹੂਰ ਨਿਕਲੀ ਚੰਦ ਦੀ ਧਾਰ ਵਿੱਚੋਂ। **(3+4+3+2+3+4=19 ਮਾਤਰਾ)**
ਇਸ਼ਕ ਬੋਲਦਾ ਨੱਢੀ ਦੇ ਥਾਂਉਂ ਥਾਂਈਂ, **(3+4+4+2+4+4=21 ਮਾਤਰਾ)**
ਰਾਗ ਨਿਕਲੇ ਜ਼ੀਲ ਦੀ ਤਾਰ ਵਿੱਚੋਂ। **(3+4+3+2+3+4=19 ਮਾਤਰਾ)**



Courtesy of:
Jaswant Singh Zafar
Digitized by:
Panjab Digital Library

# ਏਨੀ ਮਾਰ ਮਰਾਈ ਕਿਉਂ

'ਮਾਰਨ' ਦੇ ਦੋ ਅਰਥ ਹੀ ਮੈਨੂੰ ਪਤਾ ਹਨ। ਇਕ, ਕਿਸੇ ਦੀ ਹੱਤਿਆ ਕਰਨਾ, ਜਿਵੇਂ ਬੰਦਾ ਮਾਰਨਾ, ਕੁੱਤਾ ਮਾਰਨਾ ਆਦਿ। ਦੂਸਰਾ, ਕਿਸੇ ਨੂੰ ਚੋਟ ਪਹੁੰਚਾਉਣਾ, ਜਿਵੇਂ ਗੋਲੀ ਮਾਰਨਾ, ਚਪੇੜ ਮਾਰਨਾ, ਵੱਟਾ ਮਾਰਨਾ ਆਦਿ।

ਪਰ ਅਸੀਂ ਪੰਜਾਬੀ ਬੰਦੇ ਅਣਗਿਣਤ ਨਾਵਾਂ ਨਾਲ ਕਿਰਿਆ ਸ਼ਬਦ 'ਮਾਰਨਾ' ਲਗਾਉਂਦੇ ਹਾਂ। ਜਿਵੇਂ ਨਕਲ ਕਰਨ ਨੂੰ ਨਕਲ ਮਾਰਨਾ, ਗੇੜਾ ਲਾਉਣ ਨੂੰ ਗੇੜਾ ਮਾਰਨਾ, ਝੂਠ ਬੋਲਣ ਨੂੰ ਝੂਠ ਮਾਰਨਾ, ਹਿੰਮਤ ਕਰਨ ਨੂੰ ਹਿੰਮਤ ਮਾਰਨਾ, ਜ਼ੋਰ ਲਾਉਣ ਨੂੰ ਜ਼ੋਰ ਮਾਰਨਾ, ਮੋਰਚਾ ਜਿੱਤਣ ਨੂੰ ਮੋਰਚਾ ਮਾਰਨਾ, ਦਮ ਲੈਣ ਨੂੰ ਦਮ ਮਾਰਨਾ, ਦਸਤਖਤ ਕਰਨ ਨੂੰ ਦਸਤਖਤ ਮਾਰਨਾ ਜਾਂ ਘੁੱਗੀ ਮਾਰਨਾ, ਲਕੀਰ ਵਾਹੁਣ ਨੂੰ ਲਕੀਰ ਮਾਰਨਾ, ਨਾਹਰਾ ਲਾਉਣ ਨੂੰ ਨਾਹਰਾ ਮਾਰਨਾ, ਤਾੜੀ ਵਜਾਉਣ ਨੂੰ ਤਾੜੀ ਮਾਰਨਾ, ਸੁਹਾਗਾ ਫੇਰਨ ਨੂੰ ਸੁਹਾਗਾ ਮਾਰਨਾ, ਉਡਾਰੀ ਭਰਨ ਨੂੰ ਉਡਾਰੀ ਮਾਰਨਾ, ਤਾਹਨਾ ਦੇਣ ਨੂੰ ਤਾਹਨਾ ਮਾਰਨਾ, ਝਾੜੂ ਫੇਰਨ ਨੂੰ ਝਾੜੂ ਮਾਰਨਾ, ਅੱਖ ਦੱਬਣ ਨੂੰ ਅੱਖ ਮਾਰਨਾ, ਮਿਹਣਾ ਦੇਣ ਨੂੰ ਮਿਹਣਾ ਮਾਰਨਾ, ਸੌਦਾ ਕਰਨ ਨੂੰ ਸੌਦਾ ਮਾਰਨਾ, ਮਗਜ਼ ਵਰਤਣ ਨੂੰ ਮਗਜ਼ ਮਾਰਨਾ, ਸਿਰ ਹਿਲਾਉਣ ਨੂੰ ਸਿਰ ਮਾਰਨਾ, ਪੱਦ ਛੱਡਣ ਨੂੰ ਪੱਦ ਮਾਰਨਾ, ਸੇਕ ਛੱਡਣ ਨੂੰ ਸੇਕ ਮਾਰਨਾ, ਖੋਆ ਬਣਾਉਣ ਨੂੰ ਖੋਆ ਮਾਰਨਾ, ਧਿਆਨ ਕਰਨ ਨੂੰ ਧਿਆਨ ਮਾਰਨਾ, ਕੁੰਡੀ ਲਗਾਉਣ ਨੂੰ ਕੁੰਡੀ ਮਾਰਨਾ, ਤਾਲਾ ਲਗਾਉਣ ਨੂੰ ਤਾਲਾ ਮਾਰਨਾ ਘੰਟੀ ਵਜਾਉਣ ਨੂੰ ਘੰਟੀ ਮਾਰਨਾ ਆਦਿ ਮੋਟੀਆਂ ਮੋਟੀਆਂ ਉਦਾਹਰਣਾ ਹਨ ਜੋ ਤੁਰੰਤ ਯਾਦ ਆਈਆਂ।



ਥੋੜ੍ਹਾ ਚੇਤਾ ਕਰੀਏ ਤਾਂ ਅਨੇਕਾਂ ਹੋਰ ਯਾਦ ਆ ਜਾਣਗੀਆਂ ਜਿਵੇਂ ਡਕਾਰ ਮਾਰਨਾ, ਝੱਖ ਮਾਰਨਾ, ਗੱਪ ਮਾਰਨਾ, ਲੋਹੜਾ ਮਾਰਨਾ, ਮੂੰਹ ਮਾਰਨਾ, ਫੁਕਰੀ ਮਾਰਨਾ, ਹਾਕ ਮਾਰਨਾ, ਧਾਰ ਮਾਰਨਾ ਅਦਿ।

ਅੰਗਰੇਜ਼ੀ ਨਾਵਾਂ ਨਾਲ ਵੀ 'ਮਾਰਨਾ' ਸਹਿਜੇ ਹੀ ਟਿਕਾ ਦਿੰਦੇ ਹਾਂ, ਜਿਵੇਂ ਟਾਰਚ ਜਗਾਉਣ ਨੂੰ ਟਾਰਚ ਮਾਰਨਾ, ਕਾਹਲੀ ਪੈਗ ਪੀਣ ਨੂੰ ਪੈਗ ਮਾਰਨਾ, ਹਾਰਨ ਵਜਾਉਣ ਨੂੰ ਹਾਰਨ ਮਾਰਨਾ, ਹੂਟਰ ਵਜਾਉਣ ਨੂੰ ਹੂਟਰ ਮਾਰਨਾ, ਫੋਨ ਕਰਨ ਨੂੰ ਫੋਨ ਮਾਰਨਾ ਅਦਿ। ਹੁਣ ਨਵੀਂ ਪੀੜ੍ਹੀ ਲਤੀਫਾ ਸੁਣਾਉਣ ਜਾਂ ਮਜ਼ਾਕ ਕਰਨ ਨੂੰ ਵੀ ਜੋਕ ਮਾਰਨਾ ਕਹਿਣ ਲੱਗ ਪਈ ਹੈ।

ਸਾਡੀ ਭਾਸ਼ਾ ਵਿਚ ਏਨੀ ਮਾਰ ਮਰਾਈ ਕਿਉਂ ਹੈ? ਇਹ ਭਾਸ਼ਾਈ ਆਦਤ ਸਾਡੀ ਕਿਹੜੀ ਮਨੋ-ਦਸ਼ਾ ਦੀ ਉਪਜ ਹੈ ਅਤੇ ਇਸ ਦਾ ਸਾਡੇ ਅਵਚੇਤਨ ਜਾਂ ਮਨ 'ਤੇ ਕੀ ਅਸਰ ਹੈ? ਚੰਗੇ ਭਲੇ ਹੋਰ ਕਿਰਿਆ-ਸ਼ਬਦਾਂ ਦੇ ਹੁੰਦਿਆਂ ਸਾਨੂੰ 'ਮਾਰਨ' ਦੀ ਵਰਤੋਂ ਨਾਲ ਹੀ ਸੁਆਦ ਕਿਉਂ ਆਉਂਦਾ ਹੈ? ਇਸ ਨੂੰ ਸਾਡੇ ਭਾਸ਼ਾਈ ਸੱਭਿਆਚਾਰ ਦੀ ਵਡਿਆਈ ਸਮਝਿਆ ਜਾਵੇ ਜਾਂ ਬੁਰਾਈ? ਕਿਧਰੇ ਸਾਡੀ ਭਾਸ਼ਾ ਵਿਚ ਹੀ ਸਾਡੀ ਬਰਬਾਦੀ ਦੇ ਬੀਜ ਤਾਂ ਨਹੀਂ ਛੁਪੇ ਹੋਏ? ਜਰਾ ਵਿਚਾਰਿਓ ਤਾਂ।





Original with:
Jaswant Singh Zafar
Digitized by:
Panjab Digital Library

# ਆਪਾਂ ਕੀ ਹੁੰਨੇਂ ਆਂ

ਵਿਵੇਕ ਲੁਧਿਆਣੇ ਦੇ ਗੁਰੂ ਨਾਨਕ ਪਬਲਿਕ ਸਕੂਲ ਵਿਚ ਪੜ੍ਹਦਾ ਸੀ। ਗੁਰਮੁਖ ਸਿੰਘ ਐਂਡ ਸਨਜ਼ ਵਾਲਿਆਂ ਦਾ ਹੈ ਇਹ ਸਕੂਲ। ਇਥੇ ਜ਼ਿਆਦਾ 'ਸਿੱਖਾਂ' ਦੇ ਬੱਚੇ ਪੜ੍ਹਦੇ ਹਨ। ਇਹਨਾਂ ਵਿਚੋਂ ਵੀ ਬਹੁ ਗਿਣਤੀ ਖੱਤਰੀ, ਅਰੋੜੇ ਅਤੇ ਰਾਮਗੜ੍ਹੀਆਂ ਦੇ ਬੱਚਿਆਂ ਦੀ ਹੈ। ਇਕ ਦਿਨ ਵਿਵੇਕ ਕਹਿੰਦਾ, "ਸਾਡੀ ਕਲਾਸ ਵਿਚ ਇਕ ਚਾਰ-ਪੰਜ ਮੁੰਡਿਆਂ ਦਾ ਗਰੁੱਪ ਹੈ, ਉਹ ਬੜੇ ਆਕੜ ਜਿਹੀ ਵਾਲੇ ਨੇ, ਆਪਣੇ ਆਪ ਨੂੰ ਜੱਟ ਦੱਸਦੇ ਆ, ਬਾਕੀ ਕਿਸੇ ਨੂੰ ਭਾਪਾ ਕਿਸੇ ਨੂੰ ਤਖਾਣ ਕਹਿ ਕੇ ਬੁਲਾਉਂਦੇ ਆ।"

ਮੈਂ ਪੁੱਛਿਆ, "ਤੈਨੂੰ ਕੀ ਕਹਿ ਕੇ ਬੁਲਾਉਂਦੇ?"

ਕਹਿੰਦਾ, "ਮੈਨੂੰ ਨਹੀਂ ਕੁਛ ਕਹਿੰਦੇ। ਵੈਸੇ ਆਪਾਂ ਕੀ ਹੁੰਨੇਂ ਆਂ?"

ਮੈਂ ਕਿਹਾ, "ਆਪਾਂ ਕੁਛ ਨਹੀਂ ਹੁੰਦੇ। ਤਾਂ ਹੀ ਤੈਨੂੰ ਕੁਛ ਨਹੀਂ ਸੱਦਦੇ।"

ਪੰਜਵੀ ਤੋਂ ਬਾਅਦ ਉਸ ਨੂੰ ਡੀ. ਏ. ਵੀ. ਸਕੂਲ ਵਿਚ ਪੜ੍ਹਨ ਲਾ ਦਿੱਤਾ। ਜਦੋਂ ਸੱਤਵੀਂ-ਅੱਠਵੀਂ ਵਿਚ ਸੀ ਤਾਂ ਇਕ ਦਿਨ ਕਹਿੰਦਾ, "ਪਾਪਾ, ਯਾਰ ਬੜਾ ਅਫ਼ਸੋਸ ਹੋਇਆ, ਪਤਾ ਲੱਗਾ ਆਪਾਂ ਵੀ ਜੱਟ ਹੁੰਨੇਂ ਆਂ।"

ਮੈਂ ਕਿਹਾ, "ਨਹੀਂ, ਤੈਨੂੰ ਕੌਣ ਕਹਿੰਦਾ?"

"ਮੇਰੀ ਕਲਾਸ ਦਾ ਇਕ ਬੱਚਾ ਦੱਸ ਰਿਹਾ ਸੀ, ਕਹਿੰਦਾ ਪੰਧੇਰ ਜੱਟ ਹੁੰਦੇ ਆ। ਉਹ ਮੈਨੂੰ ਬੜਾ ਪੰਧੇਰ ਸਾਹਿਬ, ਪੰਧੇਰ ਸਾਹਿਬ ਕਰ ਕੇ ਬੁਲਾਉਂਦਾ।"

ਮੈਂ ਕਿਹਾ, "ਨਹੀਂ ਹੁਣ ਜਦ ਕਹੂ ਤਾਂ ਉਹਨੂੰ ਦੱਸੀਂ ਅਸੀਂ ਨਕਲੀ ਪੰਧੇਰ ਹਾਂ, ਬਿਨਾਂ ਜੱਟ ਵਾਲੇ।"

ਪਰ ਉਹਨੂੰ ਦੱਸਣ ਵਾਲੇ ਨੇ ਦੱਸਿਆ, "ਜੇ ਤੁਹਾਡਾ ਕੋਈ ਪਿੰਡ ਹੈਗਾ, ਉਥੇ ਤੁਹਾਡੀ ਜ਼ਮੀਨ ਹੈਗੀ ਤਾਂ ਤੁਸੀਂ ਪੱਕੇ ਜੱਟ ਹੋ।"

ਇਸ ਬਾਰੇ ਮੈਂ ਉਸ ਨੂੰ ਆਖਰੀ ਗੱਲ ਦੱਸੀ ਕਿ ਜਦੋਂ ਅਸੀਂ ਪਿੰਡ ਰਹਿੰਦੇ ਸੀ, ਖੇਤੀ ਕਰਦੇ ਸੀ, ਪਸ਼ੂ ਚਾਰਦੇ ਸੀ, ਆਲੂ ਬੀਜਦੇ ਸੀ, ਕਣਕ ਵੱਢਦੇ, ਝੋਨਾ ਲਾਉਂਦੇ ਤੇ ਝਾੜਦੇ ਸੀ, ਓਦੋਂ ਅਸੀਂ ਜੱਟ ਸੀ। ਹੁਣ ਮੈਂ ਇੰਜਨੀਅਰ ਹਾਂ, ਤੂੰ ਪੜ੍ਹ ਕੇ ਜੋ ਬਣੇਂਗਾ ਉਹ ਹੋਏਂਗਾ। ਇਸ ਬਾਰੇ ਮੁੜ ਕਦੀ ਗੱਲ ਨਹੀਂ ਹੋਈ। ਉਸ ਨੂੰ ਅਸਲ ਵਿਚ ਜੱਟ ਹੋਣ ਅਤੇ ਜੱਟ ਹੋਣ ਦੀ ਫੋਕੀ ਆਕੜ ਦਾ ਫਰਕ ਪਤਾ ਲੱਗ ਗਿਆ ਸੀ। ਅਖੀਰ ਤੱਕ ਆਪਣੇ ਪਿਓ ਵਾਂਗ ਉਸ ਨੇ ਵੀ ਕਦੀ ਜਾਤ ਪਾਤ ਨੂੰ ਧਿਆਨ ਵਿਚ ਰੱਖ ਕੇ ਦੋਸਤ ਨਹੀਂ ਬਣਾਏ।

ਇਹ ਗੱਲ ਬਹੁਤ ਤਸੱਲੀ ਭਰੀ ਹੈ ਕਿ ਉਸ ਦੇ ਸੱਤ ਅੰਦਰੂਨੀ ਅੰਗ ਵੱਖ ਵੱਖ ਲੋੜਵੰਦਾਂ ਨੂੰ ਰੰਗ, ਨਸਲ, ਮਜ਼ਹਬ, ਕੌਮ ਅਤੇ ਜਾਤ-ਗੋਤ ਦੇ ਵਿਤਕਰੇ ਤੋਂ ਬਿਨਾਂ ਪ੍ਰਾਪਤ ਹੋਏ।

Original with;
Jaswant Singh Zafar
Digitized by;
Panjab Digital Library



## ਸਾਡੀ ਰੀਸ ਕੌਣ ਕਰ ਲਊ

ਬੰਦਿਆਂ ਵਾਂਗ ਭਾਈਚਾਰਿਆਂ ਦੇ ਵੀ ਵੱਖ-ਵੱਖ ਸੁਭਾਅ ਅਤੇ ਆਦਤਾਂ ਹੁੰਦੀਆਂ ਹਨ। ਭਾਈਚਾਰਿਆਂ ਦੀਆਂ ਸਮੂਹਕ ਆਦਤਾਂ ਅਤੇ ਸੁਭਾਵਾਂ ਨੂੰ ਸੱਭਿਆਚਾਰ ਕਹਿੰਦੇ ਹਨ। ਵੱਖ ਵੱਖ ਸੱਭਿਆਚਾਰ ਇਕ ਦੂਜੇ ਨਾਲੋਂ ਚੰਗੇ-ਮਾੜੇ ਜਾਂ ਉੱਚੇ-ਨੀਵੇਂ ਨਹੀਂ ਕੇਵਲ ਵਿਭਿੰਨ ਹੁੰਦੇ ਹਨ। ਇਕ ਭਾਈਚਾਰੇ ਦੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦੀ ਦੂਸਰਿਆਂ ਨਾਲੋਂ ਵਿਭਿੰਨਤਾ ਹੀ ਇਸ ਦੀ ਪਛਾਣ ਹੁੰਦੀ ਹੈ।

ਮੈਂ ਇਕ ਜਗ੍ਹਾ ਦਸ ਰੋਜ਼ਾ ਸ਼ੀਲ-ਸਮਤਾ ਕੈਂਪ ਲਾਉਣ ਗਿਆ। ਇਸ ਦੌਰਾਨ ਭਾਗ ਲੈਣ ਵਾਲਿਆਂ ਲਈ ਆਪਸ ਵਿਚ ਕੋਈ ਗੱਲਬਾਤ ਕਰਨ ਦੀ ਮਨਾਹੀ ਸੀ। ਬਹੁਤ ਲੋੜ ਵੇਲੇ ਲਿਖ ਕੇ ਜ਼ਰੂਰੀ ਗੱਲ ਕਰ ਸਕਦੇ ਸਾਂ। ਮੇਰੇ ਲਾਗਲੇ ਕਮਰੇ ਵਿਚ ਇਕ ਹੋਰ ਪੰਜਾਬੀ ਸਰਦਾਰ ਜੀ ਸਨ। ਮੈਂ ਇਕ ਦਿਨ ਸਵੇਰ ਦੇ ਖਾਣੇ ਵੇਲੇ ਉਹਨਾਂ ਦੇ ਖੀਸੇ ਵਿਚ ਇਕ ਪਰਚੀ ਲਿਖ ਕੇ ਪਾਈ, "ਭਾਅ ਜੀ, ਤੁਹਾਡੇ ਕੋਲ ਸਿਰ ਨੂੰ ਲਾਉਣ ਵਾਲਾ ਕੋਈ ਤੇਲ ਹੈ?" ਥੋੜ੍ਹੀ ਦੇਰ ਬਾਅਦ ਉਹਨਾਂ ਮੈਨੂੰ ਇਕ ਲਿਫਾਫਾ ਫੜਾਇਆ ਜਿਸ ਵਿਚ ਇਕ ਤੇਲ ਦੀ ਸ਼ੀਸ਼ੀ ਅਤੇ ਦੋ ਸੰਤਰੇ ਸਨ। ਮੈਂ ਇਸ਼ਾਰੇ ਨਾਲ ਕਿਹਾ ਕਿ ਮੈਨੂੰ ਤਾਂ ਸਿਰਫ਼ ਤੇਲ ਹੀ ਚਾਹੀਦਾ ਹੈ। ਉਹਨਾਂ ਦੂਜੇ ਪਾਸੇ ਮੂੰਹ ਕਰਕੇ ਹੱਥ ਖੜ੍ਹਾ ਕਰ ਦਿੱਤਾ ਜਿਸਦਾ ਮਤਲਬ ਸੀ, "ਇਹ ਸਾਰਾ ਕੁਛ ਰੱਖੋ ਤੁਸੀਂ।" ਮੈਨੂੰ ਥੋੜ੍ਹਾ ਮਾਣ ਜਿਹਾ ਹੋਇਆ ਅਤੇ ਪੁਰਾਣਾ ਸੁਣਿਆਂ ਹੋਇਆ ਫਿਕਰਾ ਯਾਦ ਆਇਆ- ਪੰਜਾਬੀ, ਪੰਜਾਬੀ ਈ ਹੁੰਦੇ।

ਥੋੜ੍ਹੀ ਦੇਰ ਬਾਅਦ ਧਿਆਨ ਆਇਆ ਕਿ ਕੈਂਪ ਦੇ ਪ੍ਰਬੰਧਕਾਂ ਨੇ ਲਿਖਤੀ ਅਤੇ ਜ਼ੁਬਾਨੀ ਤੌਰ 'ਤੇ ਅਤੇ ਓਸ ਤੋਂ ਪਹਿਲਾਂ ਈ- ਮੇਲ ਰਾਹੀਂ ਉਚੇਚੀ ਹਦਾਇਤ ਕੀਤੀ ਸੀ ਕਿ ਕਿਸੇ ਨੇ ਆਪਣੇ ਨਾਲ ਬਾਹਰੋਂ ਕੁਝ ਖਾਣ ਪੀਣ ਦਾ ਕੋਈ ਸਮਾਨ ਕੈਂਪ ਵਿਚ ਨਹੀਂ ਲਿਆਉਣਾ। ਫਿਰ ਵੀ ਪਤਾ ਨਹੀਂ ਇਹ ਸਰਦਾਰ ਜੀ ਕਿੰਨੇ ਕੁ ਸੰਤਰੇ ਲਿਆ ਕੇ ਆਪਣੇ ਕੋਲ ਰੱਖੀ ਬੈਠੇ, ਜਿਹਨਾਂ ਵਿਚੋਂ ਮੈਨੂੰ ਵੀ ਦੋ ਦੇ ਛੱਡੇ। ਇਹਨਾਂ ਨੂੰ ਕੈਂਪ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਸੀ। ਫਿਰ ਓਹੀ ਫਿਕਰਾ ਯਾਦ ਆਇਆ- ਪੰਜਾਬੀ, ਪੰਜਾਬੀ ਈ ਹੁੰਦੇ।

*Original with;*
Jaswant Singh Zafar
*Digitized by;*
Panjab Digital Library



# ਆਜ਼ਾਦੀ ਜ਼ਿੰਦਾਬਾਦ

ਅਸੀਂ ਬੜੇ ਆਜ਼ਾਦੀ ਪਸੰਦ ਹਾਂ। ਹੋਰ ਜੋ ਮਰਜੀ ਕਮੀਆਂ, ਘਾਟਾਂ ਹੋਣ ਪਰ ਸਾਡੇ ਦੇਸ਼ ਵਿਚ ਕਿਸੇ ਨੂੰ ਆਜ਼ਾਦੀ ਦੀ ਕੋਈ ਕਮੀ ਨਹੀਂ, ਆਜ਼ਾਦੀ ਬਹੁਤ ਹੈ। ਏਨੀ ਆਜ਼ਾਦੀ ਦੁਨੀਆਂ ਦੇ ਹੋਰ ਕਿਸੇ ਕੋਨੇ ਵਿਚ ਮਿਲਣੀ ਮੁਸ਼ਕਲ ਹੈ। ਕਿਸੇ ਨਾਲ ਧੱਕਾ ਕਰਨ ਦੀ ਆਜ਼ਾਈ, ਕਿਸੇ ਦੇ ਹੱਕ ਜਾਂ ਅਧਿਕਾਰ ਮਾਰਨ ਦੀ ਆਜ਼ਾਦੀ। ਬਕਵਾਸ ਜਾਂ ਸਾਜਿਸ਼ਾਂ ਕਰਨ ਦੀ ਆਜ਼ਾਦੀ, ਆਪਣੇ 'ਤੇ ਲਾਗੂ ਹੁੰਦੇ ਨਿਯਮ, ਕਾਨੂੰਨ ਜਾਂ ਸੰਵਿਧਾਨ ਦੀ ਧਾਰਾ ਦੀ ਉਲੰਘਣਾ ਕਰਨ ਦੀ ਆਜ਼ਾਦੀ। ਇਥੋਂ ਤੱਕ ਕਿ ਆਪਣੇ 'ਤੇ ਲਾਗੂ ਹੁੰਦੇ ਕਿਸੇ ਨਿਯਮ ਕਾਨੂੰਨ ਦੀ ਜਾਣਕਾਰੀ ਨਾ ਰੱਖਣ ਦੀ ਆਜ਼ਾਦੀ। ਸਭ ਦੀ ਅਜ਼ਾਦੀ ਬੇਹਿਸਾਬ। ਥੋੜ੍ਹੇ ਚਿਰ ਲਈ ਗੜਬੜ ਓਦੋਂ ਹੁੰਦੀ ਜਦ ਸਾਡੀ ਬੇਹਿਸਾਬੀ ਜਾਂ ਵੱਡੀ ਸਾਰੀ ਆਜ਼ਾਦੀ ਨਾਲ ਕਿਸੇ ਹੋਰ ਦੀ ਆਜ਼ਾਦੀ ਆ ਟਕਰਾਉਂਦੀ। ਫਿਰ ਸਾਡੇ ਕੋਲ ਹੁੰਦੀ ਆਪਣੇ ਅਧਿਕਾਰ ਅਤੇ ਦੂਸਰੇ ਦੇ ਫਰਜ਼ਾਂ ਦੀ ਦੁਹਾਈ ਦੇਣ ਦੀ ਆਜ਼ਾਦੀ। ਸਾਡੇ ਸ਼ਹੀਦਾਂ, ਦੇਸ਼ ਭਗਤਾਂ ਤਾਂ ਸ਼ਾਇਦ ਇਕ ਵਾਰ ਦੇਸ਼ ਨੂੰ ਆਜ਼ਾਦੀ ਦੁਆਈ ਪਰ ਸਾਡਾ ਤਾਂ ਹਰ ਦਿਨ ਹਰ ਪਲ ਪੰਦਰਾਂ ਅਗਸਤ ਹੈ। ਇਕ ਚੁਟਕਲਾ ਯਾਦ ਆਇਆ, ਦੋ ਦੋਸਤ ਗੱਲਾਂ ਕਰਦੇ ਸੀ। ਗੱਲਾਂ ਗੱਲਾਂ ਵਿਚ ਇਕ ਨੇ ਪੁੱਛਿਆ, "ਅੱਜ ਤਰੀਕ ਕਿੰਨੀ ਭਲਾ?"

ਦੂਜਾ ਕਹਿੰਦਾ "ਪੰਦਰਾਂ ਅਗਸਤ।"

'ਹੈਂ, ਮਹੀਨਾ ਤਾਂ ਮਈ ਦਾ ਹੈ, ਪੰਦਰਾਂ ਅਗਸਤ ਕਿਵੇਂ ਹੋ ਗਈ?"

ਉਹ ਕਹਿੰਦਾ, "ਤੇਰੀ ਤਰੀਕ ਜੋ ਮਰਜੀ ਹੋਵੇ, ਮੇਰੀ ਤਾਂ ਦੋ ਦਿਨ ਤੋਂ ਪੰਦਰਾਂ ਅਗਸਤ ਹੈ ਅਤੇ ਅਗਲੇ ਚਾਰ ਦਿਨ ਵੀ ਪੰਦਰਾਂ ਅਗਸਤ ਹੀ ਰਹਿਣੀ ਹੈ। ਮੇਰੀ ਘਰਵਾਲੀ ਹਫਤੇ ਲਈ ਪੇਕੇ ਗਈ ਹੈ।"

ਦੇਖਿਆ, ਸਾਨੂੰ ਆਪਣੀਆਂ ਪਤਨੀਆਂ (ਔਰਤਾਂ) ਨੂੰ ਬਦਨਾਮ ਕਰਨ ਅਤੇ ਉਹਨਾਂ ਬਾਰੇ ਵੀ ਭੈੜੇ ਭੈੜੇ ਚੁਟਕਲੇ ਬਣਾਉਣ ਅਤੇ ਫੈਲਾਉਣ ਦੀ ਪੂਰੀ ਆਜ਼ਾਦੀ ਹੈ।

ਸਾਡੀ ਰੀਸ ਕੌਣ ਕਰ ਲਊ?

*Original with;*
Jaswant Singh Zafar
*Digitized by;*
Panjab Digital Library

# ਇਕਿ ਤਤੇ ਇਕਿ ਬੋਲਨਿ ਮਿਠੇ

ਦੁਨੀਆਂ ਦੇ ਹਰ ਮਜ਼ਹਬ ਦੇ ਬਾਨੀ ਨੇ, ਹਰ ਪੈਗੰਬਰ ਨੇ ਮਿੱਠਾ ਬੋਲਣ ਦੀ ਤਾਕੀਦ ਕੀਤੀ ਹੈ, ਕੌੜਾ ਬੋਲਣ ਤੋਂ ਵਰਜਿਆ ਹੈ। ਪਰ ਅਸੀਂ ਸਾਰੇ ਮਿੱਠੇ ਨਾਲੋਂ ਕੌੜਾ ਵੱਧ ਬੋਲਦੇ ਹਾਂ। ਸਿਆਣੇ ਸੁਲਝੇ ਬੰਦੇ ਵੀ ਗੱਸੇ ਅਤੇ ਖਿਝ ਦੇ ਮੌਕੇ ਕੌੜਾ ਬੋਲ ਹੀ ਜਾਂਦੇ ਹਨ। ਹੋਰ ਤਾਂ ਹੋਰ ਧਾਰਮਿਕ ਅਖਵਾਉਣ ਜਾਂ ਧਾਰਮਿਕ ਭੇਖ ਵਾਲੇ ਸੱਜਣ ਵੀ ਕੌੜੇ ਬੋਲ ਬੋਲਦੇ ਅਕਸਰ ਦੇਖੇ ਸੁਣੇ ਜਾਂਦੇ ਹਨ।

ਅਸੀਸਾਂ ਮਿੱਠੇ ਬੋਲਾਂ ਦੀਆਂ ਅਤੇ ਗਾਲ਼ਾਂ ਕੌੜੇ ਬੋਲਾਂ ਦੀਆਂ ਸਿਖਲੀਆਂ ਉਦਾਹਰਨਾ ਹਨ। ਜਿਹਨਾਂ ਦੇ ਮੂੰਹੋਂ ਹਮੇਸ਼ਾ ਅਸੀਸਾਂ, ਸ਼ੁਭ ਕਾਮਨਾਵਾਂ ਨਿਕਲਦੀਆਂ ਹਨ ਉਹਨਾਂ ਦੇ ਚਿੱਤ ਸਥਾਈ ਮਿਠਾਸ ਨਾਲ ਭਰੇ ਹੋਏ ਹੁੰਦੇ ਹਨ। ਇਹ ਸਥਿਤੀ ਉਹਨਾਂ ਦੇ ਆਤਮਿਕ ਵਿਕਾਸ ਅਤੇ ਆਨੰਦ ਲਈ ਬਹੁਤ ਢੁੱਕਵੀਂ ਹੈ। ਜਿਹੜੇ ਗੱਲ-ਗੱਲ 'ਤੇ ਗਾਲ੍ਹ ਕੱਢਦੇ ਹਨ ਉਹਨਾਂ ਦੇ ਚੇਤ-ਅਚੇਤ ਮਨ ਵਿਚ ਕੌੜੱਤਣ ਟਿੱਕੀ ਹੁੰਦੀ ਹੈ ਜੋ ਆਤਮਕ ਵਿਨਾਸ਼ ਕਰਦੀ ਹੈ। ਸੁਚੇਤ ਯਤਨ ਨਾਲ ਅਸੀਂ ਆਪਣੀ ਬੋਲ ਬਾਣੀ ਵਿਚੋਂ ਗਾਲ੍ਹਾਂ ਨੂੰ ਮਨਫੀ ਕਰਕੇ ਆਪਣੇ ਅੰਦਰਲੀ ਕੁੜੱਤਣ ਘਟਾ ਸਕਦੇ ਹਾਂ। ਗੁਰਬਾਣੀ ਵਿਚ ਵਾਰ ਵਾਰ ਬੋਲ ਬਾਣੀ ਵਿਚ ਮਿਠਾਸ ਰੱਖਣ ਅਤੇ ਕੌੜਾ ਜਾਂ ਫਿੱਕਾ ਬਿਲਕੁਲ ਨਾ ਬੋਲਣ ਦਾ ਉਪਦੇਸ਼ ਹੈ। ਫਿਰ ਵੀ ਇਹ ਮੈਨੂੰ ਕਦੇ ਲੱਗਿਆ ਨਹੀਂ ਕਿ ਅਸੀਂ ਸਿੱਖ ਅਖਵਾਉਣ ਵਾਲੇ ਲੋਕ ਹੋਰ ਪੰਜਾਬੀਆਂ ਨਾਲੋਂ ਘੱਟ ਗਾਲ੍ਹਾਂ ਕੱਢਦੇ ਹੋਈਏ।

ਅਪਣੇ ਬਚਪਨ ਤੋਂ ਇਹ ਦਿਲਚਸਪ ਪਹਿਲੂ ਨੋਟ ਕੀਤਾ ਹੈ ਕਿ ਅਸੀਸਾਂ ਮਰਦਾਂ ਦੇ ਮੁਕਾਬਲੇ ਔਰਤਾਂ ਵਲੋਂ ਜ਼ਿਆਦਾ ਦਿੱਤੀਆਂ ਜਾਂਦੀਆਂ ਹਨ। ਇਹਨਾਂ ਵਿਚ ਮਰਦਾਂ ਲਈ ਸ਼ੁਭ ਕਾਮਨਾਵਾਂ ਹੁੰਦੀਆਂ ਹਨ ਜਿਵੇਂ ਤੇਰਾ ਬਾਬਲ ਜੀਵੇ, ਵੀਰ ਜੀਵੇ, ਸਾਈਂ ਜੀਵੇ, ਬੁੱਢ ਸੁਹਾਗਣ ਹੋਵੇਂ, ਦੁਧੀਂ ਪੁੱਤੀਂ ਫਲੇਂ ਆਦਿ। ਕੋਈ ਮਾਈ ਇਹ ਕਹਿੰਦੀ ਨਹੀਂ ਸੁਣੀ, "ਤੇਰੀ ਮਾਂ ਜੀਵੇ, ਤੇਰੀ ਭੈਣ ਰਾਜੀ ਰਹੇ, ਤੇਰੀ ਧੀ ਜੀਵੇ"। ਦੂਜੇ ਪਾਸੇ ਗਾਲ੍ਹਾਂ ਔਰਤਾਂ ਦੇ ਮੁਕਾਬਲੇ ਪੁਰਸ਼ ਵਧੇਰੇ ਕੱਢਦੇ ਹਨ ਅਤੇ ਇਹਨਾਂ ਵਿਚ ਔਰਤਾਂ ਪ੍ਰਤੀ ਨਿਰਾਦਰ ਅਤੇ ਬਲਾਤਕਾਰੀ



Original ... Digitized by: Panjab Digital Library

ਭਾਵਨਾ ਪ੍ਰਗਟ ਕੀਤੀ ਜਾਂਦੀ ਹੈ। ਅਕਸਰ ਦੇਖਦੇ ਸੁਣਦੇ ਹਾਂ ਕਿ ਪਾਰਕਾਂ ਵਿਚ ਸੈਰ ਕਰਦੇ ਜਾਂ ਹੋਰ ਥਾਈਂ ਬੰਦੇ ਆਪਣੇ ਹਰ ਫਿਕਰੇ ਵਿਚ ਗਾਲਾਂ ਦਾ ਸੰਖੇਪ ਰੂਪ (ਮਾਚੋ, ਭੈਚੋ ਆਦਿ) ਬੋਲਦੇ ਹੀ ਰਹਿੰਦੇ ਹਨ ਅਤੇ ਉਹਨਾਂ ਨੂੰ ਇਸ ਗੱਲ ਦਾ ਪਤਾ ਵੀ ਨਹੀਂ ਹੁੰਦਾ ਕਿ ਉਹ ਆਪਣੀ ਬੋਲ ਬਾਣੀ ਵਿਚ ਕਿੰਨੀਆਂ ਜ਼ਿਆਦਾ ਗਾਲ਼੍ਹਾਂ ਕੱਢਦੇ ਰਹਿੰਦੇ ਹਨ।

ਇਕ ਵਾਰ 9-10 ਸਾਲ ਦੀ ਉਮਰ ਵਿਚ ਮੇਰੀ ਬੇਟੀ ਨੇ ਮੈਨੂੰ ਦੱਸਿਆ ਕਿ ਮੈਂ ਗਾਲ਼੍ਹਾਂ ਬਹੁਤ ਕੱਢਦਾ ਹਾਂ। ਮੈਨੂੰ ਸੁਣ ਕੇ ਹੈਰਾਨੀ ਹੋਈ ਕਿਉਂਕਿ ਸਾਡੇ ਤਾਂ ਖਾਨਦਾਨ ਵਿਚ ਮੈਂ ਕਿਸੇ ਨੂੰ ਗਾਲ਼੍ਹ ਕੱਢਦੇ ਕਦੀ ਨਹੀਂ ਸੁਣਿਆਂ। ਮੈਂ ਬੜੇ ਆਤਮ ਵਿਸ਼ਵਾਸ ਨਾਲ ਉਸਨੂੰ ਕਿਹਾ ਕਿ ਮੈਨੂੰ ਦੱਸਿਆ ਜਾਵੇ ਕਿ ਮੈਂ ਕਦੋਂ ਅਤੇ ਕਿਸ ਨੂੰ ਗਾਲ ਕੱਢੀ ਹੈ। ਉਸ ਦੱਸਿਆ ਕਿ ਮੈਂ ਅਕਸਰ ਹੀ ਫੋਨ ਤੇ ਇਕ ਗਾਲ਼੍ਹ ਕੱਢਦਾ ਹਾਂ, "ਉਹ ਸਾਲਾ, ਓਸ ਸਾਲੇ ਨੇ ਇੰਝ ਕੀਤਾ, ਓਹ ਸਾਲਾ ਇਹ ਬੋਲਿਆ। ਇੰਝ ਕਿਸੇ ਲਈ ਸਾਲਾ ਸ਼ਬਦ ਵਰਤਣਾ ਗਾਲ਼੍ਹ ਹੀ ਹੁੰਦੀ ਹੈ।" ਇਸ ਤੋਂ ਬਾਅਦ ਮੈਂ ਬਹੁਤ ਸੁਚੇਤ ਹੋਇਆ ਅਤੇ ਉਸ ਨੂੰ ਕਿਹਾ ਕਿ ਮੈਂ ਫਿਰ ਜਦ ਵੀ ਇਹ ਗਾਲ਼੍ਹ ਕੱਢਾਂ ਤਾਂ ਮੈਨੂੰ ਨਾਲ ਦੀ ਨਾਲ ਟੋਕਿਆ ਜਾਵੇ। ਉਸ ਮਹੀਨੇ ਕੁ ਬਾਅਦ ਫੀਡਬੈਕ ਦਿੱਤੀ ਕਿ ਮੈਂ ਆਪਣੀ ਇਹ ਆਦਤ ਪੂਰੀ ਸੁਧਾਰ ਲਈ ਹੈ।

ਇਸ ਤੋਂ ਮੈਂ ਸਮਝਿਆ ਕਿ ਸਾਡੀ ਇਹ ਬੁਰਾਈ ਧੀਆਂ ਭੈਣਾਂ ਦੇ ਹੀ ਦੂਰ ਕਰਨ ਦੀ ਹੈ। ਜੇ ਤੁਸੀਂ ਪੁਰਸ਼ ਹੋ ਤਾਂ ਆਪਣੀ ਮਾਂ ਜਾਂ ਕਿਸੇ ਧੀਅ ਭੈਣ ਦੀ ਡਿਊਟੀ ਲਾ ਰੱਖੋ ਕਿ ਤੁਸੀਂ ਜਦ ਕਦੀ ਵੀ ਗਾਲ਼੍ਹ ਕੱਢੋ ਤਾਂ ਉਹ ਤੁਹਾਨੂੰ ਟੋਕੇ। ਜੇ ਤੁਸੀਂ ਔਰਤ ਹੋ ਤਾਂ ਇਹ ਮੋਰਚਾ ਸੰਭਾਲੋ ਕਿ ਤੁਹਾਡੇ ਹੁੰਦਿਆਂ ਤੁਹਾਡਾ ਪਿਓ, ਭਰਾ, ਪਤੀ ਜਾਂ ਪੁੱਤਰ ਕਦੀ ਗਾਲ਼੍ਹ ਨਹੀਂ ਕੱਢੇਗਾ। ਜੇ ਘਰ ਵਿਚ ਅਜਿਹਾ ਕਰੇਗਾ ਤਾਂ ਉਸ ਨੂੰ ਪਾਣੀ ਦਾ ਗਿਲਾਸ ਜਾਂ ਰੋਟੀ ਨਹੀਂ ਫੜਾਈ ਜਾਵੇਗੀ। ਇੰਝ ਕਰਨ ਨਾਲ ਘਰ ਵਿਚ ਕੋਈ ਕਲੇਸ਼ ਪੈਣ ਦਾ ਖ਼ਤਰਾ ਨਹੀਂ ਸਗੋਂ ਆਪਸ ਵਿਚ ਵੀ ਪ੍ਰੇਮ ਵਧੇਗਾ।





Original with;
Jaswant Singh Zakhmi
Digitized by;
Panjab Digital Library

## ਤਖਤਿ ਬਹੈ ਤਖਤੈ ਕੀ ਲਾਇਕ

ਰਾਜ ਕਰਨ ਦੀ ਚਾਹਤ ਰੱਖਣ, ਰਾਜ ਖੋਹਣ ਜਾਂ ਹਾਸਲ ਕਰਨ, ਰਾਜ ਮਿਲ ਜਾਣ, ਰਾਜ ਸਾਂਭਣ, ਰਾਜ ਫੈਲਾਉਣ ਜਾਂ ਵਧੀਆ ਰਾਜ ਪ੍ਰਸ਼ਾਸਨ ਚਲਾਉਣ ਦੀਆਂ ਯੋਗਤਾਵਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਵਿੱਚ ਇਹ ਸਾਰੀਆਂ ਯੋਗਤਾਵਾਂ ਭਰਪੂਰ ਰੂਪ ਵਿਚ ਮੰਨੀਆਂ ਜਾਂਦੀਆਂ ਹਨ। ਪ੍ਰੰਤੂ ਉਸ ਦਾ ਵੱਡਾ ਪੁੱਤਰ ਖੜਕ ਸਿੰਘ ਵਿਰਾਸਤ ਵਿੱਚ ਮਿਲਿਆ ਰਾਜ ਚਲਾ ਨਾ ਸਕਿਆ। ਆਪਣੇ ਸਭ ਤੋਂ ਕਰੀਬੀ ਸਲਾਹਕਾਰ, ਅਹਿਲਕਾਰ ਅਤੇ ਰਿਸ਼ਤੇਦਾਰ ਚੇਤ ਸਿੰਘ ਬਾਜਵਾ ਨੂੰ ਆਪਣੇ ਹੀ ਪੁੱਤਰ ਨੌਨਿਹਾਲ ਸਿੰਘ ਦੇ ਕ੍ਰੋਧ ਤੋਂ ਬਚਾ ਨਾ ਸਕਿਆ। ਆਪ ਵੀ ਪੁੱਤਰ ਹੱਥੋਂ ਜ਼ਲਾਲਤ ਨਾ ਸਹਾਰਦਾ ਹੋਇਆ ਮਰਿਆ। ਅੱਗੋਂ ਇਹ ਪੁੱਤਰ ਵੀ ਆਪਣੇ ਦਾਦੇ ਦੇ ਵਿਸ਼ਵਾਸ ਪਾਤਰ ਰਹੇ ਅਹਿਲਕਾਰਾਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋ ਕੇ ਮਰਿਆ। ਮਹਾਰਾਜੇ ਦਾ ਛੋਟਾ ਪੁੱਤਰ ਸ਼ੇਰ ਸਿੰਘ ਕਾਫੀ ਮਾਰ ਮਰਾਈ ਪਿੱਛੋਂ ਗੱਦੀ 'ਤੇ ਬੈਠਾ ਤਾਂ ਉਹ ਵੀ ਖੁਦ ਨੂੰ ਅਤੇ ਆਪਣੇ ਪੁੱਤਰ ਨੂੰ ਇਹਨਾਂ ਸਾਜਿਸ਼ੀਆਂ ਦੀ ਮਾਰ ਤੋਂ ਬਚਾ ਨਾ ਸਕਿਆ। ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਕੋਈ ਵੀ ਰਾਜ-ਵਾਰਸ ਆਪਣੀ ਫੌਜ ਦੇ ਪਦਾਰਥਕ ਲਾਲਚ, ਬੇਮੁਹਾਰਤਾ ਅਤੇ ਬਲੈਕਮੇਲ ਬਿਰਤੀ ਸਾਹਮਣੇ ਉਭਰ ਨਾ ਸਕਿਆ। ਮਹਾਰਾਜੇ ਦਾ ਸਭ ਤੋਂ ਛੋਟਾ ਪੁੱਤਰ ਦਲੀਪ ਸਿੰਘ ਪ੍ਰਤੀਕ ਰੂਪ ਵਿੱਚ ਰਾਜਾ ਬਣਿਆ ਤਾਂ ਰਾਜ ਦੇ ਕਾਰਜਕਾਰੀ ਉਸ ਦੇ ਮਾਮੇ ਦਾ ਇਸ 'ਖਾਲਸਾ' ਫੌਜ ਨੇ ਬੇਰਹਿਮੀ ਨਾਲ ਜਨਤਕ ਤੌਰ ਤੇ ਕਤਲ ਕਰ ਦਿੱਤਾ। 'ਆਪਣਿਆਂ' ਹੱਥੋਂ ਬਚਣ ਲਈ ਮਹਾਰਾਣੀ ਜਿੰਦਾਂ ਨੇ ਅੰਗਰੇਜ਼ਾਂ ਨੂੰ ਪੱਤਰ ਲਿਖ ਕੇ ਲਹੌਰ ਦਰਬਾਰ ਸਾਂਭਣ ਲਈ ਬੁਲਾਇਆ ਅਤੇ ਉਹ ਰਣਜੀਤ ਸਿੰਘ ਦੇ ਰਾਜ ਤੇ ਪੂਰੀ ਤਰ੍ਹਾਂ ਕਾਬਜ਼ ਹੋ ਗਏ।

ਮੈਨੂੰ ਇਹ ਗੱਲਾਂ ਅੰਡੇਮਾਨ ਦਾ ਰੌਸ ਟਾਪੂ ਦੇਖਦਿਆਂ ਚੇਤੇ ਆਈਆਂ। ਅੰਗਰੇਜ਼ੀ ਰਾਜ ਵੇਲੇ ਇਥੇ ਬਹੁਤ ਸ਼ਾਨਦਾਰ ਬੰਗਲੇ, ਚਰਚ, ਪਾਵਰ ਹਾਊਸ, ਬੈਰਕਾਂ, ਕਲੱਬਾਂ, ਤਲਾਬਾਂ ਤੇ ਇਲਾਵਾ ਹੋਰ ਕਿੰਨਾ ਕੁੱਝ ਸੀ। ਸੰਸਾਰ ਯੁੱਧ ਦੌਰਾਨ ਇਹ ਟਾਪੂ ਸਭ ਕਾਸੇ ਸਮੇਤ ਜਪਾਨੀਆਂ ਦੇ ਹੱਥ ਆ ਗਿਆ। ਅੰਗਰੇਜ਼ਾਂ ਦੇ ਸਤਾਏ ਸਥਾਨਕ ਲੋਕਾਂ ਨੇ ਬੜੀਆਂ ਚਾਂਭੜਾਂ ਪਾਈਆਂ। ਪਰ ਜਪਾਨੀਆਂ ਦੇ ਜ਼ੁਲਮ ਅਤੇ ਤਸ਼ੱਦਦ ਨੇ ਅੰਗਰੇਜ਼ਾਂ ਨੂੰ ਵੀ ਮਾਤ ਪਾ ਦਿੱਤਾ। ਡਾ. ਦਿਵਾਨ ਸਿੰਘ ਕਾਲੇਪਾਣੀ ਦੀ ਮੌਤ ਅਜਿਹੇ ਤਸ਼ੱਦਦ ਦਾ ਹੀ ਨਤੀਜਾ ਸੀ। ਪਰ ਬਦਲੇ ਹਾਲਾਤਾਂ ਕਰਕੇ ਜਪਾਨੀਆਂ ਨੂੰ 1943 ਵਿਚ ਇਹ ਇਲਾਕਾ ਛੱਡਣਾ ਪਿਆ। ਤਦ ਤੋਂ ਕਹਿਣ ਨੂੰ ਇਹ ਟਾਪੂ 'ਸਾਡੇ' ਕੋਲ ਹੈ। ਪਰ ਉਹਨਾਂ ਸ਼ਾਨਦਾਰ ਇਮਾਰਤਾਂ 'ਤੇ ਪੂਰੀ ਤਰ੍ਹਾਂ ਕੁਦਰਤ ਦਾ ਕਬਜ਼ਾ ਹੈ। ਜਿਵੇਂ ਕਿ ਅਗਲੀ ਤਸਵੀਰ ਵਿਚ ਦਰਸਾਇਆ ਗਿਆ ਹੈ।

*Original with;*
Jaswant Singh Zafar
*Digitized by;*
Panjab Digital Library



Original with;
Jaswant Singh Zafar
Digitized by;
Panjab Digital Library

# ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਬ੍ਰਹਮ ਦੀ ਵਿਚਾਰ ਕਰਨ ਵਾਲੇ ਆਤਮ ਗਿਆਨੀ ਨੂੰ ਬ੍ਰਾਹਮਣ ਕਿਹਾ ਗਿਆ ਹੈ। ਦੂਸਰਿਆਂ ਲਈ ਅਨਮੋਲ ਗਿਆਨ ਦਾ ਸਰੋਤ ਹੋਣ ਕਾਰਨ ਉਸ ਦਾ ਬਹੁਤ ਆਦਰ ਕੀਤਾ ਗਿਆ ਹੈ। ਪ੍ਰੰਤੂ ਗੁਰਬਾਣੀ ਜਨਮ ਅਤੇ ਜਾਤ ਅਧਾਰਤ ਬ੍ਰਾਹਮਣ ਦੀ ਸਮਾਜਕ ਚੌਧਰ ਜਾਂ ਸਰਬਉੱਚਤਾ ਨੂੰ ਮਾਨਤਾ ਨਹੀਂ ਦਿੰਦੀ। ਪਰ ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਸਾਨੂੰ ਬ੍ਰਾਹਮਣ ਜਾਤੀ ਨਾਲ ਸਬੰਧਤ ਲੋਕਾਂ ਨਾਲ ਨਫ਼ਰਤ ਕਰਨ ਦੀ ਆਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚਲੇ ਭੱਟ ਸਾਹਿਬਾਨ ਅਤੇ ਕਈ ਭਗਤ ਸਾਹਿਬਾਨ ਦਾ ਸਬੰਧ ਬ੍ਰਾਹਮਣ ਜਾਤੀ ਨਾਲ ਸੀ। ਇਹਨਾਂ ਵਿਚੋਂ ਘੱਟੋ-ਘੱਟ ਤਿੰਨ ਬਾਣੀਕਾਰਾਂ ਭਗਤ ਜੈ ਦੇਵ ਜੀ, ਭਗਤ ਰਾਮਾਨੰਦ ਜੀ ਅਤੇ ਭਗਤ ਤਿਰਲੋਚਨ ਜੀ ਦੇ ਨਾਂ ਦਾ ਹੋਰ ਬਾਣੀਕਾਰਾਂ ਦੀ ਬਾਣੀ ਵਿੱਚ ਜ਼ਿਕਰ ਬਹੁਤ ਆਦਰ ਸਹਿਤ ਆਉਂਦਾ ਹੈ। ਪਰ ਅਸੀਂ (ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਲੋਕ) ਬ੍ਰਾਹਮਣ ਸ਼ਬਦ ਦੀ ਵਰਤੋਂ ਇਸ ਤਰ੍ਹਾਂ ਕਰਦੇ ਹਾਂ ਜਿਵੇਂ ਇਹ ਜਾਤੀ ਸਿੱਖੀ ਲਈ ਅਛੂਤ ਹੋਵੇ।

ਗੰਗੂ ਗੁਰੂ ਘਰ ਦਾ ਬਹੁਤ ਕਰੀਬੀ ਅਤੇ ਗੁਰੂ ਸਾਹਿਬ ਦਾ ਨਿੱਜੀ ਰਸੋਈਆ ਸੀ। ਪ੍ਰੰਤੂ ਉਸ ਨੇ ਮਾਇਆ ਦੇ ਲਾਲਚ ਵੱਸ ਗੁਰੂ ਪਰਿਵਾਰ ਨਾਲ ਬੇਵਫ਼ਾਈ ਕੀਤੀ ਅਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਗ੍ਰਿਫ਼ਤਾਰੀ ਕਰਵਾਈ। ਅਸੀਂ ਉਸ ਦਾ ਜ਼ਿਕਰ ਕਰਨ ਲੱਗਿਆਂ ਉਸ ਦੇ ਨਾਂ ਨਾਲ ਉਸ ਦੀ ਜਾਤ ਜ਼ਰੂਰ ਲਾਉਂਦੇ ਹਾਂ। ਭਾਵ ਉਸ ਨੂੰ ਗੰਗੂ ਦੀ ਬਜਾਏ ਗੰਗੂ ਬ੍ਰਾਹਮਣ ਨਾਂ ਨਾਲ ਚੇਤੇ ਕਰਦੇ ਹਾਂ। ਇਸ ਤਰ੍ਹਾਂ ਜਾਣੇ-ਅਣਜਾਣੇ ਅਸੀਂ ਇੱਕ ਵਿਅਕਤੀ ਦੇ ਨਾਲ ਨਾਲ ਉਸ ਜਾਤੀ ਨਾਲ ਸਬੰਧਤ ਸਾਰੇ ਲੋਕਾਂ ਪ੍ਰਤੀ ਨਫ਼ਰਤ ਦਾ ਸੰਚਾਰ ਕਰ ਜਾਂਦੇ ਹਾਂ।

ਗੁਰੂ ਤੇਗ ਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਉਨ੍ਹਾਂ ਦੇ ਕਰੀਬੀ ਸਾਥੀ ਭਾਈ ਮਤੀ ਦਾਸ ਸਤੀ ਦਾਸ ਅਤੇ ਭਾਈ ਦਿਆਲਾ ਜੀ ਵੀ ਬ੍ਰਾਹਮਣ ਪਰਿਵਾਰ ਵਿੱਚ ਜੰਮੇ-ਪਲੇ ਸਨ। ਪ੍ਰੰਤੂ ਉਨ੍ਹਾਂ ਦਾ ਜ਼ਿਕਰ ਕਰਨ ਲੱਗਿਆਂ ਅਸੀਂ ਕਦੀ ਵੀ ਉਨ੍ਹਾਂ ਦੇ ਨਾਂ ਨਾਲ ਉਨ੍ਹਾਂ ਦੀ ਜਾਤ ਦਾ ਜ਼ਿਕਰ ਨਹੀਂ ਕਰਦੇ। ਅਜਿਹਾ ਨਾ ਕਰਨ ਕਰਕੇ ਉਹਨਾਂ ਦੀ ਜਾਤ ਦਾ ਬਹੁਤ ਘੱਟ ਲੋਕਾਂ ਨੂੰ ਪਤਾ ਹੈ। ਜਦ ਕਿ ਗੰਗੂ ਦੇ ਬ੍ਰਾਹਮਣ ਜਾਤ ਨਾਲ ਸਬੰਧਤ ਹੋਣ ਦਾ ਸਭ ਨੂੰ ਪਤਾ ਹੈ।

ਅਸੀਂ ਉਂਜ ਵੀ ਦੂਸਰਿਆਂ ਦੇ ਨਾਂ ਨਾਲ ਉਹਨਾਂ ਦੀ ਜਾਤ ਉਨ੍ਹਾਂ ਨੂੰ ਆਪਣੇ ਤੋਂ ਛੋਟੇ ਜਾਂ ਨੀਵੇਂ ਦਰਸਾਉਣ ਲਈ ਲਾਉਂਦੇ ਹਾਂ। ਨਾਂ ਤੋਂ ਅੱਗੇ ਜਾਤੀ ਸੂਚਕ ਸ਼ਬਦ ਅਤੇ ਉਸ ਤੋਂ ਅੱਗੇ ਕੁੱਤਾ ਜਾਂ ਸਾਲਾ ਸ਼ਬਦ ਲਾਉਣ ਦਾ ਵੀ ਰਿਵਾਜ ਹੈ। ਬੜੀ ਮਾੜੀ ਗੱਲ ਹੈ।

*Original with;*
Jaswant Singh Zafar
*Digitized by;*
Panjab Digital Library



Original with
Jaswant Singh
Digitized by
Panjab Digital Library

## ਸ਼ਬਦ ਅਤੇ ਫਿਰਕਾਪ੍ਰਸਤੀ

ਇਸ ਕਿਤਾਬ ਦਾ ਨਾਂ ਜਦ 'ਚਮੇਲੀ ਦੇ ਫੁੱਲ' ਰੱਖਣਾ ਸੋਚਿਆ ਤਾਂ ਇਹ ਗੱਲ ਫੇਸ ਬੁੱਕ 'ਤੇ ਸਾਂਝੀ ਕੀਤੀ। ਬੜੇ ਰੰਗ ਬਰੰਗੇ ਪ੍ਰਤੀਕਰਮ ਆਏ। ਕਿਸੇ ਨੇ ਕਿਹਾ ਕਿ ਸਰੋਂ ਜਾਂ ਤੋਰੀਏ ਫੁੱਲ ਰੱਖੋ, ਕਿਸੇ ਨੇ ਅਲਸੀ ਦੇ ਫੁੱਲ ਰੱਖਣ ਨੂੰ ਕਿਹਾ। ਇਕ ਨੇ ਕਿਹਾ ਕਿ ਅੱਕ ਦੇ ਫੁੱਲ ਜ਼ਿਅਦਾ ਠੀਕ ਰਹੂ। ਇਕ ਨੇ ਇਤਰਾਜ਼ ਦੇ ਅੰਦਰਲੀ ਗੱਲ ਦੱਸੀ ਕਿ ਚਮੇਲੀ ਤੋਂ ਤਾਂ ਇੰਝ ਲੱਗਦਾ ਜਿਵੇਂ ਕਿਸੇ ਭਈਏ ਦੀ ਘਰ ਵਾਲੀ ਦਾ ਨਾਂ ਹੋਵੇ। ਉਸ ਨੂੰ ਇਸ਼ਾਰੇ ਮਾਤਰ ਗੁਰੂ ਨਾਨਕ ਦਾ ਨਾਂ ਯਾਦ ਕਰਾਇਆ ਤਾਂ ਵੀ ਉਹ ਨਹੀਂ ਸਮਝਿਆ ਸਗੋਂ ਹੋਰ ਗੁਸੈਲ਼ ਹੋ ਗਿਆ। ਕਾਫੀ ਬੁਰਾ ਭਲਾ ਕਹਿਣ ਤੋਂ ਬਾਅਦ ਉਸ ਮੈਨੂੰ ਸਿਰਫ਼ ਕਵਿਤਾ ਲਿਖ ਕੇ ਡੰਗ ਸਾਰਨ ਵਾਲਾ ਕਹਿ ਕੇ ਆਪਣਾ ਗੁੱਸਾ ਠੰਡਾ ਕੀਤਾ।

ਮੇਰੇ ਨਾਲ ਅਕਸਰ ਅਜਿਹਾ ਕੁਝ ਹੁੰਦਾ ਰਹਿੰਦਾ ਜੋ ਆਪਣੇ ਭਾਈਚਾਰੇ 'ਤੇ ਮੁਸਕ੍ਰਾਉਣ ਦਾ ਸਬੱਬ ਹੁੰਦਾ। ਜਦੋਂ ਅਸੀਂ ਆਪਣੇ ਬੱਚੇ ਦਾ ਨਾਂ ਵਿਵੇਕ ਸਿੰਘ ਰੱਖਿਆ ਤਾਂ ਇਕ ਜਾਣੂ 'ਸਿੰਘ' ਕਹਿਣ ਲੱਗਾ, "ਇਹ ਕੀ ਤੁਸੀਂ ਬਾਹਮਣਾਂ ਵਰਗਾ ਨਾਂ ਰੱਖ ਲਿਆ?" ਜਦ ਉਸ ਨੂੰ ਯਾਦ ਕਰਾਇਆ ਕਿ ਸਿੱਖਾਂ ਦੀ ਹਰੇਕ ਅਰਦਾਸ ਵਿਚ ਵਿਵੇਕ ਦਾਨ ਮੰਗਿਆ ਜਾਂਦਾ ਤਾਂ ਉਸਦਾ ਇਤਰਾਜ਼ ਠੰਡਾ ਹੋਇਆ।

ਇਕ ਵਾਰ ਸਾਡੇ ਕੋਈ ਮਿਲਣ ਆਇਆ ਸੀ, ਸਵੇਰੇ ਮੇਰੇ ਨਾਲ ਸੈਰ ਕਰਨ ਗਿਆ। ਸੈਰ ਦੌਰਾਨ ਕੋਲੋਂ ਲੰਘਣ ਵੇਲੇ ਮੈਨੂੰ ਜਦ ਵੀ ਕਿਸੇ ਰੋਡੇ ਬੰਦੇ ਨੇ ਸਤਿ ਸ੍ਰੀ ਅਕਾਲ ਬੁਲਾਈ ਤਾਂ ਮੈਂ ਉਹਨਾਂ ਨੂੰ ਨਮਸਕਾਰ ਜੀ ਕਹਿ ਕੇ ਜੁਆਬ ਦਿੱਤਾ। ਮਹਿਮਾਨ ਓਦੋਂ ਤਾਂ ਚੁੱਪ ਰਿਹਾ, ਘਰ ਆ ਕੇ ਨਰਾਜ਼ ਹੋਇਆ, "ਜਦ ਬਾਊਆਂ ਨੇ ਤੁਹਾਨੂੰ ਚੰਗੀ ਭਲੀ ਸਾਸਰੀਕਾਲ ਬੁਲਾਈ ਸੀ, ਤੁਹਾਨੂੰ ਨਮਸਕਾਰ ਕਹਿਣ ਦੀ ਕੀ ਮਜਬੂਰੀ ਸੀ?" ਮੈਂ ਉਹਨੂੰ ਮੁਸਕ੍ਰਾ ਕੇ ਟਾਲਣ ਮਾਰੇ ਕਿਹਾ." ਨਮਸਕਾਰ ਕਿਹੜਾ ਮਾੜਾ ਸ਼ਬਦ ਹੈ?" ਪਰ ਉਸ ਦੀ ਦਲੀਲ ਸੀ ਕਿ ਸਾਨੂੰ ਆਪਣੇ 'ਧਰਮ' ਅਨੁਸਾਰ ਹੀ ਜੁਆਬ ਦੇਣਾ ਚਾਹੀਦਾ। ਹਾਰ ਕੇ ਮੈਨੂੰ ਉਸ ਨੂੰ ਦੱਸਣਾ ਹੀ ਪਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਚੌਪਈ ਬਾਣੀ ਵਿਚ ਪਰਮਾਤਮਾ ਲਈ ਕਿਹਾ "ਨਮਸਕਾਰ ਤਿਸ ਹੀ ਕੋ ਹਮਾਰੀ"। ਨਾਲੇ ਜਾਪ ਸਾਹਿਬ ਵਿਚ ਵੀ ਨਮਸਤੰ ਸ਼ਬਦ ਬਹੁਤ ਵਾਰ ਆਉਂਦਾ ਹੈ। ਇਹ ਸ਼ਬਦ ਵੀ ਆਪਣੇ 'ਧਰਮ' ਤੋਂ ਬਾਹਰਾ ਨਹੀਂ।

*Original with;*
Jaswant Singh Zafar
*Digitized by;*
Panjab Digital Library

# ਆਪਣੇ ਆਲੀ ਗੱਲ ਨੀਂ ਬਣੀ

ਨਿਊ ਯਾਰਕ ਯੂਨੀਵਰਸਿਟੀ ਦੇ ਸਕਿਰਬਾਲ ਸੈਂਟਰ ਵਿਖੇ 18 ਨਵੰਬਰ 2022 ਸ਼ਾਮ ਨੂੰ ਉਸਤਾਦ ਜ਼ਾਕਿਰ ਹੁਸੈਨ ਤੇ ਨਿਲਾਦਰੀ ਕੁਮਾਰ ਦਾ ਸੰਗੀਤ ਪ੍ਰੋਗਰਾਮ ਸ਼ੁਰੂ ਹੋਣ ਦਾ ਸਮਾਂ ਸ਼ਾਮ 8 ਵਜੇ ਦਾ ਸੀ। ਲਗਪਗ 1000 ਬੰਦਿਆਂ ਦੇ ਬੈਠਣ ਵਾਲੇ ਹਾਲ ਵਿਚ 8.00 ਵਜੇ ਇਕ ਵੀ ਸੀਟ ਖਾਲੀ ਨਹੀਂ ਸੀ ਅਤੇ ਪੂਰੇ ਹਾਲ ਵਿਚ ਕੋਈ ਇੱਕ ਵੀ ਬੰਦਾ ਤੁਰ ਫਿਰ ਨਹੀਂ ਸੀ ਰਿਹਾ। ਸਟੇਜ ਦੀ ਸਪਾਟ ਲਾਈਟ ਵਿੱਚ ਤਬਲਾ ਤੇ ਸਿਤਾਰ ਪਏ ਸਨ। 8.10 ਵਜੇ ਇਕ ਆਯੋਜਕ ਮੰਚ 'ਤੇ ਆਈ। ਆਪਣੇ 4 ਕੁ ਮਿੰਟ ਦੇ ਸੰਬੋਧਨ ਵਿਚ ਉਸ ਨੇ ਸਭ ਦਰਸ਼ਕਾਂ ਦਾ ਸਵਾਗਤ ਕੀਤਾ, ਦੋਵਾਂ ਸੰਗੀਤਕਾਰਾਂ ਤੇ ਪ੍ਰੋਗਰਾਮ ਬਾਰੇ ਦੱਸਿਆ, ਪਰ ਸਾਡੇ ਵਾਲਿਆਂ ਵਾਂਗੂੰ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕੀਤੀ:

1. ਸਾਡੇ ਅੱਜ ਦੇ ਮੁੱਖ ਮਹਿਮਾਨ ਫਲਾਣਾ ਸਿੰਘ ਢਿਮਕਾ ਕੁਝ ਮਿੰਟਾਂ ਤਕ ਸਾਡੇ ਵਿਚ ਸ਼ਾਮਲ ਹੋ ਰਹੇ ਹਨ।
2. ਅੱਜ ਦੇ ਸਮਾਰੋਹ ਦੀ ਪ੍ਰਧਾਨਗੀ ਫਲਾਣਾ ਚੰਦ ਡਿਮਕਾ ਕਰ ਰਹੇ ਹਨ।
3. ਅਗਲੀਆਂ ਸੀਟਾਂ ਸਾਡੇ ਆ ਰਹੇ ਵਿਸ਼ੇਸ਼ ਮਹਿਮਾਨਾਂ ਦੇ ਬੈਠਣ ਲਈ ਖਾਲੀ ਕਰ ਦਿੱਤੀਆਂ ਜਾਣ।
4. ਪਿੱਛੇ ਬੈਠੇ ਸਾਡੇ ਬਹੁਤ ਹੀ ਸਤਿਕਾਰਯੋਗ ਫਲਾਣਾ ਸਿੰਘ ਤੇ ਢੀਮਕਾ ਰਾਮ ਜੀ ਨੂੰ ਬੇਨਤੀ ਹੈ ਕਿ ਅਗਲੀਆਂ ਸੀਟਾਂ 'ਤੇ ਆ ਜਾਣ ਜੀ।
5. ਸਾਡੇ ਫਲਾਣੇ ਫਲਾਣੇ ਅਹੁਦੇਦਾਰ ਫਲਾਣੀ ਫਲਾਣੀ ਮਹਾਨ ਸ਼ਖਸੀਅਤ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਸਵਾਗਤ ਕਰਨਗੇ।
6. ਸਾਰੇ ਦਰਸ਼ਕ ਆਪਣੇ ਮੋਬਾਇਲ ਫੋਨ ਬੰਦ ਕਰ ਲਓ ਜਾਂ ਸਾਈਲੈਂਟ ਮੋਡ ਤੇ ਕਰ ਲਓ।

ਉਸ ਨੇ ਦਰਸ਼ਕਾਂ ਨੂੰ ਸਿਰਫ਼ ਏਨਾ ਕਿਹਾ ਕਿ ਦੋਵਾਂ ਸਾਜ਼ ਨਿਵਾਜ਼ਾਂ ਦਾ ਪੂਰੇ ਜੋਸ਼ ਨਾਲ ਸਵਾਗਤ ਕੀਤਾ ਜਾਵੇ। ਨਾਲ ਹੀ ਦੋਵੇਂ ਕਲਾਕਾਰ ਮੰਚ 'ਤੇ ਆ ਗਏ, ਦਰਸ਼ਕਾਂ ਨੇ ਖੜੇ ਹੋ ਕੇ ਭਰਪੂਰ ਤਾੜੀਆਂ ਨਾਲ ਹਾਲ ਗੂੰਜਾ ਦਿੱਤਾ। ਦੋਵੇਂ ਕਲਾਕਾਰ ਹੱਥ ਜੋੜ ਸਵਾਗਤ ਕਬੂਲ ਕੇ ਆਪਣੀਆਂ ਥਾਵਾਂ ਤੇ ਬੈਠੇ ਤਾਂ ਨਾਲ ਹੀ ਸਾਰੇ ਸਰੋਤੇ ਵੀ ਆਪਣੀਆਂ ਸੀਟਾਂ 'ਤੇ ਬੈਠ ਗਏ। ਬੈਠ ਕਾਹਦੇ ਗਏ ਬੱਸ ਇਕ ਦਮ ਸੁਸਰੀ ਵਾਂਗ ਸੌਂ ਗਏ, ਮਾਮੂਲੀ ਚੂੰ ਚਾਂ ਵੀ ਨਹੀਂ ਬਚੀ।

ਦੋ ਘੰਟੇ ਸੰਗੀਤ ਦਾ ਪ੍ਰੋਗਰਾਮ ਖਾਸ ਉਤਰਾ ਚੜ੍ਹਾ ਤੋਂ ਬਗੈਰ ਹੀ ਚੱਲੀ ਗਿਆ। ਵਿਚ ਵਿੱਚ ਉਹ ਕੋਈ ਖਾਸ ਕਲਾਕਾਰੀ ਜਾਂ ਜੁਗਲ ਦਿਖਾਉਂਦੇ ਤਾਂ ਦਰਸ਼ਕ ਖੂਬ ਤਾੜੀਆਂ ਮਾਰ ਕੇ ਦਾਦ ਦਿੰਦੇ। ਪਰ ਇਸ ਦੌਰਾਨ ਸਾਡੇ ਵਾਂਗੂੰ ਪਹਿਲੀ ਕਤਾਰ ਵਾਲਿਆਂ ਦੇ ਕੋਈ ਗੋਲ ਰਿਬਨ ਦੇ ਫੁੱਲ ਲਾਉਣ ਨਹੀਂ ਆਇਆ, ਨਾ ਉਹਨਾਂ ਲਈ ਕੋਈ ਚਾਹ ਪਾਣੀ ਜਾਂ ਕਾਜੂ ਬਦਾਮ ਲੈ ਕੇ ਆਇਆ। ਨਾ ਫੋਟੂ ਖਿੱਚਣ ਵਾਲੇ

Original with;
Jaswant Singh Zafar
Digitized by;
Panjab Digital Library



ਪੱਤਰਕਾਰਾਂ ਦੀ ਭੀੜ ਸਟੇਜ ਅਤੇ ਦਰਸ਼ਕਾਂ ਵਿਚਕਾਰ ਆਈ। ਨਾ ਕਿਸੇ ਦਰਸ਼ਕ ਨੇ ਫੋਟੋ ਜਾਂ ਵੀਡਿਓ ਬਣਾਉਂਦਿਆਂ ਪਿਛਲਿਆਂ ਤੋਂ ਗਾਹਲਾਂ ਖਾਧੀਆਂ। ਲਗਾਤਾਰ ਲੱਗੇ ਰਹੇ ਸੰਗੀਤਕਾਰਾਂ ਨੂੰ ਵਿਚ ਸਾਹ ਦੁਆਉਣ ਲਈ ਕੋਈ ਪ੍ਰਬੰਧਕ ਜਾਂ ਸੰਚਾਲਕ ਮਾਈਕ ਤੇ ਨਹੀਂ ਆਇਆ। ਨਾ ਹੀ ਇਸ ਪ੍ਰਕਾਰ ਦੀ ਕੋਈ ਮਨੋਰੰਜਕ ਅਨਾਊਂਸਮੈਂਟ ਹੋਈ:

1. ਏਨੇ ਨੰਬਰ ਵਾਲੀ ਗੱਡੀ ਨੂੰ ਸੜਕ ਤੋਂ ਪਾਸੇ ਹਟਾ ਲਿਆ ਜਾਵੇ, ਫੇਰ ਨਾ ਕਿਹੋ ਪੁਲਸ ਵਾਲੇ ਚੱਕ ਕੇ ਲੈਗੇ।
2. ਸਾਡੇ ਮੁੱਖ ਮਹਿਮਾਨ ਜੀ ਨੇ ਕਿਸੇ ਹੋਰ ਪ੍ਰੋਗਰਾਮ ਤੇ ਜਾਣਾ, ਅਸੀਂ ਪੰਦਰਾਂ ਕੁ ਮਿੰਟ ਪ੍ਰੋਗਰਾਮ ਰੋਕ ਕੇ ਪਹਿਲਾਂ ਉਹਨਾਂ ਦਾ ਸਨਮਾਨ ਕਰਾਂਗੇ।
3. ਸਾਡੇ ਪ੍ਰਧਾਨ ਜੀ ਮੁੱਖ ਮਹਿਮਾਨ ਜੀ ਨੂੰ ਸਟੇਜ ਤੇ ਲੈਕੇ ਆਉਣਗੇ। ਫਲਾਣਾ ਤੇ ਫਲਾਣਾ ਟਰਾਫੀ ਤੇ ਲੋਈ ਲੈਕੇ ਆਜੋ। ਉਹਨਾਂ ਦੀ ਵਾਈਫ਼ ਨੂੰ ਵੀ ਸਟੇਜ ਤੇ ਲੈ ਕੇ ਆਓ। ਆਜੋ ਆਜੋ ਭੈਣ ਜੀ। ਬੇਟੇ ਤੂੰ ਵੀ ਆ ਜਾ। ਆ ਮੇਰਾ ਪੁੱਤ।
4. ਫਲਾਣਾ, ਫਲਾਣਾ, ਫਲਾਣੀ, ਢਿਮਕਾ ਤੇ ਡਿਮਕੀ ਵੀ ਆਜੋ ਫੋਟੋ ਕਰਾਉਣ।
5. ਫਲਾਨਿਆ ਇਕ ਫੋਟੋ ਮੇਰੇ ਮੋਬਾਈਲ 'ਤੇ ਵੀ ਕਰਦੇ। ਵਧੀਆ ਜਹੀ ਕਰੀਂ।
6. ਇਸ ਨੰਬਰ ਵਾਲੀ ਗੱਡੀ ਪਾਸੇ ਕਰਿਓ, ਮੁੱਖ ਮਹਿਮਾਨ ਜੀ ਦੀ ਗੱਡੀ ਕੱਢਣੀ ਹੈ।

ਬਿਨਾਂ ਕਿਸੇ ਰੁਕਾਵਟ ਦੇ ਬੱਸ ਸੰਗੀਤ ਹੀ ਚੱਲੀ ਗਿਆ। ਪਹਿਲੀ ਕਤਾਰ ਵਿਚ ਬੈਠੇ ਕਿਸੇ ਪ੍ਰਧਾਨ ਨੇ ਇਹੋ ਜਹੀ ਰੌਣਕੀ ਗੱਲ ਵੀ ਨਹੀਂ ਕੀਤੀ, "ਹੈਂ ਓਏ ਜ਼ਾਕਿਰ, ਇਹ ਫਲਾਣੀ ਚੀਜ਼ ਸੁਣਾ ਬਈ ਮੇਰਾ ਵੀਰ।"

ਨਿਰਧਾਰਤ ਸਮੇਂ 'ਤੇ ਵਾਦਨ ਸਮਾਪਤ ਹੋਇਆ। ਦਰਸ਼ਕਾਂ ਨੇ ਖੂਬ ਤਾੜੀਆਂ ਵਜਾਈਆਂ। ਕਲਾਕਾਰਾਂ ਨੇ ਹੱਥ ਜੋੜ ਝੁਕ ਕੇ ਪਿਆਰ ਸਵੀਕਾਰ ਕੀਤਾ। ਪ੍ਰੋਗਰਾਮ ਸਮਾਪਤ। ਇਸ ਉਪਰੰਤ ਓਹਨਾ ਦਾ ਲੋਈਆਂ ਟਰਾਫੀਆਂ ਨਾਲ ਕੋਈ ਸਨਮਾਨ ਹੀ ਨਹੀਂ ਹੋਇਆ। ਕੋਈ ਪ੍ਰਧਾਨਗੀ ਭਾਸ਼ਣ ਨਹੀਂ ਹੋਇਆ। ਨਾ ਲੋਕਾਂ ਦੀ ਭੀੜ ਫੋਟੋਆਂ ਖਿਚਵਾਉਣ ਲਈ ਸਟੇਜ ਤੇ ਚੜ੍ਹੀ। ਨਾ ਕਿਸੇ ਓਹਨਾਂ ਨਾਲ ਕੋਈ ਸੈਲਫੀ ਲਈ। ਵਾਦਕ ਚੁੱਪ ਚਾਪ ਸਟੇਜ ਦੇ ਪਿੱਛੇ ਅਤੇ ਦਰਸ਼ਕ ਹਾਲ ਤੋਂ ਬਾਹਰ ਜਾਣ ਲੱਗੇ।

Orig... ...th: Jas... ...Zafar Digi... Panj... ...ibrary

# ਬਾਬਾ ਗੁਰਦਿੱਤਾ ਜੀ

ਬਚਪਨ ਦੀ ਸਭ ਤੋਂ ਮਹੱਤਵਪੂਰਨ ਅਤੇ ਸੁਹਾਵਨੀ ਯਾਦ ਤੀਸਰੀ ਜਮਾਤ ਵਿਚ ਆਪਣੇ ਮਾਤਾ ਪਿਤਾ ਨਾਲ ਦੇਖਿਆ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਹੈ। ਓਦੋਂ ਮੈਂ ਅੱਠ ਸਾਲ ਦਾ ਸੀ। ਪਿਤਾ ਜੀ ਨੇ ਘੁਮਾ ਫਿਰਾ ਕੇ ਇਥੋਂ ਦਾ ਹਰੇਕ ਇਤਿਹਾਸਕ ਸਥਾਨ ਦਿਖਾਇਆ। ਹਰੇਕ ਨਾਲ ਸਬੰਧਤ ਸ਼ਖ਼ਸੀਅਤਾਂ, ਘਟਨਾਵਾਂ ਆਦਿ ਬਾਰੇ ਨਾਲ ਨਾਲ ਦੱਸਿਆ। ਉਠਦਿਆਂ ਬਹਿੰਦਿਆਂ, ਫਿਰਦਿਆਂ, ਤੁਰਦਿਆਂ ਗੁਰੂ ਵਕਤਾਂ ਦੀਆਂ ਬਹੁਤ ਸਾਰੀਆਂ ਗੱਲਾਂ ਦੱਸੀਆਂ। ਕਾਫੀ ਪੈਦਲ ਤੁਰੇ, ਪਹਾੜੀ ਚੜ੍ਹਾਈਆਂ ਚੜ੍ਹੇ। ਕੀਰਤਪੁਰ ਸਾਹਿਬ ਵਿਖੇ ਗੁਰਦੁਆਰਾ ਪਤਾਲਪੁਰੀ ਤੋਂ ਇਲਾਵਾ ਪੀਰ ਬੁੱਢਣ ਸ਼ਾਹ ਅਤੇ ਬਾਬੇ ਗੁਰਦਿੱਤੇ ਦੇ ਗੁਰਦਵਾਰੇ ਦੇਖੇ।

ਅੱਜ ਸੋਚਦਾ ਹਾਂ ਕਿ ਬਾਬਾ ਗੁਰਦਿੱਤਾ ਜੀ ਗੁਰੂ ਕਾਲ ਦੀ ਕਿੰਨੇ ਵੱਖਰੇ ਮਹੱਤਵ ਵਾਲੀ ਸ਼ਖ਼ਸੀਅਤ ਹੋਈ ਹੈ। ਆਪ ਸਿੱਖਾਂ ਦੇ ਗੁਰੂ ਤਾਂ ਨਹੀਂ ਹੋਏ ਪਰ ਆਪ ਦੇ ਪਿਤਾ ਗੁਰੂ ਹਰਿਗੋਬਿੰਦ ਜੀ ਛੇਵੇਂ ਗੁਰੂ, ਦਾਦਾ ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ, ਪੜਦਾਦਾ ਗੁਰੂ ਰਾਮਦਾਸ ਜੀ ਚੌਥੇ ਗੁਰੂ, ਆਪ ਦੇ ਪੁੱਤਰ ਗੁਰੂ ਹਰਿ ਰਾਏ ਸੱਤਵੇਂ ਗੁਰੂ, ਪੋਤਰੇ ਗੁਰੂ ਹਰਿ ਕ੍ਰਿਸ਼ਨ ਅੱਠਵੇਂ ਗੁਰੂ, ਅਪ ਦੇ ਸਕੇ ਭਰਾ ਗੁਰੂ ਤੇਗ ਬਹਾਦਰ ਨੌਵੇਂ ਗੁਰੂ ਅਤੇ ਆਪ ਦੇ ਸਕੇ ਭਤੀਜੇ ਗੁਰੂ ਗੋਬਿੰਦ ਰਾਏ/ ਸਿੰਘ ਦਸਵੇਂ ਗੁਰੂ ਹੋਏ ਹਨ।



# ਮਾਤਾ ਗੁਜਰੀ ਕਿ ਗੁੱਜਰ ਕੌਰ

ਅਸੀਂ ਆਪਣੇ ਬਚਪਨ ਵਿਚ ਸਾਰੇ ਕਵੀਆਂ, ਕਵੀਸ਼ਰਾਂ, ਢਾਡੀਆਂ, ਪ੍ਰਚਾਰਕਾਂ ਜਾਂ ਇਤਿਹਾਸ ਸੁਣਾਉਣ ਵਾਲੇ ਆਪਣੇ ਬਜ਼ੁਰਗਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਦਾ ਨਾਂ ਗੁਜਰੀ ਹੀ ਸੁਣਿਆਂ ਹੈ। ਇਤਿਹਾਸ ਦੀਆਂ ਕਿਤਾਬਾਂ ਵਿਚ ਵੀ ਮਾਤਾ ਗੁਜਰੀ ਹੀ ਪੜ੍ਹਿਆ ਹੈ। ਸਾਡੀਆਂ ਮਾਈਆਂ ਦੇ ਗੀਤਾਂ ਵਿਚ ਵੀ ਗੁਜਰੀ ਹੀ ਸੀ:

ਪਿਤਾ ਗੁਰਾਂ ਦਾ ਤੇਗ ਬਹਾਦਰ, ਮਾਂ ਗੁਜਰੀ ਦਾ ਜਾਇਆ

ਜੀ ਮਨਾਇਆ ਸੰਗਤਾਂ ਨੇ, ਅੱਜ ਖੁਸ਼ੀ ਦਿਨ ਆਇਆ

ਪ੍ਰਸਿੱਧ ਗੀਤਕਾਰਾਂ ਅਤੇ ਲੋਕ ਗਾਇਕਾਂ ਤੋਂ ਵੀ ਗੁਜਰੀ ਹੀ ਸੁਣਦੇ ਸੀ:

ਮੇਰਾ ਨਾਂ ਗੁਜਰੀ ਮੇਰੀ ਅੱਲ ਗੁਜਰੀ (ਸਫ਼ਰੀ, ਨਰਿੰਦਰ ਬੀਬਾ)

ਚੰਨਾਂ 'ਚੋਂ ਚੰਨ ਗੁਜਰੀ ਦਾ ਚੰਨ (ਜਗਮੋਹਣ ਕੌਰ)

ਚੰਨ ਮਾਤਾ ਗੁਜਰੀ ਦਾ ਸੁੱਤਾ ਕੰਡਿਆਂ ਦੀ ਸੇਜ ਵਿਛਾਈ (ਨਰਿੰਦਰ ਬੀਬਾ)

ਪੁਰਾਣੀਆਂ ਬਹੁਤ ਸਾਰੀਆਂ ਯਾਦਗਾਰੀ ਸੰਸਥਾਵਾਂ ਵੀ ਇਸੇ ਨਾਂ 'ਤੇ ਹਨ, ਜਿਵੇਂ; ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ। ਪਰ ਪਿਛਲੇ ਪੰਦਰਾਂ- ਵੀਹ ਸਾਲ ਤੋਂ ਉਹਨਾਂ ਨੂੰ ਮਾਤਾ ਗੁੱਜਰ ਕੌਰ ਕਹਿਣ/ ਲਿਖਣ ਦਾ ਰਿਵਾਜ਼ ਪੈ ਗਿਆ ਹੈ। ਬੜਾ ਅਟਪਟਾ ਲੱਗਦਾ ਹੈ। ਸਮਝ ਨਹੀਂ ਆਉਂਦੀ ਕਿ ਇਹ ਇਤਿਹਾਸ ਦੀ ਕਿਸੇ ਨਵੀਂ ਖੋਜ ਦੇ ਅਧਾਰਤ ਹੋਇਆ ਹੈ, ਜਾਂ ਵੈਸੇ ਹੀ ਸਾਡੀ ਸਿੱਖੀ ਚੇਤਨਾ ਦਾ ਵਿਕਾਸ ਹੋ ਗਿਆ ਹੈ, ਜਾਂ ਸਾਡੀ ਹੂੜ ਮੱਤ ਦਾ ਪ੍ਰਗਟਾਵਾ ਹੈ?



Original with:
Jaswant Singh Zafar
Digitized by:
Panjab Digital Library

# ਜਿਨ੍ਹਾਂ ਨੂੰ ਪੰਥ ਬਚਾ ਨਾ ਸਕਿਆ

ਸ਼੍ਰੀ ਹਰਿਮੰਦਰ ਸਾਹਿਬ ਜਾਂ ਸ਼੍ਰੀ ਅਕਾਲ ਤਖ਼ਤ ਸਾਹਿਬ ਤੇ ਹਮਲਾ ਕਰਨ ਵਾਲਿਆਂ ਜਾਂ ਇਹਨਾਂ ਨੂੰ ਢਹਿ ਢੇਰੀ ਕਰਨ ਵਾਲਿਆਂ ਦਾ ਸਾਡੇ ਢਾਡੀ, ਪ੍ਰਚਾਰਕ, ਲੀਡਰ, ਲਿਖਾਰੀ ਆਦਿ ਅਕਸਰ ਜਿਕਰ ਕਰਦੇ ਹਨ ਜਿਸ ਕਰਕੇ ਉਹਨਾਂ ਸਾਰਿਆਂ ਬਾਰੇ ਤਕਰੀਬਨ ਸਭ ਨੂੰ ਪਤਾ ਹੈ। ਉਹਨਾਂ ਨਾਲ ਸਿੱਖ ਜਿਸ ਤਰ੍ਹਾਂ ਪੇਸ਼ ਆਏ ਉਹ ਵੀ ਕਾਫੀ ਪ੍ਰਚਾਰਿਆ ਅਤੇ ਉਭਾਰਿਆ ਜਾਂਦਾ ਹੈ।

ਮਾਛੀਵਾੜਾ, ਚਮਕੌਰ ਸਾਹਿਬ, ਰੋਪੜ, ਕੀਰਤਪੁਰ ਅਤੇ ਆਨੰਦਪੁਰ ਸਾਹਿਬ ਦੇ ਇਤਿਹਾਸਕ ਸਥਾਨਾਂ ਦੀ ਇਕ ਵਾਰ ਫਿਰ ਯਾਤਰਾ ਕਰਨ ਦਾ ਮੌਕਾ ਬਣਿਆਂ ਜਿਸ ਦੌਰਾਨ ਮੁੜ ਮੁੜ ਖਿਆਲ ਆ ਰਿਹਾ ਸੀ ਕਿ ਚਮਕੌਰ ਦੀ ਜਿਸ ਗੜ੍ਹੀ ਦੀ ਓਟ ਨਾਲ ਗੁਰੂ ਗੋਬਿੰਦ ਸਿੰਘ ਨੇ ਭਾਰੀ ਸਰਕਾਰੀ ਲਾਮ-ਲਸ਼ਕਰ ਨਾਲ ਦੋ ਸਾਹਿਬਜ਼ਾਦਿਆਂ ਸਮੇਤ ਚਾਲੀ ਸਿੱਖ ਲੜਾ ਕੇ ਗਿਣਤੀ ਪੱਖੋਂ ਸੰਸਾਰ ਦੀ ਹੁਣ ਤੱਕ ਦੀ ਸਭ ਤੋਂ ਅਸਾਵੀਂ ਲੜਾਈ ਲੜੀ, ਉਸ ਨੂੰ ਕਿਸ ਨੇ ਢਾਇਆ?

ਦਿੱਲੀ ਆਗਰੇ ਵਿਚ ਮੁਗਲਾਂ ਦੇ ਸਾਰੇ ਕਿਲੇ ਅਤੇ ਮਕਬਰੇ ਜਿਉਂ ਦੇ ਤਿਉਂ ਕਾਇਮ ਹਨ, ਰਾਜਸਥਾਨ ਵਿਚ ਰਾਜਪੂਤ ਰਾਜਿਆਂ ਦੇ ਕਿਲੇ ਵੀ ਅਜੇ ਤੱਕ ਸੁਰੱਖਿਅਤ ਹਨ। ਫਿਰ ਗੁਰੂ



ਗੋਬਿੰਦ ਸਿੰਘ ਦੁਆਰਾ ਅਨੰਦਪੁਰ ਸਾਹਿਬ ਵਿਖੇ ਉਸਾਰੇ ਪੰਜ ਕਿਲੇ ਕੌਣ ਢਾਹ ਗਿਆ? ਅਨੰਦਪੁਰ ਸ਼ਹਿਰ ਵਿਚਾਲੇ ਗੁਰੂ ਤੇਗ ਬਹਾਦਰ ਸਾਹਿਬ ਦਾ ਘਰ ਦੀਆਂ ਨੀਹਾਂ ਤੱਕ ਕਿਸ ਨੇ ਖਤਮ ਕੀਤੀਆਂ? ਉਸ ਕਮਰੇ ਨੂੰ ਕਿਸ ਨੇ ਖਤਮ ਕੀਤਾ ਜਿਸ ਵਿਚ ਸਾਹਿਬਜ਼ਾਦਿਆਂ ਦਾ ਜਨਮ ਹੋਇਆ ਸੀ? ਨਿੱਕੀਆਂ ਇੱਟਾਂ ਦਾ ਉਹ ਥੜ੍ਹਾ ਕਿਸ ਨੇ ਗਾਇਬ ਕੀਤਾ ਜਿਸ ਤੇ ਬੈਠ ਗੁਰੂ ਤੇਗ ਬਹਾਦਰ ਕਥਾ ਕੀਰਤਨ ਕਰਦੇ ਸਨ? ਉਸ ਅਸਥਾਨ ਨੂੰ ਕਿਸ ਨੇ ਮਲੀਆਮੇਟ ਕੀਤਾ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਤਿਲਕ ਲਗਾਇਆ ਗਿਆ ਸੀ? ਸਰਹੰਦ ਵਿਚਲਾ ਠੰਡਾ ਬੁਰਜ ਢਾਹੁਣ ਵਾਲੀ ਫੌਜ ਕਿਥੋਂ ਆਈ ਸੀ? ਉਹ ਪਿੱਪਲ ਜੜਾਂ ਤੋਂ ਕਿਸ ਨੇ ਪੁਟਵਾਇਆ ਜਿਸ ਤੋਂ ਚੜ੍ਹ ਕੇ ਮੋਤੀ ਮਹਿਰਾ ਛੋਟੇ ਸਾਬਿਜ਼ਾਦਿਆਂ ਨੂੰ ਦੁੱਧ ਪਹੁੰਚਾਉਂਦਾ ਰਿਹਾ? ਏਨੇ ਮਹੱਤਵਪੂਰਨ ਇਤਿਹਾਸਕ ਅਸਥਾਨਾਂ ਦੇ ਤਲ਼ੇ-ਮੂਲੇ ਪੁੱਟਣ ਵਾਲਿਆਂ ਦਾ ਸਿੱਖਾਂ ਨੇ ਕੀ ਕੀਤਾ, ਕੀ ਸਜ਼ਾਵਾਂ ਦਿੱਤੀਆਂ?

ਇਸ ਕੁਕਰਮ ਲਈ ਸਭ ਤੋਂ ਉਘੜਵਾਂ ਨਾਂ ਹੈ 'ਸੰਤ ਬਾਬਾ ਹਰਬੰਸ ਸਿੰਘ ਜੀ, ਦਿੱਲੀ ਵਾਲੇ' ਜਿਹਨਾਂ ਨੂੰ ਸਿੱਖ ਸੰਸਥਾਵਾਂ ਅਤੇ ਲੀਡਰਾਂ ਨੇ 'ਪੰਥ ਰਤਨ' ਦਾ ਖਿਤਾਬ ਦਿੱਤਾ। ਵੈਸੇ ਤਾਂ ਕਾਰਸੇਵਾ ਵਾਲੇ ਹੋਰ ਵੀ ਕਈ ਛੋਟੇ ਮੋਟੇ 'ਮਹਾਂਪੁਰਸ਼' ਹਨ ਪਰ ਸਿੱਖ ਅਸਥਾਨਾਂ ਦੀ ਇਤਿਹਾਸਕਤਾ ਅਤੇ ਵਿਰਾਸਤੀ ਸਿੱਖ ਭਵਨ ਕਲਾ ਦੀ ਵੰਨ-ਸੁਵੰਨਤਾ ਨੂੰ ਮਲੀਆਮੇਟ ਕਰਨ ਲਈ ਕਾਰਸੇਵਾ ਦੇ ਵੱਡੇ ਠੇਕੇ ਦਿੱਲੀ ਵਾਲੇ ਹਰਬੰਸ ਸਿੰਘ ਨੂੰ ਮਿਲੇ ਜਿਹਨਾਂ ਨੂੰ ਗੁਰਦੁਆਰਿਆਂ ਵਿਚ ਕਾਰਸੇਵਾ ਦੇ ਨਾਂ ਤੇ ਹਿੱਸੇ ਪੱਤੀਆਂ ਤਹਿ ਕਰਕੇ ਖੁੱਲ੍ਹੇ ਟੋਕਰਿਆਂ ਨਾਲ ਬਿਨ ਹਿਸਾਬੀ ਮਾਇਆ ਇਕੱਠੀ ਕਰਨ/ ਖਰਚਣ ਦੇ ਅਧਿਕਾਰ ਮਿਲੇ। ਜਿਹਨਾਂ ਨੇ ਸਿੱਖ ਭਵਨ ਕਲਾ ਦੀ ਲੰਮੀ ਰੇਂਜ ਨੂੰ ਨਸ਼ਟ ਕਰਕੇ ਸਾਰੇ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਲਾਟੂ ਨੁਮਾ ਇਕੋ ਜਿਹੀ ਦਿਖ ਬਣਾ ਦਿੱਤੀ।



ਯਾਤਰਾ ਦੌਰਾਨ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਦੇਖ ਕੇ ਕੁਝ ਢਾਰਸ ਮਿਲੀ ਦਿੱਤੀ। ਇਹ ਹਰਬੰਸ ਸਿੰਘੀ ਕਾਰਸੇਵਾ ਤੋਂ ਬਚਿਆ ਹੋਇਆ ਹੈ। ਇਸ ਦੀ ਮੁੱਖ ਇਮਾਰਤ ਕਾਫੀ ਪਹਿਲਾਂ ਵਾਲੀ ਕਿਸੇ ਜੰਗੀ ਯਾਦਗਾਰ ਵਾਂਗ ਬੁਰਜਨੁਮਾ ਹੈ, ਜਿਸ ਦੇ ਸਿਖਰੋਂ ਆਸ ਪਾਸ ਦਾ ਇਲਾਕਾ ਦੇਖ ਕੇ ਉਸ ਇਤਿਹਾਸਕ ਘਟਨਾ ਦੇ ਮੰਜ਼ਰ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਇਥੇ ਕਿਸੇ ਕਾਰਸੇਵਾ ਵਾਲੇ ਬਾਬੇ ਦਾ ਟੋਕਰਾ ਵੀ ਨਹੀਂ ਦਿਸਿਆ ਅਤੇ ਸੰਗਮਰਮਰੀ ਕਾਰਸੇਵਾ ਵੀ ਨਹੀਂ ਹੋਈ।

ਨਨਕਾਣਾ ਸਾਹਿਬ ਦੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਵੱਖਰਤਾ ਵੀ ਪੰਥ ਦੀ ਸੰਗਮਰਮਰੀ ਸੇਵਾ ਸੰਭਾਲ ਤੋਂ ਬਚੇ ਹੋਣ ਕਰਕੇ ਕਾਇਮ ਹੈ।

Original with:
Jaswant Singh Zafar
Digitized by:
Panjab Digital Library

# ਕਲਾ ਅਤੇ ਸਿੱਖ ਲੀਡਰਸ਼ਿਪ

ਗੁਰਮਤਿ ਵਿਚਾਰਧਾਰਾ ਦੇ ਮੋਢੀ, ਸਿੱਖ ਲਹਿਰ ਦੇ ਉਸਰੱਈਏ ਅਤੇ ਖਾਲਸਾਈ ਪ੍ਰੰਪਰਾਵਾਂ ਦੇ ਸਿਰਜਕ ਸਾਰੇ ਦੇ ਸਾਰੇ ਵੱਖ-ਵੱਖ ਕਲਾਵਾਂ ਵਿਚ ਸਿਖਰਲੇ ਦਰਜੇ ਦੀ ਪ੍ਰਬੀਨਤਾ ਰੱਖਣ ਵਾਲੀਆਂ ਸ਼ਖ਼ਸੀਅਤਾਂ ਸਨ। ਕੁਝ ਉਦਾਹਰਣਾ ਹਨ:

੧. ਕਾਵਿ ਕਲਾ: ਗੁਰੂ ਗ੍ਰੰਥ ਸਾਹਿਬ ਦੇ ਸਮੂਹ ਬਾਣੀਕਾਰ, ਭਾਈ ਗੁਰਦਾਸ, ਗੁਰੂ ਗੋਬਿੰਦ ਸਿੰਘ, ਭਾਈ ਨੰਦ ਲਾਲ

੨. ਸੰਗੀਤ ਕਲਾ:

(i) ਗਾਇਨ ਕਲਾ: ਜੈ ਦੇਵ ਜੀ, ਨਾਮਦੇਵ ਜੀ, ਪੀਪਾ ਜੀ, ਗੁਰੂ ਨਾਨਕ, ਗੁਰੂ ਤੇਗ ਬਹਾਦਰ

(ii) ਵਾਦਨ ਕਲਾ: ਮਰਦਾਨਾ ਜੀ, ਗੁਰੂ ਅਰਜਨ, ਗੁਰੂ ਗੋਬਿੰਦ ਸਿੰਘ

੩. ਵਸਤਰ ਕਲਾ: ਨਾਮਦੇਵ ਜੀ, ਕਬੀਰ ਜੀ, ਗੁਰੂ ਗੋਬਿੰਦ ਸਿੰਘ

੪. ਜੁੱਤੀਆਂ ਬਣਾਉਣ ਦੀ ਕਲਾ: ਰਵਿਦਾਸ ਜੀ

੫. ਅੱਖਰਕਾਰੀ ਕਲਾ: ਗੁਰੂ ਅੰਗਦ, ਭਾਈ ਗੁਰਦਾਸ, ਭਾਈ ਮਨੀ ਸਿੰਘ

੬. ਭਵਨ ਕਲਾ: ਗੁਰੂ ਅਮਰਦਾਸ, ਗੁਰੂ ਅਰਜਨ, ਗੁਰੂ ਗੋਬਿੰਦ ਸਿੰਘ

੭. ਨਗਰ ਯੋਜਨਾ ਕਲਾ: ਗੁਰੂ ਨਾਨਕ, ਗੁਰੂ ਰਾਮਦਾਸ, ਗੁਰੂ ਤੇਗ ਬਹਾਦਰ

੮. ਯੁੱਧ ਕਲਾ:

(i) ਘੋੜ ਸਵਾਰੀ ਕਲਾ: ਗੁਰੂ ਹਰਿਗੋਬਿੰਦ, ਗੁਰੂ ਗੋਬਿੰਦ ਸਿੰਘ, ਸਾਹਿਬਜ਼ਾਦਾ ਅਜੀਤ ਸਿੰਘ

(ii) ਤਲਵਾਰ ਬਾਜ਼ੀ: ਗੁਰੂ ਤੇਗ਼ ਬਹਾਦਰ



Digitized with Jaswant Singh Zafar
Digitized by Panjab Digital Library

(iii) ਨੇਜਾ ਬਾਜ਼ੀ: ਗੁਰੂ ਅਰਜਨ, ਗੁਰੂ ਗੋਬਿੰਦ ਸਿੰਘ, ਭਾਈ ਬਚਿੱਤਰ ਸਿੰਘ

(iv) ਤੀਰ ਅੰਦਾਜ਼ੀ: ਗੁਰੂ ਹਰਿਗੋਬਿੰਦ, ਗੁਰੂ ਗੋਬਿੰਦ ਸਿੰਘ

੯. ਭਾਸ਼ਨ ਕਲਾ: ਗੁਰੂ ਗੋਬਿੰਦ ਸਿੰਘ

ਇਸ ਸੂਚੀ ਵਿਚ ਅਨੇਕਾਂ ਹੋਰ ਕਲਾਵਾਂ ਅਤੇ ਸ਼ਖ਼ਸੀਅਤਾਂ ਦੇ ਨਾਮ ਸ਼ਾਮਲ ਹੋ ਸਕਦੇ ਹੋਣਗੇ ਜੋ ਮੈਨੂੰ ਗਿਆਤ ਨਹੀਂ। ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਯੋਜਿਤ ਕੀਤਾ ਜਾਂਦਾ ਹੋਲਾ ਮਹੱਲਾ ਵਿਭਿੰਨ ਕਲਾਵਾਂ ਦੇ ਜਲੌਅ ਵਾਲਾ ਆਰਟ ਫੈਸਟੀਵਲ ਹੀ ਤਾਂ ਸੀ।

ਉਪਰੋਕਤ ਸੂਚੀ ਵਿਚੋਂ ਆਖਰੀ 'ਭਾਸ਼ਨ ਕਲਾ' ਸਿੱਖ ਲੀਡਰਸ਼ਿਪ ਵਿਚੋਂ ਆਲੋਪ ਹੋਣ ਵਾਲੀ ਆਖਰੀ ਕਲਾ ਹੈ। ਇਸ ਕਲਾ ਦੇ ਸਿਰ 'ਤੇ ਵੀਹਵੀਂ ਸਦੀ ਵਿਚ ਸ. ਕੇਹਰ ਸਿੰਘ ਵੈਰਾਗੀ, ਗਿਆਨੀ ਜ਼ੈਲ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਬੀਰ ਦਵਿੰਦਰ ਸਿੰਘ ਵਰਗੇ ਸਧਾਰਨ ਜਾਂ ਗਰੀਬ ਪਰਿਵਾਰਾਂ ਦੇ ਸਿੱਖ ਵੀ ਲੀਡਰ ਬਣ ਸਕੇ। ਸਾਹਿਤ ਰਚਨਾ (ਲਿਖਣ ਕਲਾ) ਵਾਲੇ ਆਖਰੀ ਸਿੱਖ ਆਗੂ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਹੋਏ ਹਨ। ਅੱਜ ਕੱਲ੍ਹ ਸਿੱਖ ਸਫ਼ਾਂ ਵਿਚ 'ਕਲਾ' ਦੀ ਥਾਂ ਹੋਰ ਚੀਜ਼ਾਂ ਦਾ ਬੋਲ ਬਾਲਾ ਹੈ। ਸਭ ਤੋਂ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ 'ਕਾਵਿ ਕਲਾ' ਦੀ ਸਿਰਜਨਾ ਤਾਂ ਦੂਰ ਦੀ ਗੱਲ ਉਸ ਪ੍ਰਤੀ ਕਦਰਦਾਨੀ ਦਾ ਵੀ ਹਾਲ ਇਹ ਹੈ ਕਿ ਬਹੁਤ ਸਾਰੇ ਸਿੱਖ ਲੀਡਰ ਬੜੀ ਬੇਸ਼ਰਮੀ ਨਾਲ ਇਹ ਕਹਿਣ ਵਿਚ ਸ਼ਾਨ ਸਮਝਦੇ ਹਨ ਕਿ ਉਹਨਾਂ ਨੇ ਕਦੀ ਕੋਈ ਕਿਤਾਬ ਨਹੀਂ ਪੜ੍ਹੀ। ਮਜ਼ਾਕ ਨਾਲ ਕਹਿ ਸਕਦੇ ਹਾਂ ਕਿ ਹੁਣ ਸਿੱਖਾਂ ਦੀਆਂ ਮੋਹਰੀ ਸਫਾਂ ਜਾਂ ਸਿੱਖ ਸੰਸਥਾਵਾਂ ਅੰਦਰ ਚਾਪਲੂਸੀ 'ਕਲਾ', ਮੀਸਣੀ 'ਕਲਾ', ਗੁੰਡਾਗਰਦੀ 'ਕਲਾ', ਨਫ਼ਰਤ ਫੈਲਾਉਣ ਦੀ 'ਕਲਾ', ਸਵੈ-ਪਰਸੰਸਾ ਲਈ ਸੰਘ ਪਾੜਨ ਦੀ 'ਕਲਾ', ਜੋੜ-ਤੋੜ 'ਕਲਾ', ਹੈਂਕੜ 'ਕਲਾ', ਭੰਡੀ 'ਕਲਾ' ਲੋੜਵੰਦਾਂ ਦਾ ਸ਼ੋਸ਼ਣ 'ਕਲਾ' ਆਦਿ ਦਾ ਬੋਲ-ਬਾਲਾ ਹੈ।



Original with;
Jaswant Singh Zafar
Digitized by;
Panjab Digital Library



## ਓਮਰ ਮੁਖ਼ਤਾਰ

ਓਮਰ ਮੁਖ਼ਤਾਰ ਲਿਬੀਆ ਦੇ ਜਾਂਬਾਜ਼ ਯੋਧੇ ਅਤੇ ਆਪਣੇ ਲੋਕਾਂ ਦੇ ਹਰਮਨ ਪਿਆਰੇ ਆਗੂ ਸਨ ਜਿਹਨਾਂ ਨੇ ਮਸੋਲੀਨੀ ਵੇਲੇ ਲਿਬੀਆ ਦੀ ਧਰਤੀ 'ਤੇ ਮੁਕੰਮਲ ਕਬਜ਼ਾ ਕਰਨਾ ਚਾਹੁੰਦੀ ਇਟਲੀ ਫੌਜ ਦੇ ਪੂਰੇ ਵੀਹ ਸਾਲ ਨੱਕ ਵਿਚ ਦਮ ਕਰ ਕੇ ਰੱਖਿਆ। ਉਹ ਲੋਕ-ਆਗੂ ਅਤੇ ਲੋਕ-ਸੈਨਾਪਤੀ ਹੋਣ ਤੋਂ ਪਹਿਲਾਂ ਇਕ ਸੁਘੜ ਅਧਿਆਪਕ ਸਨ ਜੋ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਬਹਾਦਰੀ ਦੇ ਨਾਲ ਨਾਲ ਸੂਝ, ਸਿਆਣਪ ਅਤੇ ਗਿਆਨ ਦੀ ਵਿਰਾਸਤ ਵੀ ਦੇਣਾ ਜ਼ਰੂਰੀ ਸਮਝਦੇ ਸਨ। ਉਹ ਇਹ ਯਕੀਨੀ ਬਣਾਉਂਦੇ ਸਨ ਕਿ ਹਰ ਜੰਗੀ ਮਹਿੰਮ ਦੌਰਾਨ ਆਪਣੇ ਲੋਕਾਂ ਖਾਸਕਰ ਔਰਤਾਂ ਅਤੇ ਬੱਚਿਆਂ ਦਾ ਘੱਟ ਤੋਂ ਘੱਟ ਨੁਕਸਾਨ ਹੋਵੇ ਅਤੇ ਉਹਨਾਂ ਦਾ ਲੜ੍ਹਨਾ ਆਪਣੇ ਦੇਸ਼ ਵਾਸੀਆਂ ਲਈ ਵੱਧ ਤੋਂ ਵੱਧ ਲਾਹੇਵੰਦ ਹੋਵੇ। ਉਹ ਆਪਣੇ ਸਾਥੀ ਲੜਾਕੂਆਂ ਨੂੰ ਕਿਸੇ ਵੀ ਮੋੜ 'ਤੇ ਇਖਲਾਕੀ ਤੌਰ 'ਤੇ ਥਿੜਕਣ ਨਹੀਂ ਸਨ ਦਿੰਦੇ।

ਓਮਰ ਮੁਖ਼ਤਾਰ ਦੇ ਜੀਵਨ, ਚਰਿੱਤਰ ਅਤੇ ਸੰਘਰਸ਼ ਬਾਰੇ ਇਹ ਜਾਣਕਾਰੀ ਮੈਨੂੰ ਫਿਲਮ 'ਰੇਗਿਸਤਾਨ ਦਾ ਬੱਬਰ' (Lion of Desert) ਤੋਂ ਮਿਲੀ। ਇਕ ਲੜਾਈ ਵਿਚ ਉਹਨਾਂ ਦੇ ਸਿਪਾਹੀ ਭਾਰੀ ਇਤਾਲਵੀ ਫੌਜੀ ਟੁਕੜੀ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੰਦੇ ਹਨ। ਆਖਰੀ ਦੋ ਸਿਪਾਹੀਆਂ ਨੂੰ ਜਦ ਮਾਰਿਆ ਜਾਣ ਲੱਗਦਾ ਹੈ ਤਾਂ ਓਮਰ ਮੁਖ਼ਤਾਰ ਆਪ ਬਚਾ ਲੈਂਦੇ ਹਨ। ਤਬਾਹ ਹੋਈ ਇਤਾਲਵੀ ਗੱਡੀ ਉਤਲਾ ਝੰਡਾ ਉਹਨਾਂ ਦੋਹਾਂ ਨੂੰ ਸੌਂਪ ਕੇ ਆਖਦੇ ਹਨ ਕਿ ਇਸ ਨੂੰ ਸਨਮਾਨ ਪੂਰਬਕ ਆਪਣੇ ਰਾਜੇ ਕੋਲ ਲੈ ਜਾਓ ਅਤੇ ਉਸ ਨੂੰ ਕਹੋ ਕਿ ਇਸ ਨੂੰ ਸਿਰਫ਼ ਆਪਣੇ ਦੇਸ਼ 'ਤੇ ਝੁਲਾਵੇ। ਇਸ ਲੜ੍ਹਾਈ ਤੋਂ ਪਰਤਣ 'ਤੇ ਓਮਰ ਮੁਖ਼ਤਾਰ ਨੂੰ ਉਹਨਾਂ ਦੇ ਮਾਰੇ ਗਏ ਇਕ ਨੌਜਵਾਨ ਸਾਥੀ ਦੀ ਪਤਨੀ ਪੁੱਛਦੀ ਹੈ ਕਿ ਉਸ ਦਾ ਪਤੀ ਕਿਥੇ

Original with;
Jaswant Singh Zafar
Digitized by;
Panjab Digital Library

ਰਹਿ ਗਿਆ ਹੈ? ਉਹ ਬਹੁਤ ਗੰਭੀਰਤਾ ਅਤੇ ਤਸੱਲੀ ਨਾਲ ਆਖਦੇ ਹਨ ਕਿ ਉਹ ਆਪਣੇ ਪਿਆਰੇ ਸਾਥੀ ਨੂੰ ਤਾਂ ਨਹੀਂ ਲਿਆ ਸਕੇ ਪਰ ਉਸ ਦੀ ਕਿਤਾਬ ਬਚਾ ਲਿਆਏ ਹਨ। ਸੰਭਾਲੀ ਹੋਈ ਇਹ ਕਿਤਾਬ ਉਸਦੇ 3-4 ਸਾਲ ਦੇ ਬੱਚੇ ਨੂੰ ਸੌਂਪ ਕੇ ਆਖਦੇ ਹਨ, "ਆਪਣੀ ਮਾਂ ਨੂੰ ਕਹੀਂ ਤੈਨੂੰ ਪੜ੍ਹ ਕੇ ਸੁਣਾਵੇ ਅਤੇ ਤੈਨੂੰ ਪੜ੍ਹਨਾ ਸਿਖਾਵੇ।" ਇੰਝ ਉਹ ਸਥਾਪਤ ਕਰਦੇ ਹਨ ਕਿ ਲੜਾਈ ਦੌਰਾਨ ਬੰਦੇ ਦੇ ਬਚਣ ਨਾਲੋਂ ਲੋਕਾਂ ਦਾ ਹੌਸਲਾ, ਇਖ਼ਲਾਕ ਅਤੇ ਕਿਤਾਬ ਦਾ ਬਚਣਾ ਜ਼ਿਆਦਾ ਮਹੱਤਵਪੂਰਨ ਹੁੰਦਾ ਹੈ।

ਇਕ ਵਾਰ ਇਤਾਲਵੀ ਫੌਜ ਵਲੋਂ ਸ਼ਾਂਤੀ ਪ੍ਰਸਤਾਵ ਰੱਖਦਿਆਂ ਉਹਨਾਂ ਨੂੰ ਪੰਜਾਹ ਹਜ਼ਾਰ ਦੀ ਪੈਨਸ਼ਨ ਅਤੇ ਅਲੀਸ਼ਾਨ ਬੰਗਲਾ ਦੇਣ ਦੀ ਪੇਸ਼ਕਸ਼ ਕੀਤੀ ਗਈ ਤਾਂ ਕਿ ਉਹ ਆਪਣਾ ਬੁਢਾਪਾ ਅਰਾਮ ਨਾਲ ਗੁਜ਼ਾਰ ਸਕਣ। ਓਦੋਂ ਉਹਨਾਂ ਦੀ ਉਮਰ ਲਗਪਗ ਬਹੱਤਰ ਸਾਲ ਦੀ ਸੀ ਪਰ ਉਹ ਅਰਾਮ ਨਾਲ ਬੁਢਾਪਾ ਬਸਰ ਕਰਨ ਦੀ ਬਜਾਏ ਆਪਣੀ ਧਰਤੀ ਉੱਤੇ ਆਪਣੇ ਲੋਕਾਂ ਦੀ ਮਾਲਕੀ ਦੇ ਹੱਕ ਲਈ ਲੜ੍ਹਨ ਨੂੰ ਤਰਜੀਹ ਦਿੰਦੇ ਹਨ ਅਤੇ ਇਟਲੀ ਸਰਕਾਰ ਦੀ ਪੈਨਸ਼ਨ ਅਤੇ ਹੋਰ ਸਹੂਲਤਾਂ ਨੂੰ ਰਿਸ਼ਵਤ ਕਹਿ ਕੇ ਠੁਕਰਾਅ ਦਿੰਦੇ ਹਨ।

ਉਹਨਾਂ ਦੀ ਜ਼ਿੰਦਗੀ ਦੀ ਆਖਰੀ ਲੜਾਈ ਦੌਰਾਨ ਇਤਾਲਵੀ ਫੌਜ ਦਾ ਇਕ ਨੌਜਵਾਨ ਸਿਪਾਹੀ ਇਕੱਲਾ ਉਹਨਾਂ ਦੇ ਅੜਿਕੇ ਆ ਜਾਂਦਾ ਹੈ, ਉਹ ਜਾਨ ਬਖ਼ਸ਼ੀ ਲਈ ਗਿੜਗੜਾਉਣ ਲੱਗਦਾ ਹੈ ਤਾਂ ਓਮਰ ਮੁਖ਼ਤਾਰ ਅੰਦਰਲਾ ਅਧਿਆਪਕ ਸਮਝਾਉਂਦਾ ਹੈ, "ਬੇਟਾ, ਜੰਗ ਵਿਚ ਵਿਰੋਧੀ ਤੋਂ ਜਾਨ ਦੀ ਭੀਖ ਨਹੀਂ ਮੰਗੀਦੀ।" ਏਨੀ ਗੱਲ ਕਹਿਣ ਦੀ ਦੇਰ ਕਿ ਉਹ ਆਪ ਦੁਸ਼ਮਣ ਦੇ ਦਰਜਨਾਂ ਫੌਜੀਆਂ ਵਿਚਕਾਰ ਇਕੱਲੇ ਘਿਰ ਜਾਂਦੇ ਹਨ। ਇਸ ਘੇਰੇ ਵੇਲੇ ਅਤੇ ਇਸ ਦੌਰਾਨ ਗ੍ਰਿਫ਼ਤਾਰੀ ਤੋਂ ਬਾਅਦ ਉਹਨਾਂ ਦੇ ਆਪਣੇ ਲੋਕਾਂ ਦੀ ਹਾਜ਼ਰੀ ਵਿਚ ਖੁਲ੍ਹੇਆਮ ਫਾਂਸੀ ਲਗਾਏ ਜਾਣ ਤੱਕ ਉਹ ਆਪ ਵੀ ਵਿਰੋਧੀਆਂ ਤੋਂ ਜਾਨ ਦੀ ਭੀਖ ਨਹੀਂ ਮੰਗਦੇ।

ਫਿਲਮ ਦੇ ਅੰਤ ਵਿਚ ਨਾਇਕ ਨੂੰ ਫਾਂਸੀ ਦੇਣ ਦਾ ਦ੍ਰਿਸ਼ ਬਹੁਤ ਹੌਲਨਾਕ ਹੋਣ ਦੇ ਨਾਲ ਨਾਲ ਬੜਾ ਭਾਵਪੂਰਕ ਅਤੇ ਪ੍ਰੇਰਨਾਮਈ ਹੈ। ਓਮਰ ਮੁਖ਼ਤਾਰ ਨੂੰ ਫਾਂਸੀ ਲਾਉਣ ਵਾਲੀ ਉਹਨਾਂ ਦੀ ਦੁਸ਼ਮਣ ਫੌਜ ਦੇ ਮੁਖੀ ਦੀਆਂ ਵੀ ਅੱਖਾਂ ਭਰ ਜਾਂਦੀਆਂ ਹਨ, ਉਹ ਉਹਨਾਂ ਦੀ ਬਹਾਦਰੀ ਅਤੇ ਇਮਾਨਦਾਰੀ ਭਰੇ ਉੱਚੇ ਚਰਿੱਤਰ ਨੂੰ ਸਲੂਟ ਕਰਨ ਤੋਂ ਆਪਣੇ ਆਪ ਨੂੰ ਰੋਕ ਨਹੀਂ ਪਾਉਂਦਾ। ਉਹਨਾਂ ਦੀ ਲਾਸ਼ ਨੂੰ ਹਟਾਏ ਜਾਣ ਤੋਂ ਬਾਅਦ ਲੋਕਾਂ ਦੀ ਭੀੜ 'ਚੋਂ ਆ ਕੇ ਇਕ ਛੋਟਾ ਬੱਚਾ ਉਹਨਾਂ ਦੀ ਡਿੱਗੀ ਐਨਕ ਨੂੰ ਉਠਾ ਕੇ ਸੰਭਾਲ ਲੈਂਦਾ ਹੈ। ਇਹ ਬੜਾ ਸੰਕੇਤਕ ਦ੍ਰਿਸ਼ ਹੈ। ਅਗਲੀਆਂ ਪੀੜ੍ਹੀਆਂ ਨੇ ਆਪਣੀ ਲੜ੍ਹਾਈ ਤਾਂ ਵੇਲੇ ਦੇ ਨਵੇਂ ਹਥਿਆਰਾਂ ਅਤੇ ਜੁਗਤਾਂ ਨਾਲ ਲੜ੍ਹਨੀ ਹੁੰਦੀ ਹੈ ਪਰ ਲੜ੍ਹਨ ਦੀ ਦ੍ਰਿਸ਼ਟੀ ਅਤੇ ਸੂਝ ਉਹਨਾਂ ਆਪਣੇ ਪੁਰਖਿਆਂ ਤੋਂ ਲੈਣੀ ਹੁੰਦੀ ਹੈ। ਓਮਰ ਮੁਖ਼ਤਾਰ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ ਲਿਬੀਆ ਦੇ ਲੋਕਾਂ ਨੇ ਉਹਨਾਂ ਤੋਂ ਵੀਹ ਸਾਲ ਬਾਅਦ 1951 ਵਿਚ ਲਿਬੀਆ ਨੂੰ ਪੂਰੀ ਤਰ੍ਹਾਂ ਸੁਤੰਤਰ ਕਰਵਾ ਲਿਆ।

ਫਿਲਮ ਦੇਖ ਕੇ ਪਤਾ ਲਗਦਾ ਹੈ ਕਿ ਕਿਸੇ ਦੇਸ਼, ਕੌਮ ਜਾਂ ਭਾਈਚਾਰੇ ਦਾ ਸਹੀ ਆਗੂ ਹੋਣ ਦਾ ਕੀ ਮਤਲਬ ਹੁੰਦਾ ਹੈ।

*Original with;*
Jaswant Singh Zafar
*Digitized by;*
Panjab Digital Library

# ਵਾਲਟ ਵਿਟਮੈਨ ਦੇ ਅੰਤਮ ਅਸਥਾਨ 'ਤੇ

31 ਮਈ 2018 ਨੂੰ ਅਸੀ ਅਮਰੀਕਾ ਦੇ ਕਸਬੇ ਵੈਸਟੈਂਪਟਨ ਪਹੁੰਚੇ। ਸ਼ਾਮੀਂ ਪੰਜ ਕੁ ਵਜੇ ਗੂਗਲ ਦੀ ਫੋਲਾ ਫਾਲੀ ਕਰਦਿਆਂ ਮਿੱਤਰ ਜਗਵਿੰਦਰ ਸਿੰਘ ਕਹਿਣ ਲੱਗਾ, "ਭਾਅ ਜੀ, ਇਥੋਂ 17 ਕੁ ਮੀਲ 'ਤੇ ਵਾਲਟ ਵਿਟਮੈਨ ਦੀ ਕੋਈ ਯਾਦਗਾਰ ਹੈ, ਜਦ ਆਪਣੇ ਕੋਲ ਦੋ ਕੁ ਘੰਟੇ ਹੋਏ ਆਪਾਂ ਦੇਖਣ ਚਲਾਂਗੇ।" ਮੈਂ ਕਿਹਾ, "ਜੱਗੋ ਹੁਣੇ ਹੀ ਚਲਦੇ ਹਾਂ।"

ਵਾਲਟ ਵਿਟਮੈਨ ਮੇਰੇ ਪਸੰਦੀਦਾ ਵਿਅਕਤੀਤਵ ਵਾਲੇ ਸ਼ਾਨਦਾਰ ਕਵੀ ਪ੍ਰੋ. ਪੂਰਨ ਸਿੰਘ ਦਾ ਮਨਭਾਉਂਦਾ ਕਵੀ ਹੈ। ਅਜੋਕੇ ਅਮਰੀਕੀ ਜਨ-ਅਵਚੇਤਨ ਦੀ ਸਿਰਜਨਾ ਵਿਚ ਉਸ ਦੀ ਕਵਿਤਾ ਦਾ ਸਭ ਤੋਂ ਵੱਧ ਹਿੱਸਾ ਮੰਨਿਆਂ ਜਾਂਦਾ ਹੈ। ਸੂਝ ਤੇ ਵਿਅੰਗ ਵਿੱਚ ਗੁੰਨ੍ਹੀਂ ਅਤੇ ਸੁਤੰਤਰਤਾ ਦੇ ਮਹੱਤਵ ਨੂੰ ਉਭਾਰਦੀ ਕਵਿਤਾ 'ਘਾਹ ਦੀਆਂ ਪੱਤੀਆਂ' ਦੇ ਰਚੇਤਾ ਬਾਰੇ ਪ੍ਰੋ. ਪੂਰਨ ਸਿੰਘ ਲਿਖਦੇ ਹਨ, "ਵਾਲਟ ਵਿਟਮੈਨ ਅਮਰੀਕਾ ਵਿਚ ਪੈਦਾ ਹੋਇਆ ਗੋਰਾ ਸਿੱਖ ਸੀ।" ਇਸ ਇਕੋ ਵਾਕ ਤੋਂ ਵਾਲਟ ਵਿਟਮੈਨ, ਪ੍ਰੋ. ਪੂਰਨ ਸਿੰਘ ਅਤੇ ਸਿੱਖੀ ਦੀ ਆਤਮਾ ਦੀ ਵਿਸ਼ਾਲਤਾ ਦਾ ਪਤਾ ਲਗਦਾ ਹੈ।

25 ਕੁ ਮਿੰਟ ਦੀ ਕਾਰ ਯਾਤਰਾ ਬਾਅਦ ਗੂਗਲ ਨਕਸ਼ਾ ਸਾਨੂੰ ਕੈਮਡਨ ਅਤੇ ਕੋਲਿੰਗਵੁੱਡ ਦੇ ਡੇਢ ਕੁ ਸੌ ਏਕੜ ਦੇ ਵਿਸ਼ਾਲ ਕਬਰਸਤਾਨ ਦੇ ਗੇਟ 'ਤੇ ਲੈ ਗਿਆ। ਪੰਦਰਾਂ ਕੁ ਮਿੰਟ ਦੀ ਖੋਜ ਮਗਰੋਂ ਅਸੀਂ ਉਸ ਸਥਾਨ 'ਤੇ ਪਹੁੰਚੇ ਜਿਥੇ ਵਾਲਟ ਵਿਟਮੈਨ ਅਤੇ ਉਸਦੇ ਪਰਿਵਾਰ ਦੇ ਹੋਰ ਜੀਆਂ ਨੂੰ ਦਫਨਾਇਆ ਹੋਇਆ ਹੈ। ਇਹ ਸਥਾਨ ਬਾਕੀ ਕਬਰਸਤਾਨ ਨਾਲੋਂ ਬਹੁਤਾ ਵੱਖਰਾ ਨਹੀਂ। ਝੌਂਪੜੀ ਦੇ ਆਕਾਰ ਦੇ ਗੁਫਾਨੁਮਾ ਕਮਰੇ ਦੀ ਅੰਦਰਲੀ ਸਾਹਮਣੀ ਕੰਧ 'ਤੇ ਇਥੇ ਦਫਨਾਏ ਵਿਟਮੈਨ ਪਰਿਵਾਰ ਦੇ ਜੀਆਂ ਬਾਰੇ ਸੂਚਨਾ ਦਿੰਦੇ ਪੱਥਰ ਲੱਗੇ ਹੋਏ ਹਨ। ਫਰਸ਼ 'ਤੇ ਇਕ ਪੁਰਾਣੀ ਕੁਰਸੀ ਅਤੇ ਬਹੁਤ ਸਾਰੇ ਸੁੱਕੇ ਪੱਤੇ ਸਨ। ਕੁਝ ਕਦਮ 'ਤੇ ਗਰੇਨਾਈਟ ਦੇ ਕਾਲੇ ਚੌਰਸ ਪੱਥਰ ਉਪਰ ਵਾਲਟ ਵਿਟਮੈਨ ਦੀ ਦੇਣ ਬਾਰੇ ਅਤੇ ਉਸ ਦੀ ਕਵਿਤਾ ਦੀਆਂ ਕੁਝ ਸਤਰਾਂ ਉਕਰੀਆਂ ਹੋਈਆਂ ਹਨ। ਇਸ ਦੇ ਸਾਹਮਣੇ ਪਾਸੇ ਕੰਪਿਊਟਰੀ ਲੇਜ਼ਰ ਨਾਲ ਉਸਦਾ ਸਕੈਚ ਬਣਿਆ ਹੈ।

ਤਸਵੀਰਾਂ ਖਿੱਚਣ ਲਈ ਅਸੀਂ ਇਸ ਦੀ ਧੂੜ ਝਾੜੀ ਅਤੇ ਪਾਣੀ ਨਾਲ ਦਾਗ ਧੋਤੇ। ਦਿਲ ਵਿਚ ਮਹਾਨ ਸ਼ਾਇਰ ਲਈ ਸਤਿਕਾਰ ਭਾਵ ਪੈਦਾ ਹੋਇਆ, ਅੱਖਾਂ ਸਿੱਲੀਆਂ ਹੋਈਆਂ। ਜਨਮ ਤਰੀਕ ਦੇਖੀ, ਬੇਹੱਦ ਹੈਰਾਨੀ ਹੋਈ, ਇਹ ਤਾਂ ਉਸੇ ਦਿਨ ਦੀ ਤਰੀਕ ਸੀ 31 ਮਈ। ਇਕੱਲੀ ਮਿਤੀ ਹੀ ਨਹੀਂ, ਸੰਨ ਵੀ 1819, ਉਸ ਦਿਨ ਵਾਲਟ ਵਿਟਮੈਨ ਦੀ ਦੂਸਰੀ ਜਨਮ ਸ਼ਤਾਬਦੀ ਦਾ ਵਰ੍ਹਾ ਚੜ੍ਹਿਆ ਸੀ। ਇਸ ਗੱਲ ਤੋਂ ਬੇਖ਼ਬਰ ਅਮਰੀਕਾ ਸੜਕਾਂ 'ਤੇ ਦੌੜਾ ਫਿਰਦਾ ਸੀ ਜਾਂ ਹੋਰ ਕੰਮੀਂ ਕਾਜੀਂ ਰੁੱਝਾ ਹੋਇਆ ਜਾਂ ਸੁੱਤਾ ਪਿਆ ਸੀ। ਖ਼ੁਦ ਨੂੰ ਕਿਹਾ, "ਸੱਜਣਾ, ਆਪਣੀ ਦੂਸਰੀ ਜਨਮ ਸ਼ਤਾਬਦੀ ਦੇ ਉਦਘਾਟਨ ਲਈ ਵਿਟਮੈਨ ਨੇ ਤੈਨੂੰ ਚੁਣਿਆਂ ਅਤੇ ਕਿੰਨੀ ਦੂਰੋਂ ਸੱਦਿਆ ਹੈ!!"

*Original with;*
Jaswant Singh Zafar
*Digitized by;*
Panjab Digital Library

## ਨੌਕਰ ਕਿ ਆਗੂ

ਸਾਡੇ ਘੱਟ ਪੜ੍ਹੇ ਲਿਖੇ ਲੀਡਰ ਵਧੇਰੇ ਕਾਮਯਾਬ ਹੁੰਦੇ ਹਨ ਕਿਉਂਕਿ ਇਹਨਾਂ 'ਚੋਂ ਬਹੁਤੇ ਇਸ ਕਰਕੇ ਘੱਟ ਪੜ੍ਹੇ ਹੁੰਦੇ ਹਨ ਕਿ ਉਹਨਾਂ ਨੂੰ ਪਤਾ ਹੁੰਦਾ ਕਿ ਉਹਨਾਂ ਨੇ ਲੀਡਰ ਬਣਨਾ ਹੈ। ਬਹੁਤਾ ਪੜ੍ਹੇ ਲਿਖੇ ਬਹੁਤੇ ਕਾਮਯਾਬ ਲੀਡਰ ਨਹੀਂ ਹੁੰਦੇ ਕਿਉਂਕਿ ਉਹ ਲੀਡਰ ਬਣਨ ਲਈ ਨਹੀਂ ਸਗੋਂ ਨੌਕਰੀ ਕਰਨ ਲਈ ਪੜ੍ਹੇ ਹੁੰਦੇ ਹਨ। ਸਾਡੇ ਦੇਸ਼ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਲੋਕ ਨੌਕਰੀ (ਚਾਕਰੀ) ਦੇ ਯੋਗ ਹੋਣ ਲਈ ਪੜ੍ਹਾਈ ਕਰਦੇ ਹਨ ਨਾ ਕਿ ਲੀਡਰ ਬਣਨ ਲਈ। ਹਾਂ, ਲੀਡਰ ਬਣਨ ਲਈ ਪੜ੍ਹਾਈ ਵਿਚਾਲੇ ਛੱਡਣ ਵਾਲੇ ਬਹੁਤ ਮਿਲ ਜਾਣਗੇ।

ਤੁਸੀਂ ਅਕਸਰ ਸੁਣਿਆਂ ਹੋਣਾ, "ਪੜ੍ਹ ਲਿਖ ਕੇ ਕਿਹੜਾ ਨੌਕਰੀ ਮਿਲਣੀ ਹੈ।" ਪਰ ਇਹ ਕਦੀ ਨਹੀਂ ਸੁਣਿਆਂ ਹੋਣਾ, "ਪੜ੍ਹ ਲਿਖ ਕੇ ਕਿਹੜਾ ਲੀਡਰ ਬਣਨਾ।" ਭਾਵ ਸਾਡੇ ਵਿਦਿਅਕ ਅਦਾਰਿਆ ਦੀ ਪੜ੍ਹਾਈ ਕੀਤੀ ਹੀ ਨੌਕਰੀ ਲਈ ਜਾਂਦੀ ਹੈ ਨਾ ਕਿ ਵਧੀਆ ਲੀਡਰ ਬਣਨ ਲਈ। ਪੜ੍ਹੇ ਲਿਖਿਆਂ ਦੀ ਬੇਰੁਜ਼ਗਾਰੀ ਜਾਂ ਨੌਕਰੀਆਂ ਨਾ ਮਿਲਣ ਦਾ ਰੋਣਾ ਤਾਂ ਬਹੁਤ ਰੋਇਆ ਜਾਂਦਾ ਪਰ ਪੜ੍ਹਿਆਂ ਲਿਖਿਆਂ ਵਲੋਂ ਅਗਵਾਈ ਕਰਨ ਲਈ ਅੱਗੇ ਨਾ ਆਉਣ ਦੀ ਗੱਲ ਕਿਧਰੇ ਨਹੀਂ ਹੁੰਦੀ। ਸਾਡੀ ਸੰਸਥਾਈ ਪੜ੍ਹਾਈ ਦਾ ਉਦੇਸ਼ ਹੀ ਵਿਦਿਆਰਥੀ ਨੂੰ 'ਆਪਣੇ ਆਪ ਜੋਗਾ' ਬਣਾਉਣਾ ਹੈ ਜਦ ਕਿ ਲੀਡਰ ਦਾ ਮਤਲਬ ਹੋਰਾਂ ਜੋਗਾ ਹੋਣਾ ਹੁੰਦਾ ਹੈ।

ਗੁਰੂ ਨਾਨਕ ਨੂੰ ਸੰਸਥਾਈ ਪੜ੍ਹਾਈ ਦੇ ਇਸ ਖਾਸੇ ਦਾ ਬਹੁਤ ਜਲਦੀ ਪਤਾ ਲੱਗ ਗਿਆ ਸੀ। ਉਹਨਾਂ ਆਪਣੇ ਪਿਉ ਜਾਂ ਭਣੋਈਏ ਵਾਂਗ ਸਰਕਾਰੀ ਨੌਕਰੀ ਨਹੀਂ ਸੀ ਕਰਨੀ, ਵਿਚਾਰਵਾਨ ਦੇ ਤੌਰ 'ਤੇ ਲੋਕਾਈ ਦੀ ਅਗਵਾਈ ਕਰਨੀ ਸੀ। ਇਸ ਲਈ ਉਹਨਾਂ ਸੰਸਥਾਈ ਪੜ੍ਹਾਈ ਨੂੰ ਤਿਆਗ ਕੇ ਆਪਣੇ ਢੰਗ ਦਾ ਵਿਦਿਆ ਜਾਂ ਗਿਆਨ ਪ੍ਰਾਪਤੀ ਦਾ ਰਸਤਾ ਚੁਣਿਆਂ। ਉਹਨਾਂ ਨੌਕਰ ਹੋਣ ਦੀ ਥਾਂ ਆਗੂ ਹੋਣਾ ਚੁਣਿਆਂ।



# ਹਿੰਦ-ਪਾਕਿ

ਗੁਰੂ ਨਾਨਕ, ਗੁਰੂ ਰਾਮਦਾਸ, ਗੁਰੂ ਅਰਜਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਬਹੁਤੇ ਇਤਿਹਾਸਕ ਸਥਾਨ ਪਾਕਿਸਤਾਨ ਵਿਚ ਹਨ। ਪਾਕਿਸਤਾਨ ਵਿਚ ਸ਼ਹੀਦ ਭਗਤ ਸਿੰਘ ਦੀ ਨਿਰਵਿਵਾਦ ਹਰਮਨ ਪਿਆਰਤਾ ਅਤੇ ਮਾਨਤਾ ਸਾਡੇ ਦੇਸ਼ ਨਾਲੋਂ ਵਧੇਰੇ ਹੈ। ਮਹਾਤਮਾ ਗਾਂਧੀ ਦਾ ਦਿੱਲੀ ਵਿਚ ਕਤਲ ਹੋਣ 'ਤੇ ਕਰਾਚੀ (ਪਾਕਿਸਤਾਨ) ਵਿਚ ਲੱਖਾਂ ਲੋਕ ਆਪਣੇ ਆਪ ਸ਼ੋਕ ਸਭਾ ਦੇ ਰੂਪ ਵਿਚ ਇਕੱਠੇ ਹੋਏ ਸਨ। ਕਈ ਲੋਕ ਇਸ ਨੂੰ ਮਹਾਤਮਾਂ ਗਾਂਧੀ ਦੇ ਚਲਾਣੇ 'ਤੇ ਹੋਈ ਦੁਨੀਆਂ ਦੀ ਸਭ ਤੋਂ ਭਰਵੀਂ ਸ਼ੋਕ ਸਭਾ ਖਿਆਲ ਕਰਦੇ ਹਨ। ਭਾਰਤ ਅਤੇ ਪਾਕਿਸਤਾਨ ਦੋਨਾਂ ਦੇਸ਼ਾਂ ਵਿਚ ਮੁਸਲਿਮ ਜਨਸੰਖਿਆ ਲਗਪਗ ਇੱਕੋ ਜਿੰਨੀ ਹੈ।

ਮੈਂ ਕਦੀ ਪਾਕਿਸਤਾਨ ਨਹੀਂ ਗਿਆ, ਸ਼ਾਇਦ ਕਦੀ ਜਾਵਾਂ ਵੀ ਨਾ, ਪਰ ਮੈਂ ਪਾਕਿਸਤਾਨ ਦੇ ਧੀਆਂ ਪੁੱਤਾਂ ਦਾ ਓਨਾ ਹੀ ਆਦਰ ਕਰਦਾਂ ਜਿੰਨਾਂ ਭਾਰਤੀਆਂ ਦਾ। ਪਾਕਿਸਤਾਨ ਦੇ ਆਮ ਪੰਜਾਬੀਆਂ ਨੂੰ ਓਨੀ ਹੀ ਮੁਹੱਬਤ ਕਰਦਾਂ ਜਿੰਨੀ ਭਾਰਤੀ ਪੰਜਾਬੀਆਂ ਨੂੰ। ਮੈਂ ਵਾਰਿਸ ਸ਼ਾਹ ਦੀ ਸ਼ਿਵ ਕੁਮਾਰ ਨਾਲੋਂ ਜ਼ਿਆਦਾ ਇੱਜ਼ਤ ਕਰਦਾਂ। ਮੇਰੇ ਲਈ ਹਰਿਮੰਦਰ ਦੀ ਨੀਂਹ ਰੱਖਣ ਵਾਲੇ ਸਾਈਂ ਮੀਆਂ ਮੀਰ ਇਸ 'ਤੇ ਸੋਨਾ ਲਾਉਣ ਵਾਲੇ ਮਹਾਰਾਜਾ ਰਣਜੀਤ ਸਿੰਘ ਨਾਲੋਂ ਜ਼ਿਆਦਾ ਸਤਿਕਾਰਯੋਗ ਹਨ। ਮੇਰੀ ਸ਼ਾਹ ਹੁਸੈਨ ਅਤੇ ਬੁੱਲੇ ਸ਼ਾਹ ਵਿਚ ਓਨੀ ਦਿਲਚਸਪੀ ਹੈ ਜਿੰਨੀ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਵਿਚ।

ਮੈਂ ਪਾਕਿਸਤਾਨ ਅਤੇ ਭਾਰਤ ਵਿਚ ਵਸਦੇ ਮਜ਼ਹਬੀ ਜਨੂੰਨੀਆਂ ਦੀਆਂ ਸਰਗਰਮੀਆਂ ਨੂੰ ਇਕੋ ਜਿੰਨਾ ਨਾਪਸੰਦ ਕਰਦਾਂ ਅਤੇ ਇਹਨਾਂ ਦੀਆਂ ਦੋਨਾਂ ਮੁਲਕਾਂ ਵਿਚ ਨਫ਼ਰਤ ਫੈਲਾਉਣ ਦੀਆਂ ਕਾਰਵਾਈਆਂ ਨੂੰ ਇਕੋ ਜਿੰਨੀ ਨਫ਼ਰਤ ਕਰਦਾਂ। ਸਾਨੂੰ ਪਾਕਿਸਤਾਨੀ ਅਤੇ ਭਾਰਤੀ, ਦੋਨਾਂ ਮੁਲਕਾਂ ਦੀਆਂ ਸਰਕਾਰਾਂ ਤੋਂ ਲੋਕ ਪੱਖੀ ਅਤੇ ਜੰਗ ਵਿਰੋਧੀ ਹੋਣ ਦੀ ਤਵੱਕੋਂ ਅਤੇ ਮੰਗ ਕਰਨੀ ਚਾਹੀਦੀ ਹੈ।



Digitized by

## ਸ਼ਰਾਬ ਸੇਵਾ

ਚੋਣਾਂ ਵਿਚ ਪੰਥਕ ਆਗੂਆਂ ਵਲੋਂ ਸ਼ਰਾਬ ਵੰਡਣ ਦੀ ਖ਼ਬਰ ਪੜ੍ਹ ਕੇ ਇਕ ਪੁਰਾਣੀ ਗੱਲ ਯਾਦ ਆ ਗਈ - ਪਿੰਡ ਵਿਚ ਕਿਸੇ ਦੇ ਵਿਆਹ ਸੀ ਤਾਂ ਘਰ ਦੇ ਬਜ਼ੁਰਗ ਨੇ ਨੌਜਵਾਨਾਂ ਨੂੰ ਪੁੱਛਿਆ, "ਮੁੰਡਿਓ ਕਿਧਰ ਚੱਲੇ?" ਮੁੰਡੇ ਕਹਿੰਦੇ, "ਕੁਛ ਜਣੇ ਪਿੰਡ 'ਚੋਂ ਮੰਜੇ ਬਿਸਤਰੇ 'ਕੱਠੇ ਕਰਨ ਲੱਗੇ ਆਂ, ਦੋ ਜਣੇ ਮੇਲ਼ ਲਈ ਸ਼ਾਮ ਦੀ ਰੋਟੀ ਦਾ ਪ੍ਰਬੰਧ ਕਰਨ ਲੱਗੇ ਹਾਂ।" ਬਜ਼ੁਰਗ ਕਹਿੰਦਾ," ਮੰਜੇ ਬਿਸਤਰੇ 'ਕੱਠੇ ਕਰਨ ਲਈ ਦਰ ਦਰ ਫਿਰਨ ਦੀ ਲੋੜ ਨਹੀਂ, ਬਾਹਲੀ ਦਾਲ ਸਬਜ਼ੀ ਵੀ ਨਾ ਬਣਾਇਓ, ਸ਼ਾਮ ਲਈ ਚਾਰ ਬੋਤਲਾਂ ਹੀ ਵੱਧ ਲੈ ਆਓ।"

ਮੁੰਡਿਆਂ ਨੇ ਸਿਆਣੇ ਦੀ ਗੱਲ ਮੰਨ ਲਈ। ਨਤੀਜਾ, ਖਾਓ ਪੀਓ ਵੇਲੇ ਨੂੰ ਸਾਰੇ ਮੇਲ਼ੀ ਟੁੰਨ ਹੋ ਕੇ ਕੋਈ ਖੁਰਲੀਆਂ 'ਚ ਪੈ ਗਏ, ਕੋਈ ਔਲੂ ਲਾਗੇ ਲਿਟ ਗਏ, ਕੋਈ ਨੀਰੇ ਆਲ਼ੇ 'ਚ ਵੜ ਗਏ। ਸਿਆਣੇ ਦੀ ਸਲਾਹ ਨਾਲ ਮੁੰਡਿਆਂ ਨੇ ਸਾਰੇ ਬੇਸੁਰਤ ਸ਼ਰਾਬੀਆਂ ਦੀਆਂ ਦਾਹੜੀਆਂ ਮੁੱਛਾਂ ਨੂੰ ਚਮਚਾ ਚਮਚਾ ਸਬਜ਼ੀ ਲਾ ਕੇ ਲਬੇੜ ਦਿੱਤਾ। ਸ਼ਰਾਬੀ ਮੇਲ਼ੀ ਅਜੇ ਤੱਕ ਯਾਦ ਕਰਦੇ ਕਿ ਫਲਾਨਿਆਂ ਨੇ ਵਿਆਹ 'ਚ ਸੇਵਾ ਬਹੁਤ ਕੀਤੀ ਸੀ।

ਸਾਡੀਆਂ ਚੋਣਾਂ ਵਿਚ ਵੀ 'ਸਿਆਣਿਆਂ' ਵਲੋਂ ਵੋਟਰਾਂ ਦੀ ਅਜਿਹੀ ਸੇਵਾ ਦਾ ਰਿਵਾਜ਼ ਵਧ ਰਿਹਾ ਹੈ।



Digitized by Panjab Digital Library



## ਕਸ਼ਮੀਰੀ ਕਥਾ

ਇਕ ਕਸ਼ਮੀਰੀ ਬਾਤ ਹੈ-

ਇਕ ਬਹੁਤ ਹਠੀ, ਤਪੀ, ਕਾਬਲ, ਵਿਚਾਰਕ, ਵਿਦਵਾਨ ਉੱਚ ਸ਼੍ਰੇਣੀ ਨਾਲ ਸਬੰਧਤ (ਮੰਨੇ ਜਾਂਦੇ) ਵਿਅਕਤੀ ਦੀ ਰੂਹ ਬਹੁਤ ਨੀਚ ਵਰਗ ਦੇ (ਸਮਝੇ ਜਾਂਦੇ) ਬੱਚੇ ਵਿਚ ਦਾਖਲ ਹੋ ਜਾਂਦੀ ਹੈ ਜੋ ਵੱਡਾ ਹੋ ਕੇ ਆਪਣੇ ਆਪ ਨੂੰ ਰਾਜ ਗੱਦੀ ਦੇ ਕਾਬਲ ਸਮਝਣ ਲੱਗ ਜਾਂਦਾ ਹੈ ਅਤੇ ਘਰੋਂ ਦੂਰ ਹੋਰ ਦੇਸ਼ ਵਿਚ ਚਲਾ ਜਾਂਦਾ ਹੈ। ਇਸ ਨਵੇਂ ਦੇਸ਼ ਦੇ ਬੇ-ਸੰਤਾਨੇ ਰਾਜੇ ਦੀ ਮੌਤ ਹੋ ਜਾਂਦੀ ਹੈ ਅਤੇ ਰਾਜ ਗੱਦੀ 'ਤੇ ਬੈਠਣ ਲਈ ਪਰਜਾ ਕਾਬਲੀਅਤ ਦੀ ਬਜਾਏ ਇਕ ਅਟਪਟੇ ਜਾਂ ਹਾਸੋ-ਹੀਣੇ ਤਰੀਕੇ ਨਾਲ ਇਸ ਵਿਅਕਤੀ ਨੂੰ ਚੁਣ ਲੈਂਦੀ ਹੈ। ਕੁਝ ਵਰ੍ਹਿਆਂ ਬਾਅਦ ਲੋਕਾਂ ਵਿਚ ਕੰਨੋਂ-ਕੰਨੀਂ ਖ਼ਬਰ ਫੈਲ ਜਾਂਦੀ ਹੈ ਕਿ ਰਾਜਾ ਅਸਲ ਵਿਚ ਉਸ ਉਚ ਵਰਗ (ਲਿਆਕਤ) ਦਾ ਨਹੀਂ ਜਿਸਦਾ ਉਹਨਾਂ ਨੇ ਸਮਝਿਆ ਸੀ। ਉਹਨਾਂ ਨੂੰ ਭਿਆਨਕ ਸਦਮਾ ਪਹੁੰਚਦਾ ਹੈ ਅਤੇ ਸਾਰੇ ਪਾਸੇ ਹੜਕੰਪ ਮਚ ਜਾਂਦਾ ਹੈ। ਲੋਕ ਦੇਸ਼ ਛੱਡ ਕੇ ਦੌੜਨ ਲੱਗਦੇ ਹਨ। ਕਈ ਆਤਮਦਾਹ ਕਰ ਲੈਂਦੇ ਹਨ। ਸ਼ਰਮ ਦਾ ਮਾਰਿਆ ਰਾਜਾ ਵੀ ਉਥਲ ਪੁਥਲ ਨੂੰ ਨਾ ਸਹਿ ਸਕਿਆ ਅਤੇ ਉਹ ਵੀ ਅੱਗ ਵਿਚ ਛਾਲ ਮਾਰ ਕੇ ਆਤਮ ਹੱਤਿਆ ਕਰ ਲੈਂਦਾ ਹੈ।

ਬਾਤ ਇਸ ਤੋਂ ਅੱਗੇ ਵੀ ਹੈ। ਪਰ ਮੈਂ ਏਥੇ ਰੁੱਕ ਗਿਆ। ਮੱਥਾ ਠਣਕਿਆਂ ਕਿ ਪੰਜਾਬ ਦੇ ਲੋਕ ਵੀ ਪਿਛਲੇ ਵੀਹ-ਪੱਚੀ ਸਾਲਾਂ ਤੋਂ ਬੜੀ ਤੇਜ਼ੀ ਨਾਲ ਦੇਸ਼ ਛੱਡ ਕੇ ਦੌੜ ਰਹੇ ਹਨ। ਬਹੁਤ ਸਾਰੇ ਆਤਮ ਹੱਤਿਆ ਵੀ ਕਰ ਰਹੇ ਹਨ। ਹੜਕੰਪ ਤਾਂ ਇਥੇ ਵੀ ਮਚਿਆ ਪਿਆ। ਪਰ ਏਨੇ ਸਾਲਾਂ ਵਿਚ ਕੋਈ ਰਾਜਾ ...?

Courtesy:
Jaswant Singh Zafar
Digitized by;
Panjab Digital Library



## ਸ਼ਬਦਾਂ 'ਤੇ ਕਬਜ਼ਾ

ਵੈਸੇ ਕਬਜ਼ਾ ਤਾਂ ਕੋਈ ਵੀ ਜਾਇਜ਼ ਨਹੀਂ ਹੁੰਦਾ। ਸਾਂਝੀਆਂ ਜਾਇਦਾਦਾਂ 'ਤੇ ਨਜਾਇਜ਼ ਕਬਜ਼ਾ ਹੋਣ 'ਤੇ ਜਾਗਰੂਕ ਭਾਈਚਾਰੇ ਨੂੰ ਦੁੱਖ ਹੋਣਾ ਕੁਦਰਤੀ ਹੁੰਦਾ ਹੈ। ਕਿਸੇ ਭਾਈਚਾਰੇ ਦੀਆਂ ਸਾਂਝੀਆਂ ਸੰਸਥਾਵਾਂ, ਸਾਂਝੇ ਸਰੋਤਾਂ, ਸਾਂਝੇ ਵਸੀਲਿਆਂ ਆਦਿ ਉੱਤੇ ਕਿਸੇ ਇਕ ਵਿਅਕਤੀ, ਪਰਿਵਾਰ, ਟੋਲੇ ਜਾਂ ਧੜੇ ਦਾ ਕਬਜ਼ਾ ਹੋਣ 'ਤੇ ਉਸ ਭਾਈਚਾਰੇ ਦਾ ਨਿਰਾਸ਼ਾ, ਨਿਘਾਰ ਜਾਂ ਢਹਿੰਦੀ ਕਲਾ ਵੱਲ ਜਾਣਾ ਉਵੇਂ ਹੀ ਕੁਦਰਤੀ ਹੁੰਦਾ ਹੈ ਜਿਵੇਂ ਇਹ ਕਿਸੇ ਗੁਲਾਮ ਕੌਮ ਵਿਚ ਹੁੰਦਾ ਹੈ।

ਭਾਈਚਾਰੇ ਦੀ ਸਭ ਤੋਂ ਵੱਧ ਮਹੱਤਵਪੂਰਨ ਅਤੇ ਸਾਂਝੀ ਚੀਜ਼ ਭਾਸ਼ਾ ਹੁੰਦੀ ਹੈ। ਭਾਸ਼ਾ ਦੇ ਸ਼ਬਦ-ਅਰਥ ਭਾਈਚਾਰੇ ਅੰਦਰ ਸਰਬ ਪ੍ਰਵਾਨਤ ਹੀ ਨਹੀਂ ਸਗੋਂ ਸਰਬ ਸਾਂਝੇ ਵੀ ਹੁੰਦੇ ਹਨ। ਭਾਸ਼ਾ ਅਤੇ ਸ਼ਬਦਾਂ-ਅਰਥਾਂ 'ਤੇ ਜਦ ਕੋਈ ਜ਼ੋਰਾਵਰ ਕਬਜ਼ਾ ਕਰਨ ਦੀ ਕੋਸ਼ਿਸ਼ ਕਰਦਾ ਤਾਂ ਸਮਝਿਆ ਜਾਣਾ ਚਾਹੀਦਾ ਕਿ ਉਹ ਆਪਣੇ ਲੋਕਾਂ ਦੀ ਆਤਮਾ ਦਾ ਕਤਲ ਕਰਨਾ ਚਾਹੁੰਦਾ। ਅਤੇ ਜਦੋਂ ਕੋਈ ਇਹ ਕਬਜ਼ਾ ਕਰਨ ਵਿਚ ਸਫ਼ਲ ਹੋ ਜਾਵੇ ਤਾਂ ਸਮਝਿਆ ਜਾਣਾ ਚਾਹੀਦਾ ਕਿ ਉਸ ਭਾਈਚਾਰੇ ਦੀ ਸਮੂਹਿਕ ਆਤਮਾ ਮਾਰ ਲਈ ਹੈ।

ਮੇਰੇ ਮਨ ਵਿਚ ਇਹ ਖਿਆਲ ਬਹੁਤ ਵੱਡੇ ਸੱਤਾਵਾਨਾਂ ਵਲੋਂ ਆਪਣੇ ਆਪ ਨੂੰ ਫਕੀਰ, ਦਰਵੇਸ਼, ਇਨਕਲਾਬੀ ਆਦਿ ਅਖਵਾਏ ਜਾਣ ਕਰਕੇ ਆਇਆ।

*Original with;*
Jaswant Singh Zafar
*Digitized by;*
Panjab Digital Library

## ਗਰੀਬ ਦੇਸ਼ ਦੀਆਂ ਅਮੀਰ ਪਾਰਟੀਆਂ

ਸਾਹ ਲੈਣ ਲਈ ਸਾਫ਼ ਹਵਾ ਅਤੇ ਪੀਣ ਲਈ ਜ਼ਹਿਰਾਂ ਮੁਕਤ ਪਾਣੀ ਦਾ ਪ੍ਰਬੰਧ ਕਰਨ ਲਈ, ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਲਈ, ਘੱਟੋ ਘੱਟ ਲੋੜੀਂਦੀਆਂ ਖਾਲੀ ਅਸਾਮੀਆਂ ਭਰਨ ਲਈ, ਕਰਮਚਾਰੀਆਂ ਨੂੰ ਤਨਖਾਹਾਂ ਦੇਣ ਲਈ ਹਰੇਕ ਪਾਰਟੀ ਦੀ ਸਰਕਾਰ ਕਹਿ ਰਹੀ ਹੈ ਕਿ ਪੈਸੇ ਦੀ ਘਾਟ ਹੈ। ਲੋਕਾਂ ਦੀ ਸਮਾਜਕ ਸੁਰੱਖਿਆ ਦਾ ਫਿਕਰ ਏਨਾ ਕੁ ਹੈ ਕਿ ਕਰਮਚਾਰੀਆਂ ਦੇ ਜਿਹੜੇ ਵਰਗਾਂ ਨੂੰ ਪੈਨਸ਼ਨਾਂ ਮਿਲਦੀਆਂ ਸਨ ਉਹਨਾਂ ਦੀਆਂ ਪੈਨਸ਼ਨ ਸਕੀਮਾਂ ਬੰਦ ਹੋ ਰਹੀਆਂ ਹਨ। ਲੋਕਾਂ ਦੇ ਹਰ ਪੱਧਰ ਦੇ ਮਸਲੇ ਵਧੀ ਜਾ ਰਹੇ ਹਨ। ਕੇਂਦਰੀ ਅਤੇ ਸੂਬਾਈ ਸਰਕਾਰਾਂ ਵਲੋਂ ਦੇਸ਼/ ਸੂਬੇ ਵਿਚ ਆਰਥਿਕ ਤੰਗੀ ਦੀ ਦੁਹਾਈ ਦਿੱਤੀ ਜਾਂਦੀ ਹੈ। ਦੇਸ਼ ਵਾਸੀਆਂ ਨੂੰ ਇਹ ਅਹਿਸਾਸ ਕਰਾਇਆ ਜਾ ਰਿਹਾ ਹੈ ਕਿ ਸਾਡਾ ਦੇਸ਼ ਗਰੀਬ ਹੈ।

ਪਰੰਤੂ ਗਰੀਬ ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਜਾਂ ਸਿਆਸੀ ਲੋਕਾਂ ਕੋਲ ਏਨਾ ਪੈਸਾ ਕਿਥੋਂ, ਕਿਵੇਂ ਅਤੇ ਕਿਉਂ ਆ ਰਿਹਾ ਹੈ? ਚੋਣਾਂ ਲੜ ਰਹੇ ਉਮੀਦਵਾਰਾਂ ਅਤੇ ਪਾਰਟੀਆਂ ਵਲੋਂ ਹਰੇਕ ਪਾਰਲੀਮਾਨੀ ਸਭਾ ਸੀਟ 'ਤੇ ਤਕਰੀਬਨ ਇਕ-ਇਕ ਅਰਬ ਰੁਪੱਈਆ ਖਰਚਿਆ ਜਾਂਦਾ ਹੈ। ਜਿਥੇ ਇਕ ਪੋਸਟਰ ਜਾਂ ਬੈਨਰ ਨਾਲ ਸਰ ਸਕਦਾ ਉਥੇ ਸੌ ਸੌ ਲਗਾਏ ਜਾਂਦੇ ਹਨ। ਅਜਿਹਾ ਕਰਕੇ ਇਹ ਸਹੀ ਸੋਚ ਵਾਲੇ ਸਿਆਣੇ ਲੋਕਾਂ ਨੂੰ ਆਤੰਕਤ ਵੀ ਕਰ ਰਹੇ ਹਨ ਕਿ ਉਹ ਰਾਜਨੀਤੀ ਵਿਚ ਆਉਣ ਜਾਂ ਦਖ਼ਲ ਅੰਦਾਜ਼ੀ ਕਰਨ ਦੀ ਸੋਚ ਵੀ ਨਾ ਸਕਣ। ਚੋਣ ਪ੍ਰਚਾਰ ਲਈ ਵੱਡੀ ਗਿਣਤੀ ਵਿਚ ਲੱਗੇ ਵੱਡੇ ਵੱਡੇ ਹੋਲਡਿੰਗ ਸਿਆਸੀ ਬਦਮਾਸ਼ੀ ਦਾ ਪ੍ਰਗਟਾਵਾ ਹੈ। ਸਾਰੀਆਂ ਪਾਰਟੀਆਂ ਦਾ ਉਦੇਸ਼ ਪਾਵਰ ਹਥਿਆਉਣ ਲਈ ਪੈਸਾ ਇਕੱਠਾ ਕਰਨਾ ਅਤੇ ਪੈਸੇ 'ਕੱਠੇ ਕਰਨ ਲਈ ਪਾਵਰ ਹਥਿਆਉਣਾ ਬਣ ਗਿਆ ਹੈ। ਕੋਈ ਸਿਧਾਂਤਕ ਜਾਂ ਸਿਆਸੀ ਵਖਰੇਵਾਂ ਨਾ ਹੋਣ ਕਰਕੇ ਇਹ ਆਪਣੀ ਸਹੂਲਤ ਲਈ ਬੜੇ ਅਰਾਮ ਨਾਲ ਪਾਰਟੀ ਬਦਲ ਲੈਂਦੇ ਹਨ। ਉਪਰੋਂ ਇਕ ਦੂਜੀ ਦੀਆਂ ਵਿਰੋਧੀ ਲਗਦੀਆਂ ਪਾਰਟੀਆਂ ਇਕ ਦੂਜੀ ਨਾਲ ਸੀਟਾਂ ਦਾ ਦੇਣ ਲੈਣ ਵੀ ਕਰ ਲੈਂਦੀਆਂ ਹਨ। ਲੋਕਾਂ ਦੇ ਅਸਲ ਮੁੱਦਿਆਂ ਅਤੇ ਮਸਲਿਆਂ ਨਾਲ ਦੂਰ ਦਾ ਵਾਸਤਾ ਵੀ ਨਾ ਰੱਖਣ ਦੀ ਇਹਨਾਂ ਨੇ ਆਪਸੀ ਸਹਿਮਤੀ ਬਣਾਈ ਹੋਈ ਹੈ। ਇਹ ਲੋਕਾਂ ਨੂੰ ਤਾਂ ਬੰਦੇ ਹੀ ਨਹੀਂ ਸਮਝਦੇ ਕਿਉਂਕਿ ਇਹਨਾਂ ਨੂੰ ਇਸ ਗੱਲ ਦੀ ਤਸੱਲੀ ਹੈ ਕਿ "ਰਾਜ ਤਾਂ ਅਸੀਂ ਹੀ ਕਰਨਾ"।

ਲੋਕ ਬੇਦਿਲੀ ਨਾਲ ਕਹਿ ਛੱਡਦੇ ਹਨ, "ਸਾਰੇ ਇਕੋ ਜਿਹੇ ਹਨ" ਜਾਂ "ਸਭ ਰਲ਼ੇ ਹੋਏ ਹਨ" ਪਰ ਸਥਿਤੀ ਦਾ ਕੋਈ ਅਸਰਦਾਰ ਉਪਾਅ ਨਹੀਂ ਸੋਚਦੇ।

*Original with;*
Jaswant Singh Zafar
*Digitized by;*
Panjab Digital Library



## ਸਮੱਸਿਆਵਾਂ ਦਾ ਦੇਸ਼

ਸਾਡਾ ਮੁਲਕ ਅਨੇਕਾਂ ਸਮੱਸਿਆਵਾਂ ਦਾ ਗਰੱਸਿਆ ਹੋਇਆ ਹੈ। ਇਸ ਲਈ ਕਈ ਲੋਕ ਇਸ ਨੂੰ 'ਸਮੱਸਿਆਵਾਂ ਦਾ ਦੇਸ਼' ਵੀ ਕਹਿੰਦੇ ਹਨ। ਰਾਜਨੀਤੀ ਜਾਂ ਸਿਆਸਤ ਦਾ ਕੰਮ ਸਮੱਸਿਆਵਾਂ ਨੂੰ ਸੁਲਝਾਉਣਾ ਜਾਂ ਮੁੱਦਿਆਂ ਨੂੰ ਨਜਿੱਠਣਾ ਹੁੰਦਾ ਹੈ। ਪਰ ਜਿਸ ਭਾਂਤ ਦੀ ਰਾਜਨੀਤੀ ਸਾਡੇ ਪੇਸ਼ ਪਈ ਹੈ, ਇਹ ਆਪਣੇ ਆਪ ਵਿਚ ਸਭ ਤੋਂ ਵੱਡੀ ਸਮੱਸਿਆ ਬਣ ਗਈ ਹੈ। ਚੋਣਾਂ ਦੀ ਮਜਬੂਰੀ ਕਾਰਨ ਇਹ ਰਾਜਨੀਤੀ ਜਨਤਕ ਪ੍ਰਬੰਧ ਨੂੰ ਸੁਚਾਰੂ ਰੱਖਣ ਵਾਲੇ ਸਾਰੇ ਮਹੱਤਵਪੂਰਨ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਲਈ ਅੜਿਕਾ ਬਣਦੀ ਹੈ। ਅੜਿਕਾ ਹੀ ਨਹੀਂ ਬਣਦੀ ਸਗੋਂ ਕਾਨੂੰਨ ਲਾਗੂ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰਨ ਦੀ ਕੋਸ਼ਿਸ਼ ਵਿਚ ਲੱਗੀ ਰਹਿੰਦੀ ਹੈ।

ਇਹ ਰਾਜਨੀਤੀ ਜਾਂ ਸਾਰੇ ਸਿਆਸਤਦਾਨ ਔਸਤਨ ਹਰ ਸਵਾ ਸਾਲ ਬਾਅਦ ਆਉਣ ਵਾਲੀ ਕਿਸੇ ਨਾ ਕਿਸੇ ਚੋਣ ਲਈ ਜਿੰਨਾ ਪੈਸਾ, ਸਮਾਂ ਅਤੇ ਦਿਮਾਗ ਲਗਾਉਂਦੇ ਹਨ ਜੇ ਓਨਾ ਲੋਕਾਂ ਦੀਆਂ ਸਮੱਸਿਆਂ ਨੂੰ ਨਜਿੱਠਣ ਲਈ ਲਾਉਣ ਤਾਂ ਸਵਾ ਸਾਲ ਦੇ ਅੰਦਰ ਦੇਸ਼ ਪੂਰੀ ਤਰ੍ਹਾਂ ਹਰ ਤਰ੍ਹਾਂ ਦੀ ਸਮੱਸਿਆ ਤੋਂ ਮੁਕਤ ਹੋ ਸਕਦਾ ਹੈ।

*Original with;*
Jaswant Singh Zafar
*Digitized by;*
Panjab Digital Library



Original with:
Jaswant Singh Zafar
Digitized by:
Panjab Digital Library

# ਟਾਊਨ ਪਲਾਨਰ ਬਨਾਮ ਕਾਉਂਸਲਰ

ਸ਼ਹਿਰਾਂ ਦੀਆਂ ਮਿਉਂਸਪਲ ਕਾਰਪੋਰੇਸ਼ਨਾਂ ਦੇ ਖਾਤਿਆਂ ਵਿਚ ਕਿਸੇ ਵੇਲੇ ਕਰੋੜਾਂ ਰੁਪਏ ਜਮ੍ਹਾਂ ਪਏ ਰਹਿੰਦੇ ਸਨ। ਹੁਣ ਇਹਨਾਂ ਕੋਲ ਆਪਣੇ ਸੀਵਰੇਜ ਨੂੰ ਸੰਭਾਲਣ ਲਈ ਨਵੇਂ ਟਰੀਟਮੈਂਟ ਪਲਾਂਟ ਲਾਉਣ ਲਈ ਤਾਂ ਇਕ ਪਾਸੇ, ਪਹਿਲਾਂ ਲੱਗੇ ਲੰਗੜੇ ਜਿਹੇ ਪਲਾਟਾਂ ਨੂੰ ਸਹੀ ਤਰ੍ਹਾਂ ਚਲਦੇ ਰੱਖਣ ਲਈ, ਇਹਨਾਂ ’ਤੇ ਕੰਮ ਕਰਦੇ ਮੁੱਠੀ ਭਰ ਕਰਮਚਾਰੀਆਂ ਨੂੰ ਸਮੇਂ ਸਿਰ ਤਨਖਾਹ ਦੇਣ ਲਈ ਵੀ ਪੈਸੇ ਨਹੀਂ ਹੁੰਦੇ।

ਦੁਨੀਆਂ ਦੇ ਲੰਦਨ, ਨਿਊਯਾਰਕ, ਟਰੰਟੋ, ਮੈਲਬਾਰਨ ਵਰਗੇ ਸ਼ਹਿਰਾਂ ਵਿਚ 2500 ਤੋਂ 4000 ਅਬਾਦੀ ਮਗਰ ਮਿਉਂਸਪੈਲਟੀ ਦਾ ਇਕ ਟਊਨ ਪਲਾਨਰ ਹੁੰਦਾ ਹੈ, ਵੱਖ ਵੱਖ ਪ੍ਰਾਜੈਕਟਾਂ ’ਤੇ ਲੱਗੇ ਪ੍ਰਾਈਵੇਟ ਕੰਪਨੀਆਂ ਦੇ ਵੱਖਰੇ। ਇਸ ਲਿਹਾਜ਼ ਨਾਲ ਤੀਹ ਚਾਲੀ ਲੱਖ ਅਬਾਦੀ ਵਾਲੇ ਲੁਧਿਆਣੇ ਸ਼ਹਿਰ ਨੂੰ ਇੱਕ ਹਜ਼ਾਰ ਟਾਉਨ ਪਲਾਨਰ ਚਾਹੀਦੇ ਹਨ ਜਿਨ੍ਹਾਂ ਵਿਚੋਂ ਕੁਝ ਕੋਲ ਟਾਊਨ ਪਲਾਨਿੰਗ ਦੀ ਪੀਐਚ. ਡੀ, ਜਾਂ ਮਾਸਟਰ ਡਿਗਰੀ ਬਾਕੀਆਂ ਕੋਲ ਬੈਚਲਰ ਡਿਗਰੀ ਜਾਂ ਡਿਪਲੋਮਾ ਹੋਣਾ ਚਾਹੀਦਾ ਹੈ। ਮੰਨਿਆਂ ਅਸੀਂ ਗਰੀਬ ਦੇਸ਼ ਹਾਂ, ਇਸ ਲਈ ਸਾਡੇ ਕੋਲ ਦਸ ਹਜ਼ਾਰ ਅਬਾਦੀ ਮਗਰ ਤਾਂ ਇਕ ਕੁਆਲੀਫਾਈਡ ਟਾਉਨ ਪਲਾਨਰ ਹੋਣਾ ਹੀ ਚਾਹੀਦਾ ਹੈ। ਭਾਵ ਲੁਧਿਆਣੇ ਸ਼ਹਿਰ ਦੀ ਪਲਾਨਿੰਗ ਲਈ ਇਸ ਦੀ ਮਿਉਂਸਪਲ ਕਾਰਪੋਰੇਸ਼ਨ ਕੋਲ ਤਿੰਨ ਸੌ ਦੇ ਕਰੀਬ ਪੱਕੇ ਟਾਊਨ ਪਲਾਨਰ ਹੋਣੇ ਚਾਹੀਦੇ ਹਨ, ਪਰ ਹੈ ਸ਼ਾਇਦ ਇਕ ਵੀ ਨਹੀਂ। ਕਾਰਨ? ਕਾਰਪੋਰੇਸ਼ਨ ਜਾਂ ਸਰਕਾਰ ਕੋਲ ਅਜਿਹੇ ਤਕਨੀਤੀ ਮਾਹਿਰ ਨੂੰ ਤਨਖਾਹ ਦੇਣ ਲਈ ਪੈਸੇ ਨਹੀਂ ਹਨ।

ਪਰ ਇਸ ਸ਼ਹਿਰ ਕੋਲ ਨੱਬੇ ਮਿਉਂਸਪਲ ਕਾਉਂਸਲਰ ਹਨ। ਅਜਿਹੀ ਮਲੰਗ ਕਾਰਪੋਰੇਸ਼ਨ ਦੇ ਲੋਕ ਕਾਉਂਸਲਰ ਬਣਨਾ ਕਿਉਂ ਚਾਹੁੰਦੇ ਹਨ ਜਿਸ ਕੋਲ ਕੁਝ ਵੀ ਕਰਨ ਲਈ ਕੋਈ ਪੈਸਾ ਹੀ ਨਹੀਂ ਹੈ? ਪਿਛਲੇ ਸਾਲਾਂ ਵਿਚ ਜਿਉਂ ਜਿਉਂ ਕਾਰਪੋਰੇਸ਼ਨ ਗਰੀਬ ਹੋਈ ਹੈ ਕਾਉਂਸਲਰ ਬਣਨ ਲਈ ਮੁਕਾਬਲੇਬਾਜੀ ਹਟਣ ਦੀ ਬਜਾਏ ਚੋਣਾਂ ਵਿਚ ਸਿਰ ਧੜ ਦੀ ਲਗਦੀ ਹੈ, ਚੋਣਾਂ ਮਹਿੰਗੀਆਂ ਹੋਈਆਂ ਹਨ। ਇਹ ਖਰਚਾ ਚੋਣ ਕਮਿਸ਼ਨ ਦੀਆਂ ਪਾਬੰਦੀਆਂ ਅਤੇ ਨਿਗਾਰਨੀ ਦੇ ਬਾਵਜੂਦ ਉਸ ਦੁਆਰਾ ਨਿਧਾਰਤ ਹੱਦਾਂ ਟੱਪ ਜਾਂਦਾ ਹੈ। ਜਿਥੇ ਇਕ ਇਸ਼ਤਿਹਾਰ ਦੀ ਲੋੜ ਹੁੰਦੀ ਹੈ ਉਥੇ ਵੀਹ ਵੀਹ ਲਗਾਏ ਜਾਂਦੇ ਹਨ। ਵੱਡੀਆਂ ਵੱਡੀਆਂ ਫੋਟੋਆਂ ਵਾਲੇ ਬੋਰਡ ਲਗਦੇ ਹਨ, ਹੋਰ ਪਤਾ ਨਹੀਂ ਕੀ ਕੀ ਹੁੰਦਾ ਹੈ ਜੋ ਦੁਨੀਆਂ ਵਿਚ ਚੋਣਾਂ ਦੌਰਾਨ ਹੋਰ ਕਿਧਰੇ ਨਹੀਂ ਹੁੰਦਾ ਹੋਣਾ। ਕਿਸੇ ਗੱਲੋਂ ਕੋਈ ਸਰਫਾ ਨਹੀਂ ਹੁੰਦਾ। ਇਕ ਅਨੁਮਾਨ ਅਨੁਸਾਰ ਇਕ ਵਾਰਡ ਵਿਚ ਮਿਉਂਸਪਲ ਚੋਣ ਵਿਚ ਪਹਿਲੇ ਤਿੰਨ ਫਰੰਟਰਨਰ ਉਮੀਦਵਾਰ, ਉਨ੍ਹਾਂ ਦੀਆਂ ਪਾਰਟੀਆਂ ਅਤੇ ਸਮਰਥਕ ਲੱਗਪਗ ਇਕ ਕਰੋੜ ਰੁ. ਖਰਚਦੇ ਹਨ। ਨੱਬੇ ਵਾਰਡਾਂ ਵਿਚ ਨੱਬੇ ਕਰੋੜ ਰੁਪਏ। ਬਾਕੀ ਉਮੀਦਵਾਰਾਂ ਦਾ ਜੋੜਕੇ ਕੁਲ ਸੌ ਕਰੌੜ।

ਗਰੀਬ ਸ਼ਹਿਰ ਵਿਚ ਜੋ ਇਕ ਕੁਆਲੀਫਾਈਡ ਟਾਊਨ ਪਲਾਨਰ ਨਹੀਂ ਰੱਖ ਸਕਦਾ, ਏਨਾ ਭਾਰੀ ਚੋਣਾਵੀ ਪੂੰਜੀ ਨਿਵੇਸ਼ ਕਿਥੋਂ ਆਉਂਦਾ ਹੈ? ਮੁਨਾਫੇ ਸਹਿਤ ਇਸ ਖਰਚੇ ਦੀ ਪੂਰਤੀ ਕਿਥੇ ਅਤੇ ਕਿਵੇਂ ਹੁੰਦੀ ਹੋਵੇਗੀ?

Original with:
Jaswant Singh Zafar
Digitized by:
Panjab Digital Library

# ਖਜ਼ਾਨੇ ਦੀ ਦਸ਼ਾ, ਪੈਸੇ ਦੀ ਦਿਸ਼ਾ

ਸਾਡੇ ਬਚਪਨ ਦੇ ਦਿਨਾਂ ਵਿਚ ਜਦ ਕਿਸੇ ਪਾਰਟੀ ਦੇ ਉਮੀਦਵਾਰ ਨੇ ਪਿੰਡ ਵਿਚ ਚੋਣ ਜਲਸੇ ਨੂੰ ਸੰਬੋਧਨ ਕਰਨ ਆਉਣਾ ਹੁੰਦਾ ਸੀ ਤਾਂ ਪਿੰਡ ਵਿਚ ਉਸ ਪਾਰਟੀ ਦੇ ਮੋਹਤਬਰ ਬੰਦੇ ਲੋਕਾਂ ਤੋਂ ਚੋਣ ਫੰਡ ਦੀ ਉਗਰਾਹੀ ਕਰਦੇ ਸਨ। ਇੱਕ-ਇੱਕ, ਦੋ-ਦੋ, ਪੰਜ-ਪੰਜ ਰੁਪਏ ਇਕੱਠੇ ਕਰਕੇ ਜਲਸੇ ਵਾਲੇ ਦਿਨ ਉਮੀਦਵਾਰ ਨੂੰ ਪੰਜ ਸੱਤ ਸੌ ਰੁਪਏ ਚੋਣ ਫੰਡ ਵਜੋਂ ਭੇਟ ਕੀਤੇ ਜਾਂਦੇ ਸਨ ਜਾਂ ਏਨੀ ਕੁ ਰਕਮ ਦੇ ਨਵੇਂ ਨੋਟਾਂ ਵਾਲੇ ਹਾਰ ਖਰੀਦ ਕੇ ਉਸ ਨੂੰ ਪਹਿਨਾਏ ਜਾਂਦੇ ਸਨ। ਓਦੋਂ ਪੰਜ-ਸੱਤ ਸੌ ਰੁਪਏ ਕਿੰਨੇ ਕੁ ਹੁੰਦੇ ਸਨ? ਇਕ ਸਕੂਲ ਅਧਿਆਪਕ ਦੀ ਮਹੀਨੇ ਦੀ ਤਨਖਾਹ ਦੇ ਬਰਾਬਰ ਜਾਂ ਦੋ ਸਧਾਰਨ ਸਾਈਕਲਾਂ ਦੀ ਕੀਮਤ ਦੇ ਬਰਾਬਰ।

ਕਹਿਣ ਤੋਂ ਭਾਵ ਚੋਣ ਖਰਚ ਬਹੁਤ ਘੱਟ ਸਨ ਅਤੇ ਚੋਣਾਂ ਵਿਚ ਖਰਚਣ ਲਈ ਪਾਰਟੀਆਂ ਅਤੇ ਬਹੁਤੇ ਉਮੀਦਵਾਰਾਂ ਕੋਲ ਓਨੇ ਕੁ ਪੈਸੇ ਵੀ ਨਹੀਂ ਸਨ ਹੁੰਦੇ। ਪਰ ਓਦੋਂ ਸਰਕਾਰੀ ਖਜਾਨੇ ਵਿਚ ਪੈਸਾ ਬਹੁਤ ਹੁੰਦਾ ਸੀ। ਇਸ ਸਰਕਾਰੀ ਪੈਸੇ ਨਾਲ ਨਵੇਂ ਡੈਮ, ਥਰਮਲ ਪਲਾਂਟ, ਮਿਲਕ ਪਲਾਂਟ, ਖਾਦ ਫੈਕਟਰੀਆਂ, ਯੂਨੀਵਰਸਿਟੀਆਂ, ਹਸਪਤਾਲ ਅਤੇ ਰੇਡੀਓ-ਟੈਲੀਵੀਯਨ ਸਟੇਸ਼ਨ ਆਦਿ ਬਣਦੇ ਸਨ। ਵਾਜਿਬ ਤਨਖਾਹਾਂ ਅਤੇ ਪੈਨਸ਼ਨਾਂ ਵਾਲਾ ਰੁਜ਼ਗਾਰ ਪੈਦਾ ਹੁੰਦਾ ਸੀ। ਬਿਨਾਂ ਭਾਰੀ ਟੋਲ ਟੈਕਸ ਤੋਂ ਸੜਕਾਂ ਅਤੇ ਪੁਲ ਸਰਕਾਰ ਬਣਾਉਂਦੀ ਸੀ। ਦਾਣਾ ਮੰਡੀਆਂ, ਡਿਸਪੈਂਸਰੀਆਂ, ਸਰਕਾਰੀ ਲਾਇਬ੍ਰੇਰੀਆਂ, ਹਾਊਸਿੰਗ ਕਾਲੋਨੀਆਂ, ਪੰਚਾਇਤ ਘਰ, ਸਰਕਾਰੀ ਸਕੂਲ ਆਦਿ ਬਣਦੇ ਸਨ। ਹੁਣ ਇਹਨਾਂ ਕੰਮਾਂ ਲਈ ਸਰਕਾਰਾਂ ਕੋਲ ਪੈਸਾ ਨਹੀਂ ਹੈ। ਸਰਕਾਰੀ ਖਜਾਨਾ ਖਾਲੀ ਹੁੰਦਾ ਹੈ, ਇਸ ਲਈ ਸਭ ਕਾਸੇ ਦੇ ਨਿੱਜੀਕਰਨ ਨੂੰ ਪ੍ਰਚਾਰਿਆ ਅਤੇ ਪ੍ਰਚੱਲਤ ਕੀਤਾ ਜਾ ਰਿਹਾ ਹੈ। ਪੂਰੀ ਤਨਖਾਹ ਵਾਲੀਆਂ ਨੌਕਰੀਆਂ ਬੰਦ, ਪੈਨਸ਼ਨਾ ਬੰਦ ਅਤੇ ਨਵੀਂ ਤਰ੍ਹਾਂ ਦਾ ਵਿਕਾਸ ਸ਼ੁਰੂ।



Original with
Jaswant Singh Zafar
Digitized by
Panjab Digital Library

ਇਸ ਵਿਕਾਸ ਦੇ ਨਤੀਜੇ ਵਜੋਂ ਸਰਕਾਰਾਂ ਕੋਲ ਭਾਵੇਂ ਨਹੀਂ ਪਰ ਸਰਕਾਰਾਂ ਚਲਾਉਣ ਵਾਲੀਆਂ ਪਾਰਟੀਆਂ ਅਤੇ ਰਾਜਸੀ ਆਗੂਆਂ ਕੋਲ ਪੈਸਾ ਬਹੁਤ ਹੋ ਗਿਆ। ਉਹ ਵੋਟਰਾਂ ਨੂੰ ਚੋਣਾਂ ਵਿਚ ਸਾਈਕਲ, ਮੋਟਰ ਸਾਈਕਲ, ਟੀ. ਵੀ., ਫ੍ਰਿਜ, ਸ਼ਰਾਬ ਆਮ ਹੀ ਦੇ ਸਕਦੇ ਹਨ। ਇਕ-ਇਕ ਵੋਟ ਪੰਜ-ਪੰਜ ਹਜ਼ਾਰ ਰੁਪਏ ਵਿਚ ਖ੍ਰੀਦਣ ਦੀ ਉਹਨਾਂ ਦੀ ਯੋਗਤਾ ਹੈ। ਏਨਾ ਪਾਸਾ ਕਿਵੇਂ ਪਲਟ ਗਿਆ? ਇਹ ਕੋਈ ਓਹਲੇ ਪਰਦੇ ਵਾਲੀ ਗੱਲ ਨਹੀਂ। ਜਿਸ ਨਵੇਂ 'ਵਿਕਾਸ' ਦਾ ਇਹ ਨਤੀਜਾ ਹੈ ਉਸ ਨੂੰ ਸਾਰੀਆਂ ਮੁੱਖ ਰਾਜਸੀ ਧਿਰਾਂ ਨੇ ਪਰਮਸੱਤ ਵਾਂਗ ਇੱਕੋ ਜਿੰਨੀ ਸ਼ਿੱਦਤ ਨਾਲ ਅਪਣਾਇਆ ਹੈ। ਇਸ 'ਵਿਕਾਸ' ਦੀ ਵਾਗਡੋਰ ਸੰਭਾਲਣ ਦੇ ਮੁਕਾਬਲੇ ਵਜੋਂ ਹੀ ਚੋਣਾਂ ਹੁੰਦੀਆਂ ਹਨ। ਇੱਕ ਉਦਾਹਰਣ ਮੁਲਾਹਜ਼ਾ ਫੁਰਮਾਓ:

ਕੁਝ ਵਰ੍ਹੇ ਪਹਿਲਾਂ ਇਕ ਪ੍ਰਾਈਵੇਟ ਥਰਮਲ ਪਲਾਂਟ ਦਾ ਉਘਾਟਨੀ ਸਮਾਰੋਹ ਸੀ। ਕੰਪਨੀ ਦੇ ਮਾਲਕ ਨੇ ਆਪਣੇ ਖੁਸ਼ਾਮਦੀ ਭਾਸ਼ਨ ਵਿਚ ਹੋਰ ਗੱਲਾਂ ਦੇ ਨਾਲ-ਨਾਲ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਕਿ ਪ੍ਰਾਜੈਕਟ ਮੁਕੰਮਲ ਕਰਨ ਵਿਚ ਹੋਈ ਦੇਰੀ ਕਾਰਨ ਕੰਪਨੀ ਸਿਰ ਬਣਦਾ ਲਗਭਗ ਇਕ ਹਜ਼ਾਰ ਕਰੋੜ ਰੁਪਏ ਦਾ (ਸਰਕਾਰੀ ਖਜਾਨੇ ਵਿਚ ਜਾਣਾ ਵਾਲਾ) ਹਰਜਾਨਾ ਮਾਫ ਕੀਤਾ ਜਾਵੇ। ਆਪਣੇ ਭਾਸ਼ਨ ਵਿਚ ਮੁੱਖ ਮੰਤਰੀ ਸਾਹਿਬ ਨੇ ਹੋਰ ਗੱਲਾਂ ਤੋਂ ਇਲਾਵਾ ਇਹ ਗੱਲ ਬਿਨਾਂ ਕਿਸੇ ਝਿਜਕ ਤੋਂ ਕਹੀ ਕਿ ਸੇਠ ਜੀ, ਕਰ ਦਿਆਂਗੇ ਮਾਫ, ਤੁਸੀਂ ਸਾਡਾ ਵੀ ਖਿਆਲ ਰੱਖਿਆ ਕਰੋ, ਚੋਣਾਂ ਬਹੁਤ ਮਹਿੰਗੀਆਂ ਹੋ ਗਈਆਂ ਹਨ।

ਇਸ ਗੱਲ ਦਾ ਵਿਰੋਧੀ ਧਿਰ ਨੇ ਕੋਈ ਨੋਟਿਸ ਨਹੀਂ ਲਿਆ, ਮੀਡੀਆ ਨੇ ਬੁਰਾ ਨਹੀਂ ਮਨਾਇਆ।



# ਇੱਕੋ ਬੋਰੀ ਦੀ ਬਜਰੀ

ਦੂਸਰਿਆਂ ਦੀ ਭੰਡੀ ਜਾਂ ਨਿੰਦਿਆ ਕਰਨ ’ਚ ਸੁਆਦ ਬਹੁਤ ਹੈ ਪਰ ਲਾਭ ਕੋਈ ਨਹੀਂ। ਲਾਭ ਤਾਂ ਸਵੈ-ਪੜਚੋਲ ਤੇ ਸ਼ੁਭ ਕਰਮਨ ਨਾਲ ਹੀ ਹੁੰਦਾ। ਪਰ ਬਹੁਤਾ ਰਿਵਾਜ਼ ਹੋ ਗਿਆ ਕਿ ਆਪਣੇ ਸੁਧਾਰ ਲਈ ਆਪਣੇ ਅੰਦਰ ਝਾਕਣ ਦੀ ਬਜਾਏ ਬੱਸ ਆਪਣੇ ਇਤਿਹਾਸ, ਵਿਰਸੇ ਜਾਂ ਵਿਚਾਰਧਾਰਾ ਦੀਆਂ ਵਡਿਆਈਆਂ ਕਰੀ ਜਾਓ, ਫੜ੍ਹਾਂ ਮਾਰੀ ਜਾਓ। ਦੂਸਰਿਆਂ ਦੇ ਚੰਗੇਰੇ ਕਾਰਜਾਂ ਜਾਂ ਵਿਚਾਰਾਂ ਤੋਂ ਪ੍ਰੇਰਨਾ ਲੈਣ ਦੀ ਬਜਾਏ ਉਹਨਾਂ ਦੇ ਚਰਿੱਤਰ ਜਾਂ ਕਾਰ-ਵਿਹਾਰ ਦੀਆਂ ਕਚਿਆਈਆਂ ਨੂੰ ਨੰਗਾ ਕਰੋ, ਗਾਹਲਾਂ ਕੱਢੀ ਜਾਓ। ਪਰ ਅਸਲ ਵਿਚ ਅਸੀਂ ਸਾਰੇ ਇੱਕੋ ਥੈਲੀ ਦੇ ਚੱਟੇ ਵੱਟੇ ਹਾਂ। ਵੱਟੇ ਵੀ ਕਾਹਨੂੰ, ਇਕੋ ਬੋਰੀ ਦੀ ਬਜਰੀ ਹਾਂ। ਇਕ ਸਮੇਂ ’ਤੇ ਹੋਈ ਇਕੋ ਸਭਿਆਚਾਰ ਦੀ ਉਪਜ ਹਾਂ।

ਅੱਜ ਕੱਲ੍ਹ ਜਿੰਨਾਂ ਕੁ ਸਿੱਖਾਂ ਦਾ ਸਬੰਧ ਸਿੱਖੀ ਨਾਲ ਹੈ, ਓਨਾਂ ਕੁ ਕਮਿਊਨਿਸਟਾਂ ਦਾ ਸਮਾਜਵਾਦ ਨਾਲ ਹੈ। ਅਕਾਲੀ ਜਿੰਨੇ ਕੁ ਪੰਥ-ਪ੍ਰਸਤ ਹਨ, ਓਨੇ ਕੁ ਕਾਂਗਰਸੀ ਦੇਸ਼ ਭਗਤ ਹਨ। ਅਫ਼ਸਰਾਂ ਕੋਲ ਜਿੰਨੀ ਕੁ ਇਮਾਨਦਾਰੀ ਹੈ, ਓਨੀ ਕੁ ਲੀਡਰਾਂ ਕੋਲ ਸਚਾਈ ਹੈ। ਕਲਾਕਾਰਾਂ ਕੋਲ ਜਿੰਨੀ ਕੁ ਸੁਹਿਰਦਤਾ ਹੈ, ਮੀਡੀਏ ਕੋਲ ਓਨੀ ਕੁ ਨੈਤਿਕਤਾ ਹੈ। ਅਧਿਆਪਕਾਂ ਨੂੰ ਜਿੰਨਾ ਕੁ ਵਿਦਿਆ ਦਾ ਫਿਕਰ ਹੈ, ਲਿਖਾਰੀਆਂ ਨੂੰ ਓਨਾ ਕੁ ਸਮਾਜ ਦਾ ਫਿਕਰ ਹੈ।

ਬੇਈਮਾਨੀ, ਝੂਠ, ਬੇਨਿਯਮੀਆਂ, ਖੁਦਗਰਜ਼ੀ, ਦਿਖਾਵੇਬਾਜੀ ਵਗੈਰਾ ਵਿਚ ਅਸੀਂ ਚੜ੍ਹਦੇ ਤੋਂ ਚੜ੍ਹਦੇ ਹਾਂ। ਇਕ ਦੂਜੇ ਨੂੰ ਬੁਰਾ ਭਲਾ ਕਹਿਣ ਦੀ ਲੋੜ ਹੀ ਨਹੀਂ ਕਿਉਂਕਿ ਅਸੀਂ ਸਾਰੇ ਇੱਕੋ ਬੋਰੀ ਦੀ ਬਜਰੀ ਹਾਂ।



Original with: ... Zafar
Digitized by:
Panjab Digital Library

# ਫੇਸ ਬੁੱਕ

ਜੇ ਕੋਈ ਫੇਸ ਬੁੱਕ (ਦੇ ਕੁਮੈਂਟਾਂ, ਲਈਕਾਂ ਅਤੇ ਪੋਸਟਾਂ) ਨੂੰ ਹੀ (ਜ਼ਿੰਦਗੀ ਦਾ) ਸਭ ਕੁਝ ਸਮਝ ਲਵੇ ਤਾਂ ਸਮਝੋ ਉਸ ਦੀ ਮੱਤ-ਪੱਤ ਦਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ। ਜੇ ਕੋਈ ਆਪਣੇ ਕਰੀਬੀਆਂ ਨੂੰ ਇਹ ਕਹਿੰਦਾ ਜਾਂ ਸੋਚਦਾ ਰਹੇਗਾ, "ਮੇਰੀ ਪੋਸਟ ਲਾਈਕ ਕਿਉਂ ਨਹੀਂ ਕੀਤੀ, ਓਹਦੀ ਕਿਉਂ ਕੀਤੀ, ਫਲਾਣੀ ਪੋਸਟ 'ਤੇ ਢਿਮਕਾ ਕੁਮੈਂਟ ਕਿਉਂ ਕੀਤਾ ਜਾਂ ਕਿਉਂ ਨਹੀਂ ਕੀਤਾ ...... ਵਗੈਰਾ ਵਗੈਰਾ।" ਤਾਂ ਸਮਝੋ ਫੇਸ ਬੁੱਕ ਉਸ ਲਈ ਸਿਰਫ਼ ਦੁੱਖ ਦੇਣੀ ਚੀਜ਼ ਹੈ ਅਤੇ ਉਹ ਆਪ ਵੀ ਹੋਰਾਂ ਲਈ ਦੁੱਖ ਦੇਣਾ ਪ੍ਰਾਣੀ ਹੈ।

ਜਿਹੜਾ ਹਰ ਵੇਲੇ ਫੇਸ ਬੁੱਕ ਹੀ ਲੈ ਕੇ ਬੈਠਾ ਰਹੇ ਫੇਸ ਬੁੱਕ ਉਹਨੂੰ ਲੈ ਕੇ ਬੈਠ ਜਾਂਦੀ ਹੈ। ਕਵੀ-ਨੁਮਾ ਬੰਦਿਆਂ ਨੂੰ ਤਾਂ ਇਹ ਖਾਸ ਤੌਰ 'ਤੇ ਚਿੰਬੜਦੀ ਅਤੇ ਜਲਦੀ ਲੈ ਕੇ ਬੈਠਦੀ ਹੈ। ਫੇਸ ਬੁੱਕ ਦੇ ਬੁਰੇ ਅਸਰ ਤੋਂ ਸ਼ਿਵ ਕੁਮਾਰ ਬਟਾਲਵੀ ਵਰਗੇ ਵੱਡੇ ਕਵੀ ਵੀ ਨਹੀਂ ਬਚ ਸਕੇ। ਤੁਸੀਂ ਪੁੱਛੋਗੇ ਕਿ ਸ਼ਿਵ ਕੁਮਾਰ ਦੇ ਵੇਲੇ ਕਿਹੜੀ ਫੇਸ ਬੁੱਕ ਹੁੰਦੀ ਸੀ? ਬਿਲਕੁਲ ਹੁੰਦੀ ਸੀ। ਤੁਸੀਂ ਉਸ ਦੀ ਉਹ ਗ਼ਜ਼ਲ ਪੜ੍ਹੀ-ਸੁਣੀ ਹੋਵੇਗੀ:

ਮੈਨੂੰ ਤੇਰਾ ਸ਼ਬਾਬ ਲੈ ਬੈਠਾ  
ਰੰਗ ਗੋਰਾ ਗੁਲਾਬ ਲੈ ਬੈਠਾ  
ਵਿਹਲ ਜਦ ਵੀ ਮਿਲੀ ਹੈ ਫ਼ਰਜ਼ਾਂ ਤੋਂ  
ਤੇਰੇ ਮੁੱਖ ਦੀ ਕਿਤਾਬ ਲੈ ਬੈਠਾ

ਫੇਸ ਬੁੱਕ ਨੂੰ ਪੰਜਾਬੀ ਵਿਚ 'ਮੁੱਖ ਦੀ ਕਿਤਾਬ' ਹੀ ਤਾਂ ਆਖਦੇ ਹਨ। ਸ਼ਿਵ ਕੁਮਾਰ ਤਾਂ ਫਰਜ਼ਾਂ ਤੋਂ ਵਿਹਲ ਮਿਲਣ 'ਤੇ ਹੀ ਮੁੱਖ ਦੀ ਕਿਤਾਬ ਦੇਖਦਾ ਸੀ, ਅਸੀਂ ਕਈ ਵਾਰ ਕੰਮ ਦੇ ਸਮੇਂ ਵੀ ਫੇਸ ਬੁੱਕ ਲੈ ਕੇ ਬੈਠ ਜਾਂਦੇ ਹਾਂ।



## ਬੋਲਿ ਬੋਲਿ ਗਵਾਈਐ ॥

ਸਾਖੀਕਾਰ ਦੱਸਦੇ ਹਨ ਕਿ ਗੁਰੂ ਨਾਨਕ ਜਿਥੇ ਵੀ ਗਏ ਕਾਗਜ਼, ਕਲਮ ਅਤੇ ਹੋਰ ਲਿਖਣ-ਸਮੱਗਰੀ ਹਮੇਸ਼ਾ ਉਹਨਾਂ ਪਾਸ ਮੌਜੂਦ ਹੁੰਦੀ ਸੀ। ਮਹਾਨ ਲੋਕਾਂ ਦੇ ਬੋਲ ਲਿਖਤ ਰੂਪ ਵਿਚ ਆ ਕੇ ਅਮਰਤਾ ਨੂੰ ਪ੍ਰਾਪਤ ਹੁੰਦੇ ਹਨ। ਤਮਾਮ ਅਮਰ ਗੀਤਾਂ ਨੂੰ ਗਾਏ ਜਾਣ ਤੋਂ ਪਹਿਲਾਂ ਲਿਖਿਆ ਜਾਂਦਾ ਹੈ। ਸਾਡਾ ਕੋਈ ਜਜ਼ਬਾ, ਮਨੋਭਾਵ, ਉਬਾਲ, ਖਿਆਲ ਜਾਂ ਦਿਲ ਵਿਚ ਚੜ੍ਹਦੀ-ਉਤਰਦੀ ਤਾਂ ਹੀ ਸਪੱਸ਼ਟ ਵਿਚਾਰ ਬਣਦੀ ਹੈ ਜੇ ਅਸੀਂ ਉਸ ਨੂੰ ਲਿਖ ਲਈਏ। ਲਿਖਦੇ ਵੇਲੇ ਸਾਡਾ ਪੂਰਾ ਧਿਆਨ ਲਿਖੀ ਜਾ ਰਹੀ ਗੱਲ ਵਿਚ ਹੁੰਦਾ ਹੈ। ਜਦ ਕੋਈ ਪ੍ਰੇਸ਼ਾਨ ਕਰਨ ਵਾਲੀ ਗੱਲ ਸਾਡੇ ਮਨ ਵਿਚ ਘੁੰਮ ਘੁੰਮ ਕੇ ਸਾਨੂੰ ਹੋਰ ਤੋਂ ਹੋਰ ਪ੍ਰੇਸ਼ਾਨ ਕਰਦੀ ਹੈ ਤਾਂ ਐਸੀ ਪ੍ਰੇਸ਼ਾਨੀ ਨੂੰ ਲਿਖਣ ਲੱਗੀਏ ਤਾਂ ਲਿਖਣ ਦੌਰਾਨ ਹੀ ਪਤਾ ਲੱਗ ਜਾਂਦਾ ਹੈ ਕਿ ਅਸੀਂ ਕਿਸੇ ਬਹੁਤ ਨਿਗੂਣੀ ਗੱਲ ਕਰਕੇ ਆਪਣੇ ਮਨ ਨੂੰ ਨਕਾਰਾਤਮਿਕਤਾ ਨਾਲ ਭਰਿਆ ਹੋਇਆ ਹੈ। ਜੇ ਲਿਖਣ ਦੌਰਾਨ ਪਤਾ ਨਾ ਵੀ ਲੱਗੇ ਤਾਂ ਪੂਰਾ ਲਿਖਣ ਬਾਅਦ ਲਿਖੇ ਹੋਏ ਨੂੰ ਪੜ੍ਹਨ 'ਤੇ ਸਮਝ ਲੱਗ ਜਾਂਦੀ ਹੈ ਕਿ ਅਸਲ ਗੱਲ ਛੋਟੀ ਹੈ ਜਿਸ ਨੂੰ ਵੱਡੀ ਪ੍ਰੇਸ਼ਾਨੀ ਜਾਂ ਨਿਰਾਸ਼ਾ ਦਾ ਕਾਰਨ ਬਣਾਇਆ ਹੋਇਆ ਹੈ।

ਦਾਨਿਸ਼ਵਰਾਂ ਦਾ ਮੁੱਖ ਮਾਧਿਅਮ ਲਿਖਣਾ ਹੈ ਅਤੇ ਸਿਆਸਤਦਾਨਾਂ ਦਾ ਬੋਲਣਾ। ਸਿਆਸੀ ਲੋਕਾਂ ਨੂੰ ਆਪਣੇ ਬੋਲੇ ਤੋਂ ਮੁਕਰਦੇ ਜਾਂ ਉਸ ਨੂੰ ਬਦਲਦੇ ਜਾਂ ਉਲਟਾਉਂਦੇ ਅਕਸਰ ਦੇਖਦੇ ਹਾਂ। ਪਰ ਕਿਸੇ ਦਾਨਿਸ਼ਵਰ ਨੂੰ ਆਪਣੀ ਕਿਸੇ ਲਿਖਤ ਬਾਰੇ ਅਜਿਹਾ ਕਰਦੇ ਘੱਟ ਹੀ ਦੇਖਿਆ ਹੈ। ਅਕਸਰ ਕਿਸੇ ਬੋਲ-ਬੁਰਾਲ਼ੇ ਤੋਂ ਬਾਅਦ ਬੰਦੇ ਕਹਿ ਦਿੰਦੇ ਹਨ, "ਮੇਰੇ ਮੂੰਹੋਂ ਨਿਕਲ ਗਿਆ" ਜਾਂ "ਮੇਰੇ ਤੋਂ ਕਹਿ ਹੋ ਗਿਆ"। ਪਰ ਕਦੀ ਕੋਈ ਇੰਞ ਨਹੀਂ ਕਹਿੰਦਾ, "ਮੇਰੇ ਤੋਂ ਪਤਾ ਨਹੀਂ ਕਿਵੇਂ ਲਿਖ ਹੋ ਗਿਆ"। ਜ਼ੁਬਾਨ ਅਕਸਰ ਤਿਲਕ ਜਾਂਦੀ ਹੈ, ਕਲਮ ਨਹੀਂ ਤਿਲਕਦੀ। ਬੰਦਾ ਲਿਖ ਓਦੋਂ ਹੀ ਸਕਦਾ ਜਦ ਹੋਸ਼ ਵਿਚ ਜਾਂ ਸੁਰਤ ਸਿਰ ਹੋਵੇ, ਬੋਲ ਬੇਸੁਰਤੀ ਜਾਂ ਬੇਹੋਸ਼ੀ ਵਿਚ ਵੀ ਲੈਂਦਾ। ਬਹੁਤ ਜ਼ਿੰਮੇਵਾਰੀ ਨਾਲ ਦਿੱਤੇ ਜਾਣ ਵਾਲੇ ਭਾਸ਼ਨ ਪਹਿਲਾਂ ਲਿਖੇ ਜਾਂਦੇ ਹਨ।

ਸ਼ਬਦ ਅਤੇ ਸੁਰਤਿ ਦੇ ਪਰਸਪਰ ਸਬੰਧ ਬਾਰੇ ਗੋਰਖ ਬਾਣੀ ਅਤੇ ਗੁਰੂ ਨਾਨਕ ਬਾਣੀ ਵਿਚ ਜ਼ਿਕਰ ਆਉਂਦਾ ਹੈ। ਸ਼ਬਦ ਨੂੰ ਲਿਖਣ ਦੀ ਇਕਾਈ ਵਰਣ ਜਾਂ ਅੱਖਰ ਹੈ। ਹਰ ਅੱਖਰ ਕਿਸੇ ਨਿਸਚਤ ਧੁਨੀ ਦਾ ਚਿੰਨ੍ਹ ਹੁੰਦਾ ਹੈ ਅਤੇ ਕੁਝ ਅੱਖਰ ਰਲ ਕੇ ਸ਼ਬਦ ਦੀ ਆਵਾਜ਼ ਦਾ ਸੰਕੇਤ ਬਣਦੇ ਹਨ। ਏਨੀ ਮਹਾਨਤਾ ਅਤੇ ਉਪਯੋਗਤਾ ਵਾਲੇ ਅੱਖਰਾਂ ਦੀ ਗੁਰੂ ਨਾਨਕ ਸਾਹਿਬ ਨੇ ਜਪੁ ਬਾਣੀ ਦੀ ਉਨੀਂਵੀਂ ਪੌੜੀ ਵਿਚ ਖ਼ੂਬ ਮਹਿਮਾ ਕੀਤੀ ਹੈ।

ਮੈਂ ਆਪਣੀ ਹੁਣ ਤੱਕ ਦੀ ਜੀਵਨ ਯਾਤਰਾ ਦੌਰਾਨ ਹੋਏ ਅਨੁਭਵਾਂ 'ਚੋਂ ਕਸ਼ੀਦੇ ਜਾਂ ਸੁਣੇ ਵਿਚਾਰਾਂ ਨੂੰ ਅੱਖਰਾਂ ਰਾਹੀਂ ਤੁਹਾਡੇ ਨਾਲ ਸਾਂਝਾ ਕੀਤਾ ਹੈ। ਇਹ ਸਰਗਰਮੀ ਮੇਰੀ ਸੁਰਤਿ ਨੂੰ ਸੁਧਾਰਨ ਵਿਚ ਮੇਰੀ ਮੱਦਦਗਾਰ ਹੋਈ ਹੋਵੇਗੀ। ਇਸ ਪ੍ਰਕਿਰਿਆ ਦੌਰਾਨ ਹੋਈਆਂ ਭੁੱਲਾਂ, ਗਲਤੀਆਂ ਜਾਂ ਅੱਖਰ ਵਾਧੇ-ਘਾਟੇ ਲਈ ਖਿਮ੍ਹਾਂ ਦਾ ਜਾਚਕ ਹਾਂ।

Original by;
Jaswant Singh Zafar
Digitized by;
Panjab Digital Library



Original with;
Jaswant Singh Zafar
Digitized by;
Panjab Digital Library



ਇਸੇ ਕਲਮ ਤੋਂ:

ਦੋ ਸਾਹਾਂ ਵਿਚਕਾਰ
(ਕਾਵਿ-ਸੰਗ੍ਰਹਿ) 1993

ਅਸੀਂ ਨਾਨਕ ਦੇ ਕੀ ਲੱਗਦੇ ਹਾਂ
(ਕਾਵਿ-ਸੰਗ੍ਰਹਿ) 2001

ਸਿਖੁ ਸੁ ਖੋਜਿ ਲਹੈ
(ਵਾਰਤਕ) 2007

ਇਹ ਬੰਦਾ ਕੀ ਹੁੰਦਾ
(ਕਾਵਿ-ਸੰਗ੍ਰਹਿ) 2010

ਮੈਨੂੰ ਇਉਂ ਲੱਗਿਆ
(ਵਾਰਤਕ) 2015

ਭਗਤੁ ਸਤਿਗੁਰੂ ਹਮਾਰਾ
(ਵਾਰਤਕ) 2016

ਲਫ਼ਜ਼ਾਂ ਦਾ ਪਰਲਾ ਪੱਤਣ/
The Other Shore of Words
(ਕਾਵਿ-ਸੰਗ੍ਰਹਿ) 2016

ਪਿਆਰੇ ਆਉ ਘਰੇ
(ਕਾਵਿ-ਸੰਗ੍ਰਹਿ) 2019

ਡੁੱਬਾ ਦਰਿਆ
(ਨਾਟਕ) 2019

ਨਾਨਕ ਏਵੈ ਜਾਣੀਐ
(ਵਾਰਤਕ) 2021

*Original with:*
Jaswant Singh Zafar
*Digitized by:*
Panjab Digital Library



*Original with;*
Jaswant Singh Zafar
*Digitized by;*
Panjab Digital Library



*Original with;*
Jaswant Singh Zafar
*Digitized by;*
Panjab Digital Library

B-089565

ਜਸਵੰਤ ਸਿੰਘ ਜ਼ਫ਼ਰ ਬੜਾ ਸੁਲਝਿਆ ਹੋਇਆ ਅਨੁਭਵੀ ਇਨਸਾਨ ਹੋਣ ਦੇ ਨਾਲ ਨਾਲ ਗਹਿਰੀ ਅਤੇ ਵਿਸ਼ਾਲ ਸ਼ਖ਼ਸੀਅਤ ਵਾਲਾ ਸਾਹਿਤਕਾਰ ਹੈ। ਉਸ ਦੀਆਂ ਲਿਖਤਾਂ ਪਾਠਕਾਂ ਦੀ ਸੋਚ ਅਤੇ ਸੂਝ ਨੂੰ ਨਿਖਾਰਨ ਵਾਲੀਆਂ ਹੁੰਦੀਆਂ ਹਨ। ਉਸ ਨੇ ਆਪਣੇ ਜੀਵਨ ਅਨੁਭਵ ਦੇ ਨਿਚੋੜ ਨੂੰ ਕਲਮਬੰਦ ਕਰਕੇ ਪੰਜਾਬੀ ਦੀ ਇਹ ਮੁੱਲਵਾਨ ਕਿਤਾਬ ਤਿਆਰ ਕੀਤੀ ਹੈ। ਸਾਨੂੰ ਇਸ ਤਰ੍ਹਾਂ ਦੀਆਂ ਲਿਖਤਾਂ ਦੀ ਬੜੀ ਲੋੜ ਹੈ।

*ਸਰਦਾਰਾ ਸਿੰਘ ਜੌਹਲ*
(ਉੱਘੇ ਦਾਨਿਸ਼ਵਰ ਤੇ ਅਰਥ ਸ਼ਾਸਤਰੀ)

ਜ਼ਫਰ ਜੀ ਵਾਲੇ ਚਮੇਲੀ ਦੇ ਫੁੱਲ ਸਭ ਦੇ ਘਰ ਖਿੜਨੇ ਚਾਹੀਦੇ ਨੇ। ਮੇਰੀ ਅਕਲ ਨੂੰ ਮਹਿਕਣ ਲਾ ਦਿੱਤਾ। ਇਹ ਕਿਤਾਬ ਹੁਣ ਪੱਕੇ ਆੜੀ ਵਾਂਗੂੰ ਮੇਰੇ ਨਾਲ ਹੀ ਰਹੂ। ਹਰ ਸੰਵਾਦ ਜੋ ਹੈ ਉਹ ਸਵਾਦ, ਗਿਆਨ ਤੇ ਜਿਊਣ ਦੇ ਮੰਤਰਾਂ ਨਾਲ ਭਰਪੂਰ ਹੈ। ਇਸ ਵੇਲੇ ਪੰਜਾਬ ਨੂੰ ਇਸ ਤਰ੍ਹਾਂ ਦੀਆਂ ਕਿਤਾਬਾਂ ਪੜ੍ਹਨ ਦੀ ਸਭ ਤੋਂ ਵੱਧ ਜ਼ਰੂਰਤ ਹੈ।

*ਰਾਣਾ ਰਣਬੀਰ*
(ਪ੍ਰਸਿੱਧ ਫਿਲਮੀ ਹਸਤੀ)

ਚੰਨ ਕਿਤੇ ਹੋਰ ਚੜ੍ਹਦਾ, ਪਾਣੀ ਕਿਤੇ ਹੋਰ ਚੜ੍ਹਦਾ, ਸੂਰਜ ਕਿਤੇ ਹੋਰ ਚੜ੍ਹਦਾ, ਫੁੱਲ ਕਿਤੇ ਹੋਰ ਖਿੜਦਾ। ਜੜ੍ਹ ਕੀਤੇ ਹੋਰ ਹੁੰਦੀ ਹੈ, ਫਲ ਕਿੱਤੇ ਹੋਰ ਲੱਗਦਾ। ਇਸ ਤਰ੍ਹਾਂ ਮਹਿਸੂਸ ਕਰਾਉਂਦੀ ਹੈ ਇਹ ਕਿਤਾਬ।

*ਤੇਜ ਪ੍ਰਤਾਪ ਸਿੰਘ ਸੰਧੂ*
(ਪ੍ਰਸਿੱਧ ਫੋਟੋ ਕਲਾਕਾਰ)



Chetna Parkashan
Punjabi Bhawan, Ludhiana, Punjab, India

Original with,
Jaswant Singh Zafar
Digitized by
Panjab Digital Library